Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763





Ad Space is Available.
Contact us at:
847-359-0746



COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587







Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 13; March 29, 2025
20451 N. Plum Grove Rd., Palatine, IL 60074
Ph:847-359-0746, Fax:847-705-9388


## ਜਥੇਦਾਰਾਂ ਦੀ ਯੋਗਤਾ, ਨਿਯੁਕਤੀ ਅਤੇ ਸੇਵਾਮੁਕਤੀ ਬਾਰੇ ਬਣਨਗੇ ਨਿਯਮ: ਧਾਮੀ

### 'ਇਕ ਵਿਅਕਤੀ-ਇਕ ਅਹੁਦਾ' ਦਾ ਸਿਧਾਂਤ ਹੋਵੇਗਾ ਲਾਗੂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅਹਿਮ ਐਲਾਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਖ਼ਾਲੀ ਪਏ ਅਹੁਦੇ ਵਾਸਤੇ ਪੰਥਕ ਸੰਪਰਦਾਵਾਂ ਤੇ ਜਥੇਬੰਦੀਆਂ ਦੀ ਸਲਾਹ ਨਾਲ ਜਲਦ ਹੀ ਨਿਯੁਕਤੀ ਕੀਤੀ ਜਾਵੇਗੀ। ਜਥੇਦਾਰਾਂ ਦੀਆਂ ਪਦਵੀਆਂ ਸੰਬੰਧੀ ਭਵਿੱਖ 'ਚ ਸਿੱਖ ਸੰਪਰਦਾਵਾਂ ਦੀ ਰਾਇ ਨੂੰ ਸ਼੍ਰੋਮਣੀ ਕਮੇਟੀ ਵਲੋਂ ਅਣਡਿੱਠ ਨਹੀਂ ਕੀਤਾ ਜਾਵੇਗਾ ਤੇ ਸਿੰਘ ਸਾਹਿਬਾਨ ਤੇ ਸਿੱਖ ਪੰਥ ਦੀ ਹਰ ਜਥੇਬੰਦੀ ਦਾ ਸਤਿਕਾਰ ਕਾਇਮ ਰੱਖਿਆ ਜਾਵੇਗਾ।

ਅੰਮ੍ਰਿਤਸਰ ਵਿਖੇ ਮੀਡੀਆ ਨੂੰ ਮੁਖ਼ਾਤਿਬ ਹੁੰਦਿਆਂ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਤੇ ਸੇਵਾ ਮੁਕਤੀ ਸੰਬੰਧੀ ਜਲਦ ਹੀ ਨਿਯਮ ਤੈਅ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ ਤੇ ਇਸ ਸੰਬੰਧੀ ਆਉਂਦੇ ਬਜਟ ਇਜਲਾਸ 'ਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਥੇਦਾਰਾਂ ਦੀਆਂ ਸਤਿਕਾਰਤ ਪਦਵੀਆਂ 'ਤੇ 'ਇਕ ਵਿਅਕਤੀ ਇਕ ਅਹੁਦਾ' ਦੀ ਨੀਤੀ ਲਾਗੂ ਕੀਤੀ ਜਾਵੇ। ਉਨਾਂ ਕਿਹਾ ਕਿ ਸਿੱਖ ਰਹੁ ਰੀਤਾਂ, ਪ੍ਰੰਪਰਾਵਾਂ ਅਤੇ ਇਤਿਹਾਸ ਸਾਡਾ ਮਾਰਗ ਦਰਸ਼ਨ ਹਨ, ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ



ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ

ਅਤੇ ਸਮੂਹਿਕ ਤੇ ਸੰਗਠਿਤ ਪ੍ਰਭਾਵ ਨਾਲ ਅੱਗੇ ਵਧਿਆ ਜਾਵੇਗਾ, ਤਾਂ ਜੋ ਕੌਮ ਨੂੰ ਸਮੇਂ-ਸਮੇਂ ਪੇਸ਼ ਆਉਂਦੀਆਂ ਚੁਣੌਤੀਆਂ ਨਾਲ ਜਥੇਬੰਦਕ ਭਾਵਨਾ ਤਹਿਤ ਨਜਿੱਠਿਆ ਜਾ ਸਕੇ। ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮ ਦੀਆਂ ਦੁਸ਼ਮਣ ਤਾਕਤਾਂ ਸਿੱਖ ਸੰਸਥਾਵਾਂ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ। ਜੇਕਰ ਕੌਮ ਨੇ ਇੱਕਜੁੱਟਤਾ ਦਾ ਪ੍ਰਭਾਵ ਨਾ ਦਿੱਤਾ ਤਾਂ ਸਿੱਖ ਵਿਰੋਧੀ ਸ਼ਕਤੀਆਂ ਆਪਣੀ ਮਨਸ਼ਾ ਸਾਹਿਬਾਨ 'ਤੇ ਸੇਵਾ ਨਿਭਾਉਣ ਵਾਲੇ ਜਥੇਦਾਰ ਸਾਹਿਬਾਨ ਦੀ ਰੁਖਸਤੀ ਇਕ ਸਨਮਾਨਜਨਕ ਢੰਗ ਨਾਲ ਕੀਤੀ ਜਾਇਆ ਕਰੇਗੀ ਤੇ ਇਹ ਵੀ ਯਤਨ ਕੀਤਾ ਜਾਵੇਗਾ ਕਿ ਪਿਛਲੇ ਸਮੇਂ ਦੌਰਾਨ ਸੇਵਾਮੁਕਤ ਕੀਤੇ ਸਿੰਘ ਸਾਹਿਬਾਨ ਨੂੰਵਿਚ ਕਾਮਯਾਬ ਹੁੰਦੀਆਂ ਰਹਿਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਤਖ਼ਤ ਸਾਹਿਬਾਨ 'ਤੇ ਸੇਵਾ ਨਿਭਾਉਣ ਵਾਲੇ ਜਥੇਦਾਰ ਸਾਹਿਬਾਨ ਦੀ ਰੁਖਸਤੀ ਇਕ ਸਨਮਾਨਜਨਕ ਢੰਗ ਨਾਲ ਕੀਤੀ ਜਾਇਆ ਕਰੇਗੀ ਤੇ ਇਹ ਵੀ ਯਤਨ ਕੀਤਾ ਜਾਵੇਗਾ ਕਿ ਪਿਛਲੇ ਸਮੇਂ ਦੌਰਾਨ ਸੇਵਾਮੁਕਤ ਕੀਤੇ ਸਿੰਘ ਸਾਹਿਬਾਨ ਨੂੰ ਉਨ੍ਹਾਂ ਵਲੋਂ ਨਿਭਾਈਆਂ ਸੇਵਾਵਾਂ ਬਦਲ ਸਨਮਾਨਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਸੇਵਾ ਵੱਡੀ ਚੁਣੌਤੀ ਤੋਂ ਘੱਟ ਨਹੀਂ ਹੈ, ਜਿਸ ਪ੍ਰਤੀ ਉਹ ਸੁਚੇਤ ਵੀ ਹਨ।

ਜ਼ਿਕਰਯੋਗ ਹੈ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਤਖ਼ਤ ਸਾਹਿਬ ਦੇ ਪੱਕੇ ਜਥੇਦਾਰ ਦੀ ਨਿਯੁਕਤੀ ਅਜੇ ਹੋਣੀ ਬਾਕੀ ਹੈ।

> ***ਅੰਮ੍ਰਿਤਸਰ ਵਿਖੇ ਮੀਡੀਆ ਨੂੰ ਮੁਖ਼ਾਤਿਬ ਹੁੰਦਿਆਂ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਯੋਗਤਾ, ਨਿਯੁਕਤੀ, ਕਾਰਜ ਖੇਤਰ ਤੇ ਸੇਵਾ ਮੁਕਤੀ ਸੰਬੰਧੀ ਜਲਦ ਹੀ ਨਿਯਮ ਤੈਅ ਕੀਤੇ ਜਾਣਗੇ ਅਤੇ ਇਸ ਕਾਰਜ ਵਾਸਤੇ ਉੱਚ ਪੱਧਰੀ ਕਮੇਟੀ ਕਾਇਮ ਹੋਵੇਗੀ ਤੇ ਇਸ ਸੰਬੰਧੀ ਆਉਂਦੇ ਬਜਟ ਇਜਲਾਸ 'ਚ ਮਤਾ ਲਿਆ ਕੇ ਪ੍ਰਵਾਨਗੀ ਲਈ ਜਾਵੇਗੀ।***

## ਗੁਰਦੁਆਰਾ ਕਰਾਊਨ ਪੁਆਇੰਟ ਦੇ ਖਜ਼ਾਨਚੀ ਅਤੇ 'ਪੰਜਾਬ ਟਾਈਮਜ਼ ਸਲਾਹਕਾਰ ਬੋਰਡ' ਦੇ ਮੈਂਬਰ ਸ. ਰਾਜਿੰਦਰ ਸਿੰਘ ਬੈਂਸ ਦਾ ਦੇਹਾਂਤ



ਸ. ਰਾਜਿੰਦਰ ਸਿੰਘ ਬੈਂਸ

**ਸ਼ਿਕਾਗੋ:** ਗੁਰਦੁਆਰਾ ਕਰਾਊਨ ਪੁਆਇੰਟ ਦੇ ਖਜ਼ਾਨਚੀ ਅਤੇ 'ਪੰਜਾਬ ਟਾਈਮਜ਼ ਸਲਾਹਕਾਰ ਬੋਰਡ' ਦੇ ਮੈਂਬਰ ਸ. ਰਾਜਿੰਦਰ ਸਿੰਘ ਬੈਂਸ ਬੀਤੇ ਦਿਨੀਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਲੰਮੇ ਸਮੇਂ ਤੋਂ ਅਮਰੀਕਾ ਵਿਚ ਹੀ ਰਹਿ ਰਹੇ ਸਨ ਅਤੇ ਪਿਛਲੇ ਦਿਨੀਂ ਇੰਡੀਆ ਗਏ ਹੋਏ ਸਨ, ਜਿੱਥੇ ਮਾਮੂਲੀ ਤਕਲੀਫ ਦੇ ਚਲਦਿਆਂ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਹ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਭਰਿਆ ਪੂਰਾ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੇ ਅਚਾਨਕ ਵਿਛੋੜੇ 'ਤੇ ਗੁਰਦੁਆਰਾ ਕਰਾਊਨ ਪੁਆਇੰਟ ਦੇ ਪ੍ਰਧਾਨ ਸ. ਸਰਵਣ ਸਿੰਘ ਟਿਵਾਣਾ ਅਤੇ ਸਕੱਤਰ ਯਾਦਵਿੰਦਰ ਸਿੰਘ ਖਟੜਾ (ਰਿੰਪੀ) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸ. ਰਾਜਿੰਦਰ ਸਿੰਘ ਬੈਂਸ ਪੰਜਾਬ ਟਾਈਮਜ਼ ਦੇ ਸ਼ੁਭ ਚਿੰਤਕ ਸਨ ਅਤੇ ਉਨ੍ਹਾਂ ਹਮੇਸ਼ਾ ਵਧ-ਚੜ੍ਹ ਕੇ ਅਖਬਾਰ ਦੀ ਮਦਦ ਕੀਤੀ। ਉਨ੍ਹਾਂ ਦੇ ਅਚਾਨਕ ਦੇਹਾਂਤ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਨੂੰ ਡੂੰਘਾ ਸਦਮਾ ਲੱਗਿਆ ਹੈ, ਉਥੇ ਹੀ ਅਦਾਰਾ 'ਪੰਜਾਬ ਟਾਈਮਜ਼' ਨੂੰ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦਾ ਸਲਾਹਕਾਰ ਬੋਰਡ ਬੈਂਸ ਪਰਿਵਾਰ ਦੇ ਇਸ ਦੁਖ ਵਿਚ ਸ਼ਰੀਕ ਹੈ। ਹੋਰ ਜਾਣਕਾਰੀ ਲਈ ਯਾਦਵਿੰਦਰ ਸਿੰਘ ਖਟੜਾ (ਰਿੰਪੀ) ਨਾਲ ਫੋਨ ਨੰਬਰ 219-741-9105 'ਤੇ ਸੰਪਰਕ ਕੀਤਾ ਜਾ ਸਕਦਾ ਹੈ।


GOLDEN STATE REALITY
"Realtor You Can Trust"
CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com







Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloodа Kulfi
Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
Additional Services:
- Warmers
- Chaffing Dishes
- China & Silverware
- Linen Rental
- Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS








Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880


# ਕੈਨੇਡਾ ’ਚ ਫੈਡਰਲ ਚੋਣਾਂ 28 ਅਪ੍ਰੈਲ ਨੂੰ

**ਐਡਮਿੰਟਨ:** ਕੈਨੇਡਾ ‘ਚ ਐਤਵਾਰ ਨੂੰ ਫੈਡਰਲ ਚੋਣਾਂ ਦਾ ਬਿਗਲ ਵੱਜ ਗਿਆ। ਮਿੱਥੀ ਤਰੀਕ 27 ਅਕਤੂਬਰ ਤੋਂ ਲਗਪਗ ਛੇ ਮਹੀਨੇ ਪਹਿਲਾਂ 28 ਅਪ੍ਰੈਲ ਨੂੰ ਫੈਡਰਲ ਚੋਣਾਂ ਲਈ ਵੋਟਿੰਗ ਹੋਵੇਗੀ। ਪ੍ਰਧਾਨ ਮੰਤਰੀ ਮਾਰਕ ਕਾਰਨੇ ਨੇ ਅਪਣੇ ਅਹੁਦੇ ਦੀ ਸਹੁੰ ਚੁੱਕਣ ਤੋਂ ਕੁਝ ਦਿਨਾਂ ਬਾਅਦ ਹੀ ਐਤਵਾਰ ਨੂੰ ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਨੂੰ ਮਿਲ ਕੇ ਪਾਰਲੀਮੈਂਟ ਭੰਗ ਕਰ ਕੇ ਚੋਣਾਂ ਕਰਾਉਣ ਲਈ ਕਿਹਾ। ਇਸ ਮੁਲਾਕਾਤ ਤੋਂ ਬਾਅਦ ਹਾਊਸ ਆਫ ਕਾਮਨਸ ਨੂੰ ਭੰਗ ਕੀਤੇ ਜਾਣ ਪਿੱਛੋਂ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਮੌਜੂਦਾ ਭੰਗ ਹੋਈ ਸੰਸਦ ‘ਚ ਲਿਬਰਲਾਂ ਕੋਲ 152, ਕਨਜ਼ਰਵੇਟਿਵ ਕੋਲ 120, ਬਲਾਕ ਕਿਊਬੈਕ ਕੋਲ 33, ਐੱਨਡੀਪੀ ਕੋਲ 24 ਤੇ ਗ੍ਰੀਨ ਪਾਰਟੀ ਕੋਲ 2 ਤੋਂ ਇਲਾਵਾ ਤਿੰਨ ਆਜ਼ਾਦ ਤੇ ਚਾਰ ਖਾਲੀ ਸੀਟਾਂ ਹਨ। ਇਸ ਵਾਰ, ਪਾਰਟੀਆਂ ਨਵੀਂ ਹੱਦਬੰਦੀ ਮੁਤਾਬਕ ਮੁਕਾਬਲਾ ਕਰਨਗੀਆਂ। ਓਨਟਾਰੀਓ ਤੇ ਬੀਸੀ ‘ਚ ਇਸ ਵਾਰ ਇਕ ਇੱਕ ਸੀਟ ਵਾਧੂ ਹੈ ਜਦਕਿ ਅਲਬਰਟਾ ‘ਚ ਤਿੰਨ ਸੀਟਾਂ ਵਧੀਆਂ ਹਨ। ਹੁਣ ਹਾਊਸ ਆਫ ਕਾਮਨਜ਼ ਦੀਆਂ ਪਹਿਲਾਂ ਦੀਆਂ 338 ਦੇ ਮੁਕਾਬਲੇ 343 ਸੀਟਾਂ ਹੋਣਗੀਆਂ। ਚੋਣਾਂ ਦੇ ਐਲਾਨ ਦੇ ਨਾਲ ਹੀ ਵੱਖੋ-ਵੱਖ ਸਿਆਸੀ ਪਾਰਟੀਆਂ ਨੇ ਜ਼ੋਰ-ਸ਼ੋਰ ਨਾਲ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਲਿਬਰਲ ਪਾਰਟੀ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇਪੀਅਨ ਤੋਂ ਚੋਣ ਲੜਨਗੇ।


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**Singh Tax & Accounting Services LLC.**

**SINGH AUTO & HOME INSURANCE**

**Individual & Business Tax related Services**

**ਸੇਵਾਵਾਂ:** *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

**Ph: 248-982-2036**

Office Locations

Michigan:
36167 Ford Rd.Westland, MI 48185

Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com;
www.SinghTaxServices.com



**Mohan Singh MST**
IRS Enrolled agent,
Insurance Agent-
Casualty & Property
Notary Public


## ਖਾਲਿਸਤਾਨ ਸਾਡਾ ਹੱਕ ਹੈ!




23 ਮਾਰਚ 2024 ਨੂੰ ਲਾਸ ਏਂਜਲਸ, ਕੈਲੀਫੋਰਨੀਆ ਵਿਖੇ ਮਹਿੰਦਰ ਪਾਲ ਸਿੰਘ ਨੇ ਖਾਲਿਸਤਾਨ ਰੈਫਰੰਡਮ ‘ਤੇ ਆਪਣੀ ਵੋਟ ਪਾਉਣ ਤੋਂ ਬਾਅਦ ਕਿਹਾ ਕਿ ਇਹ ਇੱਕ ਇਤਿਹਾਸਕ ਅਤੇ ਭਾਵਨਾਤਮਕ ਪਲ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਦੁਨੀਆ ਇਸ ਗੱਲ ਦੀ ਕਦਰ ਕਰੇਗੀ ਕਿ ਸਿੱਖ ਭਾਈਚਾਰਾ ਆਪਣੇ ਹੱਕ ਅਤੇ ਸਵੈ-ਨਿਰਣੇ ਲਈ ਬਹੁਤ ਹੀ ਸ਼ਾਂਤੀਪੂਰਨ ਅਤੇ ਲੋਕਤੰਤਰੀ ਤਰੀਕੇ ਨਾਲ ਲੜ ਰਿਹਾ ਹੈ। ਉਨ੍ਹਾਂ ਪੰਥਕ ਏਕਤਾ ਦੀ ਅਪੀਲ ਕੀਤੀ ਅਤੇ ਕਾਮਨਾ ਕੀਤੀ ਕਿ ਜਲਦੀ ਹੀ ਖਾਲਿਸਤਾਨ ਦੁਨੀਆ ਦੇ ਨਕਸ਼ੇ ‘ਤੇ ਆਵੇ।


**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**



ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease, At any Age, Try Alternative Treatment

Homeopathic Natural Medicines
Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577 State of CA



Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org


# Matrimonials

## ਲੜਕੇ ਦੀ ਲੋੜ ਹੈ

US citizen Nai girl 27, 5'6" is looking for a suitable match. She has done DMD (Doctor of Dental medicine) and never married. She is working as a dentist. Entire family is in the USA. Seeking an educated and well settled boy in the USA. Preference to same caste Please contact at: 937-776-6474 11-14

Jat Sikh Grewal family looking for a compatible match for their Us born and raised 30, 5'8". homely sweet MD working daughter. Please contact us at: 414-737-8624 or E-mail: ranigrewal72@gmail. Com 10-13

## ਲੜਕੀ ਦੀ ਲੋੜ ਹੈ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5'9'', ਦਸਤਾਰਧਾਰੀ, ਯੂ.ਐਸ.ਏ. ਵਿਚ ਜਾਰਜੀਆ ਯੂਨੀਵਰਸਿਟੀ ਵਿਚ ਸਕਾਲਰਸ਼ਿਪ 'ਤੇ ਪੀਐਚ.ਡੀ ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਬਠਿੰਡਾ ਵਿਚ ਦਸ ਏਕੜ ਜ਼ਮੀਨ, ਕੋਈ ਭੈਣ-ਭਰਾ ਨਹੀਂ। ਚਾਹਵਾਨ ਵ੍ਹਟਸਐਪ ਨੰਬਰ (706) 206-2516 'ਤੇ ਸੰਪਰਕ ਕਰਨ। 13-16

Wanted US or Canada resident girl for 34 years, 5'6" Jatt Sikh, Dhillon, boy, BCA completed, resides in Punjab, raised by single mother, no siblings, hard working, respectful and positive outlook on life, open to single mothers/ divorcee. Have relatives settled in California. Direct party please contact: Asidhu2012@gmail.com 12-15

Looking for a suitable Jatt Sikh match in the USA/Canada for our well-settled boy (Canada PR), born in 1993, 5'10" tall, residing in Winipeg, Canada. Please contact: gsbagri2@gmail.com, +16046216056 (whatsapp). 11-14

**Seeking a suitable match** (American citizen or Permanent Resident) for a 1992-born in Punjab, Boy, 5'8'' Education: B.Tech, MBA, MS in Business Analytics. Currently working as a **Business Analyst** in Chicago, USA. Belongs to a well-educated family: father (Retd. Principal), mother (Retd. Lecturer), and one elder brother (married, Production Engineer in the US). Looking for an educated and professional match. Caste No bar. Please contact at +91-7589242016(Whatsapp) and +1-7204996020 9-12

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com







ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746
To Advertise in Punjab Times:
Please Contact: 847-359-0746

# ਸ. ਰਾਜਿੰਦਰ ਸਿੰਘ ਬੈਂਸ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ!

'ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ' ਦੇ ਮੈਂਬਰ, ਸ਼ੁਭ ਚਿੰਤਕ ਅਤੇ ਹਮਦਰਦ ਸ. ਰਾਜਿੰਦਰ ਸਿੰਘ ਬੈਂਸ ਲੰਘੀ, 16 ਮਾਰਚ, 2025 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਹਨ। ਉਹ ਇੰਡੀਆ ਗਏ ਹੋਏ ਸਨ, ਜਿੱਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਹ ਲੰਮੇ ਸਮੇਂ ਤੋਂ 'ਪੰਜਾਬ ਟਾਈਮਜ਼' ਨਾਲ ਜੁੜੇ ਹੋਏ ਸਨ ਅਤੇ ਹਮੇਸ਼ਾ ਅਖਬਾਰ ਦੀ ਮਦਦ ਲਈ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਸਾਡੇ ਦਿਲਾਂ ਨੂੰ ਡੂੰਘਾ ਸਦਮਾ ਲੱਗਾ ਹੈ। ਉਨ੍ਹਾਂ ਦੇ ਜਾਣ ਨਾਲ ਪੰਜਾਬੀ ਭਾਈਚਾਰੇ ਅਤੇ 'ਪੰਜਾਬ ਟਾਈਮਜ਼' ਨੂੰ ਵੱਡਾ ਘਾਟਾ ਪਿਆ ਹੈ। ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰ ਸ. ਰਾਜਿੰਦਰ ਸਿੰਘ ਬੈਂਸ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹਨ।



*ਸ. ਰਾਜਿੰਦਰ ਸਿੰਘ ਬੈਂਸ*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਸੁਰਿੰਦਰ ਸਿੰਘ ਸੁੰਨੜ | ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਨੇ ਕਰਵਾਇਆ ਗ਼ਦਰੀ ਬਾਬਿਆਂ ਨੂੰ ਸਮਰਪਿਤ ਮੇਲਾ

## ਡਾ. ਹਰਸ਼ਿੰਦਰ ਕੌਰ ਨੇ ਪੰਜਾਬ ਦੇ ਹਾਲਾਤ 'ਤੇ ਪ੍ਰਗਟਾਈ ਚਿੰਤਾ

**ਫਰਿਜ਼ਨੋ:** ਇੱਥੋਂ ਦੀ ਗ਼ਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਜਿਹੜੀ ਕਿ ਸਮੇਂ-ਸਮੇਂ ਦੇਸ਼ ਭਗਤਾਂ ਦੀ ਯਾਦ ਵਿਚ ਸਮਾਗਮ ਕਰਵਾ ਕੇ ਸਾਡੀ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀ ਸੋਚ ਤੋਂ ਜਾਣੂ ਕਰਵਾਉਣ ਲਈ ਸਾਰਥਕ ਉਪਰਾਲੇ ਕਰਦੀ ਰਹਿੰਦੀ ਹੈ। ਇਸ ਸੰਸਥਾ ਵੱਲੋਂ ਬੀਤੇ ਐਤਵਾਰ ਸ਼ਹੀਦ ਸੁਖਦੇਵ ਥਾਪਰ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸ਼ਿਵਰਾਮ ਰਾਜਗੁਰੂ ਨੂੰ ਸਮਰਪਿਤ ਗ਼ਦਰੀ ਬਾਬਿਆਂ ਦਾ 23ਵਾਂ ਮੇਲਾ ਸਥਾਨਕ ਮੇਲਾ ਸੈਂਟਰਲ ਹਾਈ ਸਕੂਲ ਦੇ ਆਡੀਟੋਰੀਅਮ ਵਿਖੇ ਕਰਵਾਇਆ ਗਿਆ।

ਮੇਲੇ ਦੀ ਸ਼ੁਰੂਆਤ ਸਟੇਜਾਂ ਦੀ ਮਲਕਾ ਬੀਬੀ ਆਸ਼ਾ ਸ਼ਰਮਾ ਵੱਲੋਂ ਸ਼ਹੀਦਾਂ ਦੀ ਯਾਦ ਵਿਚ ਸ਼ਰਧਾ ਭਰੇ ਸ਼ਬਦਾਂ ਦੁਆਰਾ ਕੀਤੀ ਗਈ। ਉਪਰੰਤ ਸੰਸਥਾ ਦੇ ਸੈਕਟਰੀ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਜੀ ਆਇਆਂ ਕਹਿਣ ਨਾਲ ਕੀਤਾ। ਸੰਸਥਾ ਦੇ ਮੈਂਬਰ ਅਤੇ ਲੇਖਕ ਇੰਦਰਜੀਤ ਚੁਗਾਵਾਂ ਨੇ ਵੀ ਸਟੇਜ ਤੋਂ ਹਾਜ਼ਰੀ ਭਰੀ। ਜਦਕਿ ਡਾ. ਅਰਜੁਨ ਜੋਸਨ, ਪਰਗਟ ਸਿੰਘ ਧਾਲੀਵਾਲ ਅਤੇ ਸੈਂਟਰਲ ਵੈਲੀ ਤੋਂ ਕਾਂਗਰਸਮੈਨ ਜਿੰਮ ਕੌਸਟਾ ਅਤੇ ਹੋਰ ਬੁਲਾਰਿਆਂ ਨੇ ਵੀ ਹਾਜ਼ਰੀਨ ਨੂੰ ਸੰਬੋਧਿਤ ਕੀਤਾ। ਗਾਇਕਾ ਬੀਬੀ ਜੋਤ ਰਣਜੀਤ, ਰੂਬੀ, ਗਾਇਕ ਜੀਤਾ ਗਿੱਲ, ਕਮਲਜੀਤ ਬੈਨੀਪਾਲ ਅਤੇ ਰਾਜ ਬਰਾੜ ਯਮਲਾ ਆਦਿ ਨੇ ਇੱਕ ਇੱਕ ਗੀਤ ਗਾ ਕੇ ਮੇਲੇ ਵਿਚ ਹਾਜ਼ਰੀ ਲਵਾਈ।

ਇਸ ਮੌਕੇ ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਡਾ. ਹਰਸ਼ਰਨ ਕੌਰ ਬਤੌਰ ਮੁੱਖ ਮਹਿਮਾਨ ਪਹੁੰਚੇ ਸਨ, ਜਿਨ੍ਹਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮੂਹ ਹਾਜ਼ਰੀਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਨ ਤੋਂ ਇਲਾਵਾ ਅੱਜ ਦੇ ਸਮੇਂ ਅੰਦਰ ਪੰਜਾਬ ਲੋਕਾਂ ਦੀ ਤ੍ਰਾਸਦੀ, ਨਸ਼ਿਆਂ ਦਾ ਹੜ੍ਹ, ਔਰਤਾਂ ਦੀ ਸੁਰੱਖਿਆ ਆਦਿਕ ਬਹੁਤ ਸਾਰੇ ਵਿਸ਼ਿਆਂ ਉੱਤੇ ਵਿਚਾਰਾਂ ਦੀ ਸਾਂਝ ਪਾਈ। ਸੰਸਥਾ ਵੱਲੋਂ ਡਾ. ਹਰਸ਼ਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜੀ.ਐਚ.ਜੀ. ਡਾਂਸ ਐਂਡ ਸੰਗੀਤ ਅਕੈਡਮੀ ਅਤੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਗਿੱਧੇ ਭੰਗੜੇ ਦੀ ਪੇਸ਼ਕਾਰੀ ਕਰ ਕੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਸੰਸਥਾ ਦੇ ਮੈਂਬਰ ਡਾ. ਹਰਮਨਪ੍ਰੀਤ ਗਿੱਲ ਵੱਲੋਂ ਬੱਚਿਆਂ ਦੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ 4.0 ਜੀ ਪੀ ਏ ਵਾਲੇ ਬੱਚਿਆਂ ਨੂੰ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਵੀਡੀਓ ਅਤੇ ਫੋਟੋਗ੍ਰਾਫੀ ਦੀ ਸੇਵਾ ਸ਼ਿਆਰਾ ਸਿੰਘ ਢੀਂਡਸਾ 'ਓਮਨੀ ਵੀਡੀਓ' ਬੇਕਰਸਫੀਲਡ ਨੇ ਕੀਤੀ। ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਹਰਜਿੰਦਰ ਢੇਸੀ ਨੇ ਬਾਖ਼ੂਬੀ ਕੀਤਾ। ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧ ਬਹੁਤ ਵਧੀਆ ਤਰੀਕੇ ਨਾਲ ਕੀਤੇ ਹੋਏ ਸਨ। ਸਥਾਨਕ ਮੀਡੀਆ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਸਰਗਰਮ ਮੈਂਬਰ ਸੁਰਿੰਦਰ ਸਿੰਘ ਮੰਢਾਲੀ ਨੇ ਸਾਰੇ ਭਾਈਚਾਰੇ ਦਾ ਸਹਿਯੋਗ ਦੇਣ ਅਤੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਮੇਲੇ ਦੌਰਾਨ ਹਾਜ਼ਰੀਨ ਲਈ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤਿਆ। ਅੰਤ ਹਾਜ਼ਰੀਨ ਦੇ ਭਾਰੀ ਇਕੱਠ ਦੌਰਾਨ ਇਹ ਮੇਲਾ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿਬੜਿਆ।





*-ਰਿਪੋਰਟ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

# ਜੀ.ਐਚ.ਜੀ. ਅਕੈਡਮੀ ਫਰਿਜ਼ਨੋ ਦੇ ਵਿਰਾਸਤੀ ਖੇਡ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ

## ਬਜ਼ੁਰਗਾਂ ਨੇ ਵੀ ਯਾਦ ਕੀਤੇ ਬਚਪਨ ਦੇ ਦਿਨ

**ਫਰਿਜ਼ਨੋ:** ਜੀ.ਐਚ.ਜੀ. ਅਕੈਡਮੀ ਵੱਲੋਂ ਕਰਵਾਏ ਗਏ ਗਿਆਰ੍ਹਵੇਂ ਬਾਲ ਵਿਰਾਸਤੀ ਖੇਡ ਮੇਲੇ ਦੌਰਾਨ ਭਾਰੀ ਰੌਣਕਾਂ ਲੱਗੀਆਂ। ਜਿਸ ਦਾ ਹਾਜ਼ਰੀਨ ਨੇ ਖ਼ੂਬ ਆਨੰਦ ਮਾਣਿਆ। ਇਸ ਪਰਿਵਾਰਕ ਪਿਕਨਿਕ ਅਤੇ ਮੇਲੇ ਦੇ ਮੁੱਖ ਪ੍ਰਬੰਧਕਾਂ ਵਿਚੋਂ ਪਰਮਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੇਲੇ ਦੀ ਸ਼ੁਰੂਆਤ ਗੁਰਦੀਪ ਸਿੰਘ ਸ਼ੇਰਗਿੱਲ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਕੀਤੀ। ਉਨ੍ਹਾਂ ਬਤੌਰ ਸੰਚਾਲਕ ਪ੍ਰੋਗਰਾਮ ਨੂੰ ਚਾਰ ਚੰਨ ਲਾਏ ਅਤੇ ਜਸਪ੍ਰੀਤ ਸਿੱਧੂ ਨੇ ਉਨ੍ਹਾਂ ਦਾ ਸਾਥ ਦਿੱਤਾ। ਮੇਲੇ ਵਿਚ ਹਿੱਸਾ ਲੈਣ ਆਏ ਡਲੀਨੋਂ ਤੋਂ ਹੋਣਹਾਰ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ ਅਤੇ ਭਾਈ ਕੁਲਵੰਤ ਸਿੰਘ ਖਹਿਰਾ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਮਾਰਚ ਪਾਸਟ ਉਪਰੰਤ ਅਮੈਰਿਕਨ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ। ਉਪਰੰਤ ਖੇਡਾਂ ਦੀ ਸ਼ੁਰੂਆਤ ਗੱਤਕੇ ਨਾਲ ਹੋਈ। ਸ. ਨਛੱਤਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕੈਲੇਫੋਰਨੀਆ ਗੱਤਕਾ ਦਲ (ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼) ਦੇ ਅਣਖੀਲੇ ਸ਼ੇਰਾਂ ਵਲੋਂ ਦਿਖਾਏ ਗੱਤਕੇ ਦੇ ਪ੍ਰਭਾਵਸ਼ਾਲੀ ਅਤੇ ਹੈਰਾਨੀਜਨਕ ਜੌਹਰਾਂ ਨੇ ਮੇਲੇ ਨੂੰ ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਰੰਗ ਵਿਚ ਰੰਗ ਦਿੱਤਾ। ਹੋਰ ਖੇਡਾਂ ਵਿਚ ਰੱਸਾਕਸ਼ੀ, ਬਾਂਦਰ ਕੀਲਾ, ਬਾਸਕਿਟ ਬਾਲ, ਰੁਮਾਲ ਚੁੱਕਣਾ, ਚਾਟੀ ਦੌੜ, ਟੌਚਨ, ਘੋੜਾ ਕਬੱਡੀ, ਚਮਚਾ ਦੌੜ, ਤਿੰਨ ਟੰਗੀ ਦੌੜ ਤੋਂ ਇਲਾਵਾ ਹੋਰ ਵੀ ਪੁਰਾਤਨ ਅਤੇ ਪੇਂਡੂ ਵਿਰਾਸਤੀ ਖੇਡਾਂ ਸ਼ਾਮਲ ਸਨ।

ਅਕੈਡਮੀ ਦੇ ਸੰਸਥਾਪਕ ਡਾ: ਦਲਜਿੰਦਰ ਸਿੰਘ ਜੌਹਲ ਨੇ ਪ੍ਰਬੰਧਕਾਂ ਅਤੇ ਬੱਚਿਆਂ ਨੂੰ ਸ਼ੁਭ ਇੱਛਾਵਾਂ ਭੇਜੀਆਂ। ਉਹ ਲਾਈਵ ਪ੍ਰਸਾਰਣ ਦਾ ਅਨੰਦ ਮਾਣ ਰਹੇ ਸਨ। ਬੱਚਿਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ ਸਤਿਕਾਰ ਯੋਗ ਬਾਬੇ ਸਾਰਾ ਦਿਨ ਤਾਸ਼ ਖੇਡਦੇ ਹੋਏ ਆਪੋ ਆਪਣੇ ਪਿੰਡਾਂ ਦੀਆਂ ਸੱਥਾਂ ਦੀ ਯਾਦ ਤਾਜ਼ਾ ਕਰ ਰਹੇ ਸਨ। ਤਾਸ਼ ਦੀ ਸੀਪ ਦਾ ਮੁਕਾਬਲਾ ਦਿਲਚਸਪ ਰਿਹਾ। ਪੰਜਾਬੀਆਂ ਦੇ ਮਾਣ ਉਲੰਪੀਅਨ ਬਲਜੀਤ ਸਿੰਘ ਸੈਣੀ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆਂ ਜ਼ਿੰਦਗੀ ਵਿਚ ਖੇਡਾਂ ਦੀ ਮਹੱਤਤਾ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਅਕੈਡਮੀ ਦੀਆਂ ਸੱਤ ਸਮੁੰਦਰੋਂ ਪਾਰ ਸਮਾਜ ਅਤੇ ਬੱਚਿਆਂ ਪ੍ਰਤੀ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ। ਮੇਲੇ ਦੌਰਾਨ ਸਾਰਾ ਦਿਨ ਮੌਸਮ ਵੀ ਠੀਕ ਰਿਹਾ ਅਤੇ ਖੇਡਾਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਹੁੰਦੀਆਂ ਰਹੀਆਂ। ਗਰਾਊਂਡਾਂ ਨੂੰ ਇੱਕ ਮਿੰਟ ਦਾ ਵੀ ਵਿਹਲ ਨਹੀਂ ਮਿਲਿਆ। ਬਜ਼ੁਰਗਾਂ ਨੇ ਇਹ ਖੇਡਾਂ ਵੇਖ ਕੇ ਆਪਣੇ ਵੇਲਿਆਂ ਨੂੰ ਯਾਦ ਕੀਤਾ, ਜਦੋਂ ਉਹ ਆਪਣੇ ਸਾਥੀਆਂ ਨਾਲ ਇਹ ਖੇਡਾਂ ਖੇਡਿਆ ਕਰਦੇ ਸਨ।

ਸਮੁੱਚੇ ਪ੍ਰੋਗਰਾਮ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਬੱਚਿਆਂ ਅਤੇ ਦਰਸ਼ਕਾਂ ਨੇ ਖੇਡ ਮੇਲੇ ਦਾ ਖ਼ੂਬ ਆਨੰਦ ਮਾਣਿਆ। ਹਰ ਕੋਈ ਇਹੀ ਚਰਚਾ ਕਰ ਰਿਹਾ ਸੀ ਕਿ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਸੱਭਿਆਚਾਰ, ਪੰਜਾਬੀਅਤ ਅਤੇ ਵਿਰਾਸਤੀ ਜੜ੍ਹਾਂ ਨਾਲ ਜੋੜਨ ਦਾ ਅਕੈਡਮੀ ਦਾ ਇਹ ਬਹੁਤ ਹੀ ਨਿੱਗਰ ਉਪਰਾਲਾ ਹੈ। ਡਾ. ਅਜੀਤ ਸਿੰਘ ਖੈਹਰਾ ਅਤੇ ਜੈਕਾਰਾ ਮੂਵਮੈਂਟ ਵੱਲੋਂ ਮੈਡੀਕਲ ਕੈਂਪ ਵੀ ਲਾਇਆ ਗਿਆ ਸੀ। ਅਕੈਡਮੀ ਦੇ ਮੁੱਖ ਮੈਂਬਰਾਂ ਵਿਚੋਂ ਸ. ਉਦੈਦੀਪ ਸਿੰਘ ਸਿੱਧੂ ਨੇ ਕਿਹਾ ਕਿ ਅਜਿਹੇ ਸਮਾਗਮ ਹਰ ਸ਼ਹਿਰ ਵਿਚ ਹੋਣੇ ਚਾਹੀਦੇ ਹਨ। ਇਸ ਸਮੇਂ ਹਰ ਉਮਰ ਦੇ ਬੱਚਿਆਂ ਲਈ ਵੱਖ-ਵੱਖ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ। ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੇ ਵੀ ਹਿੱਸਾ ਲਿਆ। ਮਾਪਿਆਂ ਅਤੇ ਬੱਚਿਆਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਸਾਡੇ ਬੱਚੇ ਸਾਡਾ ਭਵਿੱਖ ਹਨ। ਸਮੂਹ ਪ੍ਰਬੰਧਕ, ਪੰਜਾਬੀ ਭਾਈਚਾਰਾ, ਯੂਥ ਵਿੰਗ, ਮਾਪੇ, ਸਹਿਯੋਗੀ ਸੰਸਥਾਵਾਂ ਅਤੇ ਸਪਾਂਸਰ ਵਧਾਈ ਦੇ ਪਾਤਰ ਹਨ।





# ਕੇਂਦਰੀ ਪੰਜਾਬੀ ਲੇਖਕ ਸਭਾ ਕਰਵਾਏਗੀ ਨਾਟਕ 'ਰਾਹਾਂ ਵਿਚ ਅੰਗਿਆਰ ਬੜੇ ਸੀ'

## ਸ਼ਾਇਰ ਸੁਸ਼ੀਲ ਦੁਸਾਂਝ ਦੀ ਪੁਸਤਕ 'ਪੀਲੀ ਧਰਤੀ ਕਾਲਾ ਅੰਬਰ' ਵੀ ਹੋਵੇਗੀ ਲੋਕ ਅਰਪਣ

ਅੰਮ੍ਰਿਤਸਰ: ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਮਰਹੂਮ ਸ਼ਾਇਰ ਦੇਵ ਦਰਦ ਦੀ ਯਾਦ ਨੂੰ ਸਮਰਪਿਤ ਨਾਟਕ 'ਰਾਹਾਂ ਵਿਚ ਅੰਗਿਆਰ ਬੜੇ ਸੀ' ਦਾ 50ਵਾਂ ਸ਼ੋਅ ਮੰਚਨ ਕੀਤਾ ਜਾ ਰਿਹਾ ਹੈ ਅਤੇ ਇਸ ਅਵਸਰ 'ਤੇ ਸ਼ਾਇਰ ਸੁਸ਼ੀਲ ਦੁਸਾਂਝ ਦੀ ਪੁਸਤਕ 'ਪੀਲੀ ਧਰਤੀ ਕਾਲਾ ਅੰਬਰ' ਵੀ ਲੋਕ ਅਰਪਣ ਕੀਤੀ ਜਾਵੇਗੀ।

ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਅਤੇ ਕੋ-ਕਨਵੀਨਰ ਪ੍ਰਤੀਕ ਸਹਿਦੇਵ ਨੇ ਦੱਸਿਆ ਕਿ ਕੌਮਾਂਤਰੀ ਰੰਗ ਮੰਚ ਦਿਵਸ ਉੱਤੇ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਹੋਣ ਵਾਲਾ ਇਹ ਨਾਟਕ ਅਕਸ ਰੰਗ ਮੰਚ ਸਮਰਾਲਾ ਦੀ ਪੇਸ਼ਕਸ਼ ਹੈ ਜਦਕਿ ਇਸ ਨਾਟਕ ਦੇ ਡਾਇਰੈਕਟਰ ਰਾਜਵਿੰਦਰ ਸਮਰਾਲਾ ਹਨ ਅਤੇ ਇਸ ਇਕ ਪਾਤਰੀ ਨਾਟਕ ਵਿਚ ਅਦਾਕਾਰੀ ਕਮਲਜੀਤ ਕੌਰ ਦੀ ਹੋਵੇਗੀ।

ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ 28 ਮਾਰਚ ਸ਼ੁਕਰਵਾਰ ਦੁਪਹਿਰ 12 ਵਜੇ ਹੋਣ ਵਾਲੇ ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਵਰਿਆਮ ਸਿੰਘ ਸੰਧੂ, ਵਿਸ਼ੇਸ਼ ਮਹਿਮਾਨ ਡਾ. ਲਖਵਿੰਦਰ ਸਿੰਘ ਜੌਹਲ ਹੋਣਗੇ ਅਤੇ ਸਮੁੱਚੇ ਸਮਾਗਮ ਦੀ ਪ੍ਰਧਾਨਗੀ ਦਰਸ਼ਨ ਬੁੱਟਰ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਕਰਨਗੇ।




ਕੇਂਦਰੀ ਸਭਾ ਦੇ ਬੈਨਰ ਹੇਠ ਹੋਣ ਵਾਲੇ ਸਮਾਗਮ ਦਾ ਪੋਸਟਰ

# ਮੋਦੀ-ਯੂਨੁਸ ਮੀਟਿੰਗ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ ਸਰਕਾਰ

**ਨਵੀਂ ਦਿੱਲੀ:** ਭਾਰਤ ਸਰਕਾਰ ਹੁਣ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸ਼ਲਾਹਕਾਰ ਮੁਹੰਮਦ ਯੂਨੁਸ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਆਉਣ ਵਾਲੇ ਬਿਮਸਟੈਕ (ਬਹੁ-ਖੇਤਰੀ ਤਕਨੀਕੀ ਤੇ ਆਰਥਿਕ ਸਹਿਯੋਗ ਲਈ ਬੰਗਾਲ ਦੀ ਖਾੜੀ ਪਹਿਲ) ਸਿਖਰ ਸੰਮੇਲਨ 'ਚ ਦੁਵੱਲੀ ਮੀਟਿੰਗ ਲਈ ਬੰਗਲਾਦੇਸ਼ ਦੀ ਅਪੀਲ 'ਤੇ ਵਿਚਾਰ ਕਰ ਰਹੀ ਹੈ। ਇਹ ਜਾਣਕਾਰੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਇਕ ਸੰਸਦੀ ਕਮੇਟੀ ਦੀ ਮੀਟਿੰਗ 'ਚ ਸਾਰੇ ਮੈਂਬਰਾਂ ਨੂੰ ਦਿੱਤੀ। ਸਰੋਤਾਂ ਨੇ ਦੱਸਿਆ ਕਿ ਵਿਦੇਸ਼ ਮਾਮਲਿਆਂ ਦੀ ਸੰਸਦੀ ਸਲਾਹਕਾਰ ਕਮੇਟੀ ਦੀ ਸ਼ਨਿਚਰਵਾਰ ਨੂੰ ਇਸ ਸਾਲ ਦੀ ਪਹਿਲੀ ਬੈਠਕ 'ਚ ਕਈ ਸੰਸਦ ਮੈਂਬਰਾਂ ਨੇ ਬੰਗਲਾਦੇਸ਼ 'ਚ ਹਿੰਦੂਆਂ 'ਤੇ ਹਮਲਿਆਂ 'ਤੇ ਚਿੰਤਾ ਪ੍ਰਗਟਾਈ ਤੇ ਪੁੱਛਿਆ ਕਿ ਭਾਰਤ ਇਸ ਸਬੰਧੀ ਕੀ ਕਦਮ ਚੁੱਕ ਰਿਹਾ ਹੈ। ਇਸ ਤੇ ਜੈਸ਼ੰਕਰ ਨੇ ਮੈਂਬਰਾਂ ਨੂੰ ਦੱਸਿਆ ਕਿ ਢਾਕਾ ਦੀ ਅੰਤਰਿਮ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਹਿੰਦੂਆਂ 'ਤੇ ਹਮਲੇ ਸਿਆਸਤ ਤੋਂ ਪ੍ਰੇਰਿਤ ਸਨ ਤੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਨਹੀਂ ਕੀਤੇ ਗਏ ਸਨ। ਜਦੋਂ ਜੈਸ਼ੰਕਰ ਤੋਂ ਪੁੱਛਿਆ ਗਿਆ ਕਿ ਕੀ ਬਿਮਸਟੈਂਕ ਬੈਠਕ 'ਚ ਪੀਐੱਮ ਮੋਦੀ ਦੀ ਯੂਨੁਸ ਨਾਲ ਦੁਵੱਲੀ ਗੱਲਬਾਤ ਹੋਣ ਦੀ ਸੰਭਾਵਨਾ ਹੈ ਤਾਂ ਵਿਦੇਸ਼ ਮੰਤਰੀ ਨੇ ਇਸ ਦਾ ਸਿੱਧਾ ਜਵਾਬ ਨਹੀਂ ਦਿੱਤਾ ਤੇ ਕਿਹਾ ਕਿ ਯੂਨੁਸ ਦੀ ਬੇਨਤੀ ਵਿਚਾਰ ਅਧੀਨ ਹੈ। ਕਾਂਗਰਸ ਦੇ ਸੰਸਦ ਮੈਂਬਰ ਕੇਸੀ ਵੇਣੂਗੋਪਾਲ, ਮਨੀਸ਼ ਤਿਵਾੜੀ, ਮੁਕੁਲ ਵਾਸਨਿਕ ਤੇ ਸ਼ਿਵਸੈਨਾ ਯੂਬੀਟੀ ਦੀ ਪ੍ਰਿਯੰਕਾ ਚਤੁਰਵੇਦੀ ਸਮੇਤ ਕਈ ਦਲਾਂ ਦੇ ਸੰਸਦ ਮੈਂਬਰਾਂ ਨੇ ਬੈਠਕ 'ਚ ਬੰਗਲਾਦੇਸ਼ 'ਚ ਹਿੰਦੂਆਂ 'ਤੇ ਅੱਤਿਆਚਾਰ ਤੇ ਉਸ ਨੂੰ ਰੋਕਣ ਸਬੰਧੀ ਚੁੱਕੇ ਜਾਣ ਵਾਲੇ ਮਸਲੇ ਨੂੰ ਜ਼ੋਰ-ਸ਼ੋਰ ਨਾਲ ਉਠਾਇਆ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrsppondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਰੂਸ-ਯੂਕਰੇਨ ਯੁੱਧ ਖ਼ਤਮ ਨਾ ਹੋਇਆ ਤਾਂ ਵਿਸ਼ਵ-ਯੁੱਧ ਦਾ ਖ਼ਤਰਾ: ਟਰੰਪ



**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਜਲਦੀ ਹੀ ਅਮਰੀਕੀ ਹਮਰੁਤਬਾ ਡੋਨਾਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਕਰ ਸਕਦੇ ਹਨ। ਇਹ ਜਾਣਕਾਰੀ ਰੂਸੀ ਰਾਸ਼ਟਰਪਤੀ ਦੇ ਦਫ਼ਤਰ ਕ੍ਰੈਮਲਿਨ ਵੱਲੋਂ ਦਿੱਤੀ ਗਈ ਹੈ।

ਪਿਛਲੇ ਡੇਢ ਮਹੀਨੇ 'ਚ ਦੋਵੇਂ ਆਗੂ ਦੋ ਵਾਰ ਲੰਬੀ ਫੋਨ ਗੱਲਬਾਤ ਕਰ ਚੁੱਕੇ ਹਨ। ਇਸ ਦੌਰਾਨ ਯੂਕਰੇਨ ਮਾਮਲੇ 'ਤੇ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕਾਫ ਨੇ ਕਿਹਾ ਹੈ। ਹੈ ਕਿ ਰਾਸ਼ਟਰਪਤੀ ਪੁਤਿਨ ਯੂਕਰੇਨ 'ਚ ਸ਼ਾਂਤੀ ਚਾਹੁੰਦੇ ਹਨ। ਟਰੰਪ ਨੇ ਕਿਹਾ ਹੈ ਕਿ ਉਹ ਆਪਣੀ ਪਛਾਣ ਸ਼ਾਂਤੀ ਸਥਾਪਿਤ ਕਰਨ ਵਾਲੇ ਦੇ ਤੌਰ 'ਤੇ ਬਣਾਉਣਾ ਚਾਹੁੰਦੇ ਹਨ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਯੁੱਧ ਖ਼ਤਮ ਨਾ ਹੋਇਆ ਤਾਂ ਇਸ ਦੇ ਸੰਸਾਰ ਜੰਗ 'ਚ ਬਦਲਣ ਦੀ ਸੰਭਾਵਨਾ ਹੈ। ਉਸ ਸਮੇਂ ਅਮਰੀਕਾ ਅਤੇ ਰੂਸ ਆਹਮੋ-ਸਾਹਮਣੇ ਹੋਣਗੇ। ਟਰੰਪ ਅਤੇ ਪੁਤਿਨ 12 ਫਰਵਰੀ ਅਤੇ 18 ਮਾਰਚ ਨੂੰ ਫੋਨ 'ਤੇ ਗੱਲਬਾਤ ਕਰ ਚੁੱਕੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਪਹਿਲਾਂ 2024 'ਚ ਵੀ ਪੁਤਿਨ ਨਾਲ ਉਨ੍ਹਾਂ ਦੀ ਗੱਲਬਾਤ ਹੁੰਦੀ ਸੀ। ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਬਾਬ ਵੁਡਵਾਰਡ ਨੇ 2024 'ਚ ਪ੍ਰਕਾਸ਼ਿਤ ਆਪਣੀ ਕਿਤਾਬ 'ਵਾਰ' 'ਚ ਲਿਖਿਆ ਹੈ ਕਿ 2021 'ਚ ਘੱਟੋ-ਘੱਟ ਸੱਤ ਵਾਰ ਟਰੰਪ ਤੇ ਪੁਤਿਨ ਵਿਚਕਾਰ ਫੋਨ 'ਤੇ ਗੱਲਬਾਤ ਹੋਈ।

## ਗੱਲਬਾਤ ਦੌਰਾਨ ਰੂਸ ਤੇ ਯੂਕਰੇਨ ਵੱਲੋਂ ਡ੍ਰੋਨ ਹਮਲੇ

ਐਤਵਾਰ ਨੂੰ ਰੂਸ ਨੇ ਯੂਕਰੇਨ 'ਤੇ ਵੱਡਾ ਡ੍ਰੋਨ ਹਮਲਾ ਕੀਤਾ। ਇਸ ਹਮਲੇ 'ਚ ਪੈਜ ਸਾਲ ਦੇ ਇਕ ਬੱਚੇ ਸਮੇਤ ਸੱਤ ਲੋਕ ਮਾਰੇ ਗਏ ਤੇ ਦਰਜਨ ਲੋਕ ਜ਼ਖ਼ਮੀ ਹੋਏ ਹਨ। ਹਮਲਿਆਂ 'ਚ ਰੂਸ ਨੇ ਯੂਕਰੇਨ ਦੀ ਰਾਜਧਾਨੀ ਕੀਵ ਦੇ ਨੇੜਲੇ ਉਪਨਗਰਾਂ ਸਮੇਤ ਦੇਸ਼ ਦੇ ਵੱਖ-ਵੱਖ ਇਲਾਕਿਆਂ ਨੂੰ ਨਿਸ਼ਾਨਾ ਬਣਾਉਣ ਲਈ 147 ਡ੍ਰੋਨ ਛੱਡੇ। ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਉਸਦੇ ਏਅਰ ਡਿਫੈਂਸ ਸਿਸਟਮ ਨੇ ਇਨ੍ਹਾਂ 'ਚੋਂ 97 ਨੂੰ ਤਬਾਹ ਕਰ ਦਿੱਤਾ, ਜਦਕਿ 25 ਹੋਰ ਆਪਣੇ ਨਿਸ਼ਾਨੇ ਤੱਕ ਨਹੀਂ ਪਹੁੰਚ ਸਕੇ, ਜਦਕਿ ਯੂਕਰੇਨ ਦੇ ਡ੍ਰੋਨ ਹਮਲਿਆਂ 'ਚ ਰੂਸ 'ਚ ਦੋ ਲੋਕਾਂ ਦੀ ਮੌਤ ਹੋਈ ਹੈ।

# ਪਾਕਿ-ਅਫ਼ਗਾਨਿਸਤਾਨ ਸਰਹੱਦ 'ਤੇ 16 ਅੱਤਵਾਦੀ ਹਲਾਕ



**ਪਿਸ਼ਾਵਰ:** ਅਫ਼ਗਾਨਿਸਤਾਨ ਤੋਂ ਪਾਕਿਸਤਾਨ 'ਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੇ 16 ਅੱਤਵਾਦੀਆਂ ਨੂੰ ਸੁਰੱਖਿਆ ਬਲਾਂ ਨੇ ਮਾਰ ਦਿੱਤਾ। ਪਾਕਿਸਤਾਨੀ ਫ਼ੌਜ ਨੇ ਐਤਵਾਰ ਨੂੰ ਕਿਹਾ ਕਿ ਮਾਰੇ ਗਏ ਅੱਤਵਾਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਨਾਲ ਜੁੜੇ ਸਨ। ਪਾਕਿਸਤਾਨੀ ਫ਼ੌਜ ਦੀ ਮੀਡੀਆ ਸ਼ਾਖਾ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਨੇ ਕਿਹਾ ਹੈ ਕਿ ਸੁਰੱਖਿਆ ਬਲਾਂ ਨੇ ਉੱਤਰੀ ਵਜ਼ੀਰਿਸਤਾਨ ਦੇ ਗ਼ੁਲਾਮ ਖ਼ਾਨ ਕਾਲੀ ਖੇਤਰ 'ਚ 22-23 ਦੀ ਰਾਤ ਅੱਤਵਾਦੀਆਂ ਨੂੰ ਘੁਸਪੈਠ ਕਰਦੇ ਦੇਖਿਆ।

## ਪਿੰਡ ਕਡਿਆਣਾ ਤੋਂ ਰਾਤ ਦੇ ਸਮੇਂ ਦੋ ਗਾਂਵਾਂ ਚੋਰੀ

**ਅੱਪਰਾ:** ਕਰੀਬੀ ਪਿੰਡ ਕਡਿਆਣਾ ਤੋਂ ਅਣਪਛਾਤੇ ਚੋਰ ਇਕ ਹਵੇਲੀ 'ਚ ਬੱਝੀਆਂ ਦੇ ਗਾਂਵਾਂ ਚੋਰੀ ਕਰਕੇ ਲੈ ਗਏ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਟੀਨਾ ਪੁੱਤਰ ਗੁਰਦਿਆਲ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਅਣਪਛਾਤੇ ਚੋਰ ਮੇਰੀ ਦੋ ਦੁਧਾਰੂ ਗਾਵਾਂ ਚੋਰੀ ਕਰਕੇ ਲੈ ਗਏ। ਟੀਨੇ ਨੇ ਅੱਗੇ ਦੱਸਿਆ ਕਿ ਉਕਤ ਘਟਨਾ ਦੇ ਕਾਰਣ ਮੇਰਾ ਲਗਭਗ 1 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਘਟਨਾ ਸਬੰਧੀ ਸਥਾਨਕ ਪੁਲਿਸ ਨੂੰ ਸਚਿਤ ਕਰ ਦਿੱਤਾ ਗਿਆ ਹੈ।



## ਜੰਗ 'ਚ ਮਰਨ ਵਾਲੇ ਫ਼ਲਸਤੀਨੀਆਂ ਦੀ ਗਿਣਤੀ 50 ਹਜ਼ਾਰ ਤੋਂ ਪਾਰ

ਯੇਰੂਸ਼ਲਮ: ਗਾਜ਼ਾ 'ਚ ਜਾਰੀ ਇਜ਼ਰਾਇਲੀ ਹਮਲਿਆਂ 'ਚ ਮਰਨ ਵਾਲੇ ਫ਼ਲਸਤੀਨੀਆਂ ਦੀ ਗਿਣਤੀ 50 ਹਜ਼ਾਰ ਤੋਂ ਪਾਰ ਹੋ ਗਈ ਹੈ। ਇਹ ਹਮਲੇ ਸੱਤ ਅਕਤੂਬਰ 2023 ਤੋਂ ਜਾਰੀ ਹਨ, ਹਾਲਾਂਕਿ ਇਸ ਦੌਰਾਨ ਗਾਜ਼ਾ 'ਚ ਦੋ ਵਾਰ ਜੰਗਬੰਦੀ ਵੀ ਲਾਗੂ ਹੋਈ। ਇਸ ਵਿਚਾਲੇ ਇਜ਼ਰਾਈਲ ਦੇ ਤਾਜ਼ਾ ਹਵਾਈ ਹਮਲਿਆਂ 'ਚ ਹਮਾਸ ਦੇ ਵੱਡੇ ਸਿਆਸੀ ਨੇਤਾ ਸਾਲੇਹ ਅਲ-ਬਾਰਦਵੀਲ ਤੇ ਉਨ੍ਹਾਂ ਦੀ ਪਤਨੀ ਦੀ ਮੌਤ ਹੋ ਗਈ। ਦੋ ਮਹੀਨਿਆਂ ਦੀ ਜੰਗਬੰਦੀ ਤੋਂ ਬਾਅਦ ਗਾਜ਼ਾ 'ਤੇ ਇਕ ਵਾਰ ਫਿਰ ਹਮਲੇ ਸ਼ੁਰੂ ਹੋ ਗਏ ਹਨ।

## ਕੁੱਤਿਆਂ 'ਤੇ ਤਲਵਾਰ ਨਾਲ ਹਮਲਾ

**ਜਲੰਧਰ:** ਸੋਢਲ ਰੋਡ 'ਤੇ ਇਕ ਨੌਜਵਾਨ ਨੇ ਗਲੀ ਵਿਚ ਘੁੰਮ ਰਹੇ ਕੁੱਤਿਆ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ। ਗੁਆਂਢ ਵਿਚ ਰਹਿਣ ਵਾਲੀ ਇਕ ਔਰਤ ਨੇ ਜਦੋਂ ਉਸ ਨੂੰ ਰੋਕਿਆ ਤਾਂ ਉਸ ਨੇ ਔਰਤ 'ਤੇ ਵੀ ਤਲਵਾਰ ਨਾਲ ਹਮਲਾ ਕਰ ਦਿੱਤਾ, ਜਿਸ ਵਿਚ ਉਹ ਜ਼ਖ਼ਮੀ ਹੋ ਗਈ। 'ਪੁਲਿਸ ਨੇ ਨੌਜਵਾਨ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ ਅਤੇ ਉਸ ਦੀ ਤਲਾਸ਼ ਜਾਰੀ ਹੈ। ਔਰਤ ਨੇ ਦੱਸਿਆ ਕਿ ਨੌਜਵਾਨ ਕਹਿ ਰਿਹਾ ਸੀ ਕਿ ਕੁੱਤਿਆਂ ਨੇ ਮੁਹੱਲੇ ਵਿਚ ਗੰਦ ਪਾਇਆ ਹੈ।



# ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲੇ ਨਰੈਣ ਸਿੰਘ ਚੌੜਾ ਨੂੰ ਮਿਲੀ ਜ਼ਮਾਨਤ



**ਅੰਮ੍ਰਿਤਸਰ:** ਸ਼ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਈ ਸਜ਼ਾ ਦੌਰਾਨ, ਉਨ੍ਹਾਂ 'ਤੇ ਹਮਲਾ ਕਰਕੇ ਦੋ ਗੋਲੀਆਂ ਚਲਾਉਣ ਵਾਲੇ ਨਰੈਣ ਸਿੰਘ ਚੌੜਾ ਨੂੰ ਜ਼ਮਾਨਤ ਮਿਲ ਗਈ ਹੈ।

ਇਹ ਜਾਣਕਾਰੀ ਨਰੈਣ ਸਿੰਘ ਚੌੜਾ ਦੇ ਵਕੀਲ ਸ: ਜਸਪਾਲ ਸਿੰਘ ਮੰਝਪੁਰ ਅਤੇ ਚੌੜਾ ਦੇ ਬੇਟੇ ਬਲਜਿੰਦਰ ਸਿੰਘ ਨੇ ਦੱਸਿਆ ਕਿ ਚੌੜਾ ਦੇ ਖ਼ਿਲਾਫ਼ ਦਰਜ ਮਾਮਲੇ ਵਿੱਚ ਉਸ ਨੂੰ ਜ਼ਮਾਨਤ ਦੇਣ ਦਾ ਫ਼ੈਸਲਾ ਅੰਮ੍ਰਿਤਸਰ ਦੇ ਐਡੀਸ਼ਨਲ ਸੈਸ਼ਨਜ਼ ਜੱਜ ਸੁਮਿਤ ਘਈ ਦੀ ਅਦਾਲਤ ਵੱਲੋਂ ਸੁਣਾਇਆ ਗਿਆ।

ਯਾਦ ਰਹੇ ਕਿ 2 ਦਸੰਬਰ ਨੂੰ ਅਕਾਲ ਤਖ਼ਤ ਵੱਲੋਂ ਸੇਵਾ ਲਾਏ ਜਾਣ ਉਪਰੰਤ ਸੁਖ਼ਬੀਰ ਸਿੰਘ ਬਾਦਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਦਰਸ਼ਨੀ ਡਿਉਢੀ ਦੇ ਬਾਹਰ ਇੱਕ ਚੋਬਦਾਰ ਵੱਜੋਂ ਵਹੀਲ ਚੇਅਰ 'ਤੇ ਬੈਠੇ ਸੇਵਾ ਨਿਭਾਅ ਰਹੇ ਸਨ ਕਿ ਅਚਨਚੇਤ ਮੌਕੇ 'ਤੇ ਪੁੱਜੇ ਨਾਰਾਇਣ ਸਿੰਘ ਚੌੜਾ ਨੇ ਦੋ ਗੋਲੀਆਂ ਦਾਗੀਆਂ ਸਨ ਜਿਨ੍ਹਾਂ ਵਿੱਚੋਂ ਇੱਕ ਫ਼ਰਸ਼ 'ਤੇ ਅਤੇ ਦੂਜੀ ਦਰਸ਼ਨੀ ਡਿਉਢੀ ਉੱਪਰ ਲੱਗੀ ਸੀ ਅਤੇ ਕਿਸੇ ਤਰ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ ਅਤੇ ਨਾ ਹੀ ਕੋਈ ਜ਼ਖਮੀ ਹੋਇਆ ਸੀ।

# ਗ੍ਰਹਿ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਕੋਲੋਂ ਸਾਰੇ ਵਿਭਾਗ ਖੋਹੇ

**ਚੰਡੀਗੜ੍ਹ:** ਐਜੂਕੇਸ਼ਨ ਸੈਕੇਟਰੀ ਕੇ.ਕੇ ਯਾਦਵ ਅਤੇ ਫੂਡ ਡਾਇਰੈਕਟਰ ਪੁਨੀਤ ਗੋਇਲ ਤੋਂ ਬਾਅਦ ਅੱਜ ਪੰਜਾਬ ਸਰਕਾਰ ਨੇ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਨੂੰ ਵੀ ਹਵਾ 'ਚ ਲਟਕਾ ਦਿੱਤਾ ਹੈ। ਉਨ੍ਹਾਂ ਤੋਂ ਸਾਰੇ ਵਿਭਾਗ ਵਾਪਸ ਲੈ ਲਏ ਗਏ ਹਨ ਤੇ ਕੋਈ ਨਵਾਂ ਵਿਭਾਗ ਨਹੀਂ ਦਿੱਤਾ ਗਿਆ ਹੈ, ਜਿਸ ਨੂੰ ਲੈ ਕੇ ਸੱਤਾ ਦੇ ਗਲਿਆਰਿਆਂ 'ਚ ਕਾਫ਼ੀ ਚਰਚਾ ਹੈ ਕਿ ਆਖ਼ਰ ਸਰਕਾਰ ਦੇ ਬਲੂ ਆਈਡ ਬੁਆਏ ਗੁਰਕੀਰਤ, ਜਿਨ੍ਹਾਂ ਕੋਲ ਗ੍ਰਹਿ ਤੋਂ ਇਲਾਵਾ ਮਾਈਨਿੰਗ ਵਰਗੇ ਮਹੱਤਵਪੂਰਨ ਵਿਭਾਗ ਵੀ ਸਨ, ਨੂੰ ਕਿਉਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਨੂੰ ਹਟਾਉਣ ਦਾ ਕਾਰਨ ਕੀ ਗ੍ਰਹਿ ਵਿਭਾਗ ਜਾਂ ਪੁਲਿਸ 'ਚ ਕੋਈ ਵੱਡੀ ਗੜਬੜ ਹੈ ਜਾਂ ਫਿਰ ਮਾਈਨਿੰਗ ਸਬੰਧੀ ਸਰਕਾਰ ਦੇ ਨਾਲ ਉਨ੍ਹਾਂ ਦੀ ਲੀਹ ਨਹੀਂ ਬੈਠ ਰਹੀ ਸੀ। ਸਰਕਾਰ ਵੱਲੋਂ ਜਿਨ੍ਹਾਂ ਪੰਜ ਆਈ.ਏ.ਐੱਸ. ਤੇ ਇਕ ਪੀ.ਸੀ.ਐੱਸ. ਅਫ਼ਸਰ ਦਾ ਤਬਾਦਲਾ ਕੀਤਾ ਗਿਆ ਹੈ ਉਨ੍ਹਾਂ 'ਚ ਆਲੋਕ ਸ਼ੇਖਰ ਨੂੰ ਨਵਾਂ ਵਧੀਕ ਮੁੱਖ ਸਕੱਤਰ ਗ੍ਰਹਿ ਲਾਇਆ ਗਿਆ ਹੈ। ਉਨ੍ਹਾਂ ਕੋਲ ਸਹਿਕਾਰਿਤਾ ਵਿਭਾਗ ਪਹਿਲਾਂ ਵਾਂਗ ਰਹੇਗਾ। ਜਸਪ੍ਰੀਤ ਕੌਰ ਤਲਵਾੜ ਨੂੰ ਪਿਛਲੇ ਦਿਨੀਂ ਦਿੱਤੇ ਗਏ ਟੈਕਸੇਸ਼ਨ ਵਿਭਾਗ ਤੋਂ ਹਟਾ ਕੇ ਮਾਈਨਿੰਗ ਵਿਭਾਗ 'ਚ ਭੇਜ ਦਿੱਤਾ ਗਿਆ ਹੈ। ਨਾਲ ਹੀ ਉਨ੍ਹਾਂ ਕੋਲੋਂ ਜੇਲ੍ਹ ਤੇ ਨਿਆ ਵਿਭਾਗ ਵੀ ਵਾਧੂ ਤੌਰ 'ਤੇ ਰਹੇਗਾ। ਪੇਂਡੂ ਵਿਕਾਸ ਵਿਭਾਗ ਦੇ ਸਕੱਤਰ ਅਜੀਤ ਬਾਲਾਜੀ ਜੋਸ਼ੀ ਨੂੰ ਉਨ੍ਹਾਂ ਦੇ ਪੁਰਾਣੇ ਮਹਿਕਮੇ ਦੇ ਨਾਲ ਟੈਕਸੇਸ਼ਨ ਵਿਭਾਗ ਦਾ ਸਕੱਤਰ ਲਾਇਆ ਗਿਆ ਹੈ। ਬਸੰਤ ਗਰਗ ਨੂੰ ਖੇਤੀ ਵਿਭਾਗ ਦਾ ਸਕੱਤਰ ਲਾਇਆ ਗਿਆ ਹੈ। ਦਿਲਰਾਜ ਸਿੰਘ ਸੰਧਾਵਾਲੀਆ ਨੂੰ ਉਨ੍ਹਾਂ ਦੇ ਪੁਰਾਣੇ ਮਹਿਕਮਿਆਂ ਦੇ ਨਾਲ-ਨਾਲ ਗੁਰਦੁਆਰਾ ਚੋਣਾਂ ਦਾ ਕਮਿਸ਼ਨਰ ਲਾਇਆ ਗਿਆ ਹੈ। ਇਹ ਵਿਭਾਗ ਪਹਿਲਾਂ ਗੁਰਕੀਰਤ ਕ੍ਰਿਪਾਲ ਸਿੰਘ ਕੋਲ ਸਨ। ਪੀ.ਸੀ.ਐੱਸ. ਅਫ਼ਸਰਾਂ 'ਚ ਅਜੀਤ ਪਾਲ ਸਿੰਘ ਨੂੰ ਡਿਪਟੀ ਸੈਕੇਟਰੀ ਖੇਡ ਤੇ ਯੁਵਾ ਮਾਮਲੇ ਲਾਇਆ ਗਿਆ ਹੈ। ਨਾਲ ਹੀ ਉਹ ਡਿਪਟੀ ਡਾਇਰੈਕਟਰ ਖੇਡ ਤੇ ਯੁਵਾ ਮਾਮਲੇ ਵੀ ਹੋਣਗੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਪੰਜਾਬ ਵਿਧਾਨ ਸਭਾ ਦਾ ਪਹਿਲਾ ਦਿਨ ਰਿਹਾ ਗਰਮਾ-ਗਰਮ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸ਼ੁੱਕਰਵਾਰ ਨੂੰ ਸ਼ੁਰੂ ਹੋਏ ਬਜਟ ਇਜਲਾਸ ਦੇ ਪਹਿਲੇ ਦਿਨ ਹੀ ਵਿਰੋਧੀ ਧਿਰ ਕਾਂਗਰਸ ਨੇ ਸਰਕਾਰ ਨੂੰ 'ਜਵਾਨ ਤੇ ਕਿਸਾਨਾਂ ਦੇ ਮੁੱਦੇ 'ਤੇ ਘੇਰ ਲਿਆ। ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਕਾਂਗਰਸ ਨੇ ਪਟਿਆਲਾ 'ਚ ਕਰਨਲ ਪੀ.ਐੱਸ. ਬਾਠ ਨਾਲ ਕੁੱਟਮਾਰ ਤੇ ਸ਼ੰਭੂ ਤੇ ਖਨੌਰੀ ਤੋਂ ਕਿਸਾਨਾਂ ਦੇ ਮੋਰਚੇ ਹਟਾਉਣ ਦੇ ਮੁੱਦੇ 'ਤੇ ਹੰਗਾਮਾ ਕੀਤਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਦੇ ਕਾਂਗਰਸੀ ਵਿਧਾਇਕਾਂ ਨੇ ਸਦਨ ਦੇ ਅੰਦਰ ਤੇ ਜਵਾਨ ਜੈ ਕਿਸਾਨ ਦੇ ਨਾਅਰੇ ਲਾਉਂਦਿਆਂ ਰਾਜਪਾਲ ਦੇ ਭਾਸ਼ਣ ਦਾ ਬਾਈਕਾਟ ਕਰ ਦਿੱਤਾ। ਬਾਜਵਾ ਨੇ ਸਦਨ ਦੇ ਅੰਦਰ ਤੇ ਬਾਹਰ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ 'ਚ ਨਾ ਤਾਂ ਜਵਾਨ ਤੇ ਨਾ ਹੀ ਕਿਸਾਨ ਸੁਰੱਖਿਅਤ ਹਨ। ਉਨ੍ਹਾਂ ਕਰਨਲ ਨਾਲ ਕੁੱਟਮਾਰ ਦੇ ਮਾਮਲੇ 'ਚ ਐਸ.ਐਸ.ਪੀ. ਪਟਿਆਲਾ ਨਾਨਕ ਸਿੰਘ ਦੇ ਤਬਾਦਲੇ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਸਮੁੱਚੇ ਮਾਮਲੇ ਦੀ ਮੌਜੂਦਾ ਜਾਂ ਸਾਬਕਾ ਜੱਜ ਤੋਂ ਸਮਾਂਬੱਧ ਜਾਂਚ ਕਰਵਾਈ ਜਾਵੇ।



ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਪ੍ਰਤਾਪ ਸਿੰਘ ਬਾਜਵਾ ਨੇ ਰਾਜਪਾਲ ਦੇ ਭਾਸ਼ਣ ਸਮੇਂ ਕਿਸਾਨਾਂ ਤੇ ਕਰਨਲ ਬਾਠ ਦਾ ਮੁੱਦਾ ਉਠਾਉਣ ਦਾ ਯਤਨ ਕੀਤਾ। ਪਰ ਉਨ੍ਹਾਂ ਦੀ ਗੱਲ ਨਾ ਬਣ ਸਕੀ। ਇਸ ਤੋਂ ਬਾਅਦ ਕਾਂਗਰਸੀ ਵਿਧਾਇਕ ਸਪੀਕਰ ਦੇ ਆਸਨ ਸਾਹਮਣੇ ਆ ਕੇ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਲਗਾਉਣ ਲੱਗੇ ਤੇ ਭਾਸ਼ਣ ਦਾ ਬਾਈਕਾਟ ਕਰਦਿਆਂ ਸਦਨ ਤੋਂ ਬਾਹਰ ਚਲੇ ਗਏ। ਮਗਰੋਂ ਵਿਧਾਨ ਸਭਾ ਦੀ ਦੁਪਹਿਰ ਬਾਅਦ ਵਾਲੀ ਬੈਠਕ 'ਚ ਸਿਫ਼ਰ ਕਾਲ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਪਟਿਆਲਾ 'ਚ ਇਕ ਸਿੱਖ ਕਰਨਲ ਤੇ ਉਸਦੇ ਬੇਟੇ ਦੀ ਨਸ਼ੇ 'ਚ ਧੁੱਤ ਪੁਲਿਸ ਅਧਿਕਾਰੀਆਂ ਨੇ ਬੁਰੀ ਤਰ੍ਹਾਂ ਕੁੱਟਮਾਰ ਦਾ ਮੁੱਦਾ ਉਠਾਉਂਦਿਆਂ ਕਿਹਾ ਕਿ ਜੇਕਰ ਪੰਜਾਬ 'ਚ ਹੀ ਦਸਤਾਰ ਉਤਰੇਗੀ ਤਾਂ ਹੋਰ ਕਿੱਥੇ ਸੁਰੱਖਿਅਤ ਰਹੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਪੰਜਾਬ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਸਾਲ 1992 'ਚ ਚੰਡੀਗੜ੍ਹ ਵਿਖੇ ਵਾਪਰੀ ਇਕ ਘਟਨਾ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਉਸ ਸਮੇਂ ਇਕ ਪੁਲਿਸ ਅਧਿਕਾਰੀ ਨੇ ਇਕ ਲੈਫਟੀਨੈਂਟ ਕਰਨਲ ਨਾਲ ਅਜਿਹਾ ਸਲੂਕ ਕੀਤਾ ਸੀ ਤਾਂ ਤੱਤਕਾਲੀ ਰਾਜਪਾਲ ਸੁਰੇਂਦਰਨਾਥ ਨੇ ਮਾਮਲੇ ਦੀ ਜਾਂਚ ਲਈ ਡੀ.ਆਈ.ਜੀ. ਤੇ ਇਕ ਬ੍ਰਿਗੇਡੀਅਰ ਦੀ ਸਾਂਝੀ ਕਮੇਟੀ ਦਾ ਗਠਨ ਕੀਤਾ ਸੀ। ਜਾਂਚ 'ਚ ਦੋਸ਼ੀ ਪਾਏ ਗਏ ਪੁਲਿਸ ਅਧਿਕਾਰੀ ਨੂੰ ਤੁਰੰਤ ਚੰਡੀਗੜ੍ਹ ਤੋਂ ਪੰਜਾਬ ਵਾਪਸ ਭੇਜ ਦਿੱਤਾ ਗਿਆ ਸੀ। ਬਾਜਵਾ ਨੇ ਸਪੀਕਰ ਨੂੰ ਇਸ ਮਾਮਲੇ 'ਚ ਇਕ ਸਾਂਝੀ ਜਾਂਚ ਕਮੇਟੀ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਪਟਿਆਲਾ ਦੇ ਐੱਸ.ਐੱਸ.ਪੀ. ਨਾਨਕ ਸਿੰਘ ਨੂੰ ਫ਼ੌਰੀ ਤਬਦੀਲ,ਤੇ ਕੁੱਟ ਮਾਰ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਬਰਖ਼ਾਸਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਮੁੱਖ ਮੰਤਰੀ 'ਚ ਹਿੰਮਤ ਹੈ ਤਾਂ ਉਹ ਤੁਰੰਤ ਇਸ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖਣ ਤੇ ਇਕ ਹਫ਼ਤੇ ਦੇ ਅੰਦਰ ਕਿਸੇ ਸਿਟਿੰਗ ਜੱਜ ਜਾਂ ਸੇਵਾਮੁਕਤ ਜੱਜ ਤੋਂ ਮਾਮਲੇ ਦੀ ਜਾਂਚ ਕਰਵਾਉਣ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਤੇ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਕਿਸਾਨਾਂ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਕੋਈ ਰਾਹ ਬੰਦ ਨਹੀਂ ਕੀਤਾ ਬਲਕਿ ਹਰਿਆਣਾ ਸਰਕਾਰ ਨੇ ਰੋਕਾਂ ਲਾਈਆਂ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਹਰਿਆਣਾ ਸਰਕਾਰ ਨੂੰ ਪੱਤਰ ਲਿਖਣਾ ਚਾਹੀਦਾ ਸੀ।

ਸਦਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਰਾਜਪਾਲ ਨੂੰ ਝੂਠਾ ਭਾਸ਼ਣ ਦੇਣ ਲਈ ਮਜਬੂਰ ਕਰ ਰਹੀ ਹੈ। ਅਸਲੀਅਤ ਇਹ ਹੈ ਕਿ ਅੱਜ ਪੰਜਾਬ 'ਚ ਨਾ ਤਾਂ ਫ਼ੌਜੀ ਸੁਰੱਖਿਅਤ ਹਨ ਤੇ ਨਾ ਹੀ ਕਿਸਾਨ। ਅਸੀਂ ਇਨ੍ਹਾਂ ਦੋ ਮੁੱਦਿਆਂ 'ਤੇ ਰਾਜਪਾਲ ਦੇ ਭਾਸ਼ਣ ਦਾ ਬਾਈਕਾਟ ਕੀਤਾ ਹੈ। ਬਾਜਵਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ 13 ਮਾਰਚ ਨੂੰ ਪੁਲਿਸ ਮੁਲਾਜ਼ਮਾਂ ਨੇ ਸ਼ਰਾਬੀ ਹਾਲਤ 'ਚ ਪਟਿਆਲਾ 'ਚ ਕਰਨਲ ਪੁਸ਼ਪਿੰਦਰ ਬਾਠ ਤੇ ਉਨ੍ਹਾਂ ਦੇ ਪੁੱਤਰ ਅੰਗਦ ਨਾਲ ਮਾਰਕੁੱਟ ਕੀਤੀ ਹੈ। ਇਸ ਘਟਨਾ ਨਾਲ ਪੰਜਾਬ ਦਾ ਅਕਸ ਦੇਸ਼ 'ਚ ਹੀ ਨਹੀਂ, ਵਿਦੇਸ਼ਾਂ 'ਚ ਵੀ ਖ਼ਰਾਬ ਹੋਇਆ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਘਟਨਾ ਦੀ ਜਾਂਚ ਪਟਿਆਲਾ ਨਗਰ ਨਿਗਮ ਦੇ ਕਮਿਸ਼ਨਰ ਨੂੰ ਸੌਂਪ ਦਿੱਤੀ ਹੈ। ਇਸ ਦੇ ਨਾਲ ਹੀ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਪੁਲਿਸ ਰਾਜ ਬਣਾ ਦਿੱਤਾ ਹੈ। ਕਿਸਾਨਾਂ ਨੂੰ ਘਰ ਬੁਲਾਇਆ ਗਿਆ ਤੇ ਪਿੱਠ 'ਚ ਛੁਰਾ ਮਾਰਿਆ ਗਿਆ।

## ਜ਼ਿਮਨੀ ਚੋਣ ਜਿੱਤਣ ਲਈ ਹਟਵਾਏ ਕਿਸਾਨ

ਸ਼ੰਭੂ ਤੇ ਖਨੌਰੀ ਹੱਦ ਤੋਂ ਕਿਸਾਨਾਂ ਨੂੰ ਹਟਾਏ ਜਾਣ ਦੇ ਮੁੱਦੇ 'ਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਨੂੰ ਘਰ ਬੁਲਾ ਕੇ ਹਿਰਾਸਤ 'ਚ ਲਿਆ ਤੇ



ਸ਼ੰਭੂ ਤੇ ਖਨੌਰੀ 'ਤੇ ਬੁਲਡੋਜ਼ਰ ਚਲਵਾ ਦਿੱਤਾ। ਬਾਜਵਾ ਨੇ ਮੁੱਖ ਮੰਤਰੀ 'ਤੇ ਸਿੱਧਾ ਹਮਲਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਧਰਨਾ ਲਗਾਉਣ 'ਚ ਵੱਡੀ ਭੂਮਿਕਾ ਨਿਭਾਈ ਸੀ। ਹੁਣ ਲੁਧਿਆਣਾ ਦੀ ਜ਼ਿਮਨੀ ਚੋਣ ਲਈ ਵਪਾਰੀਆਂ ਦੀ ਹਮਦਰਦੀ ਹਾਸਲ ਕਰਨ ਲਈ, ਪੁਲਿਸ ਨੇ ਵਿਰੋਧ ਪ੍ਰਦਰਸ਼ਨ ਵਾਲੀ ਥਾਂ 'ਤੇ ਕਾਰਵਾਈ ਕੀਤੀ। ਇਹ ਕੰਮ ਤਾਂ 400 ਦਿਨ ਪਹਿਲਾਂ ਵੀ ਹੋ ਸਕਦਾ ਸੀ ਪਰ ਹੁਣ ਸਰਕਾਰ ਨੂੰ ਕਾਰੋਬਾਰੀਆਂ ਦੀ ਵੋਟ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਜਿਤਾਉਣ ਲਈ ਅਜਿਹਾ ਕੀਤਾ ਗਿਆ ਹੈ। ਬਾਜਵਾ ਨੇ ਕਿਹਾ ਕਿ ਚੋਣਾਂ ਖਤਮ ਹੋਣ ਤੋਂ ਬਾਅਦ, ਮੁੱਖ ਮੰਤਰੀ ਦੁਬਾਰਾ ਕਿਸਾਨਾਂ ਕੋਲ ਜਾਣਗੇ।

## ਤਸਕਰਾਂ ਦੇ ਘਰ ਢਾਹੁਣ 'ਤੇ ਚੁੱਕੇ ਸਵਾਲ


ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਏ ਜਾਣ ਦਾ ਮੁੱਦਾ ਉਠਾਉਂਦੇ ਹੋਏ ਬਾਜਵਾ ਨੇ ਕਿਹਾ ਕਿ ਸਰਕਾਰ ਛੋਟੇ ਤਸਕਰਾਂ ਦੇ ਘਰਾਂ ਤੇ ਪਸ਼ੂ ਬੰਨ੍ਹਣ ਦੇ ਟਿਕਾਣੇ ਢਾਹ ਕੇ ਆਪਣੀ ਪਿੱਠ ਥਾਪੜ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਅਜੇ ਤੱਕ ਬਰਖ਼ਾਸਤ ਏਆਈਜੀ ਰਾਜਜੀਤ ਜਾਂ ਬਰਖ਼ਾਸਤ ਡੀਐੱਸਪੀ ਗੁਰਸ਼ੇਰ ਸਿੰਘ ਦੇ ਘਰ 'ਤੇ ਬੁਲਡੋਜ਼ਰ ਚਲਾਉਣ ਦਾ ਹੁਕਮ ਕਿਉਂ ਨਹੀਂ ਦਿੱਤਾ, ਜਿਸ ਨੇ ਲਾਰੈਂਸ ਬਿਸ਼ਨੋਈ ਦਾ ਇੰਟਰਵਿਊ ਲਿਆ ਸੀ।

## ਭਾਜਪਾ ਦੇ ਕਹਿਣ 'ਤੇ ਚੁੱਕੇ ਗਏ ਧਰਨੇ: ਪਰਗਟ ਸਿੰਘ

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਸੂਬੇ 'ਚ ਕਿਸਾਨਾਂ ਖਿਲਾਫ਼ ਇਕ ਝੂਠਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਸਵਾਲ ਉਠਾਇਆ ਕਿ ਜੇਕਰ ਵਪਾਰੀਆਂ ਦਾ ਨੁਕਸਾਨ ਹੋ ਰਿਹਾ ਸੀ ਤਾਂ ਇਕ ਸਾਲ ਪਹਿਲਾਂ ਵਪਾਰੀਆਂ ਦਾ ਮਸਲਾ ਹੱਲ ਕਿਉਂ ਨਹੀਂ ਕੀਤਾ ਗਿਆ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਨੇ ਕਿਸਾਨਾਂ ਦੇ ਧਰਨੇ ਭਾਜਪਾ ਦੇ ਕਹਿਣ 'ਤੇ ਚੁੱਕੇ ਹਨ, ਕਿਉਂਕਿ ਭਾਜਪਾ ਇੱਥੇ ਪੋਲਰਾਈਜੇਸ਼ਨ ਕਰਵਾਉਣਾ ਚਾਹੁੰਦੀ ਹੈ।



# ਸੰਗਤ ਨੇ ਸੇਵਾ ਬਖਸ਼ੀ ਤਾਂ ਪੰਚ ਪ੍ਰਧਾਨੀ ਪਰੰਪਰਾ ਲਾਗੂ ਕਰਾਂਗੇ: ਭਾਈ ਰਣਜੀਤ ਸਿੰਘ



ਭਾਈ ਰਣਜੀਤ ਸਿੰਘ ਖਾਲਸਾ



ਬਾਬਾ ਸਰਬਜੋਤ ਸਿੰਘ ਬੇਦੀ

**ਗੁਰਦਾਸਪੁਰ:** ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਗੁਰਦਾਸਪੁਰ ਵਿਚ ਲਹਿਰ ਵੱਲੋਂ ਪ੍ਰਭਾਵਸ਼ਾਲੀ ਕਾਨਫਰੰਸ ਗੁਰਦੁਆਰਾ ਚਰਨ ਕਮਲ ਜੀਵਨ ਵਾਲ ਬੱਬਰੀ ਗੁਰਦਾਸਪੁਰ ਵਿਖੇ ਕਰਵਾਈ ਗਈ ਜਿਸ ਵਿਚ ਬਾਬਾ ਸਰਬਜੋਤ ਸਿੰਘ ਬੇਦੀ ਤੋਂ ਇਲਾਵਾ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਪੰਥਕ ਅਕਾਲੀ ਲਹਿਰ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਖਾਲਸਾ ਤੋਂ ਇਲਾਵਾ ਪੰਥ ਦੀਆਂ ਹੋਰ ਸ਼ਖਸੀਅਤਾਂ, ਸੰਤਾਂ ਮਹਾਪੁਰਸ਼ਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸੰਬੋਧਨ ਕਰਦੇ ਹੋਏ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜੇ ਸੰਗਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਬਖਸ਼ੀ ਗਈ ਤਾਂ ਪੰਚ ਪ੍ਰਧਾਨੀ ਸਿਸਟਮ ਲਾਗੂ ਕਰਕੇ ਗੁਰੂ ਮਹਾਰਾਜ ਵੱਲੋਂ ਚਲਾਈ ਹੋਈ ਪਰੰਪਰਾ ਨੂੰ ਲਾਗੂ ਕਰਾਂਗੇ। ਉਹਨਾਂ ਕਿਹਾ ਕਿ ਲੋੜਵੰਦ ਸਿੱਖਾਂ ਨੂੰ ਵਿੱਦਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਗੁਰੂ ਘਰਾਂ ਵਿਚ ਪਹੁੰਚਣ ਵਾਲੇ ਯਾਤਰੀਆਂ ਵਾਸਤੇ ਆਧੁਨਿਕ ਸਮੇਂ ਦੀਆਂ ਸਰਾਵਾਂ ਅਤੇ ਰਿਹਾਇਸ਼ਾਂ ਬਣਾਈਆਂ ਜਾਣਗੀਆਂ। ਗੁਰੂ ਕੀ ਗੋਲਕ ਦੀ ਲੁੱਟ ਨੂੰ ਰੋਕਣ ਲਈ ਸਾਰੇ ਪ੍ਰਬੰਧ ਕੀਤੇ ਜਾਣਗੇ ਅਤੇ ਗੁਰੂ ਸਾਹਿਬ ਦੀਆਂ ਜਾਇਦਾਦਾਂ ਉੱਪਰ ਕਾਬਜ਼ ਲੋਕਾਂ ਨੂੰ ਹਟਾਇਆ ਜਾਵੇਗਾ। ਉਹਨਾਂ ਕਿਹਾ ਕਿ ਮੀਰੀ ਪੀਰੀ ਦਾ ਸਿਧਾਂਤ ਲਾਗੂ ਕਰਕੇ ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਹੋਇਆ। ਉਹਨਾਂ ਕਿਹਾ ਕਿ ਅੱਜ ਹਰੇਕ ਸਿੱਖ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਯੋਗ ਹੱਥਾਂ ਵਿੱਚ ਦੇਣ ਲਈ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਲਈ ਪੰਥਕ ਅਕਾਲੀ ਲਹਿਰ ਸੰਗਤ ਦੀ ਸੇਵਾ ਵਿੱਚ ਹਾਜ਼ਰ ਹੈ। ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਇਸ ਵਾਰ ਐੱਸਜੀਪੀਸੀ ਦੀ ਵੋਟ ਦਿੱਤੀ ਜਾਵੇ।

ਇਸ ਮੌਕੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਅਖੀਰਲਾ ਮੌਕਾ ਹੈ ਕਿ ਕੇਂਦਰ ਦੀ ਸਹਾਇਤਾ ਨਾਲ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਨੂੰ ਬਾਹਰ ਕਰਨਾ ਹੈ। ਇਸ ਲਈ ਪੰਥਕ ਅਕਾਲੀ ਲਹਿਰ ਨੂੰ ਸਫਲ ਬਣਾਈਏ। ਉਹਨਾਂ ਨੇ ਕਿਹਾ ਕਿ ਜੇਕਰ ਐੱਸਜੀਪੀਸੀ ਨੂੰ ਸੰਭਾਲ ਲਿਆ ਤਾਂ ਸਿੱਖ ਰਾਜਨੀਤੀ ਦੀ ਦਸ਼ਾ ਵੀ ਬਦਲ ਜਾਵੇਗੀ।

## ਸ਼ੰਭੂ 'ਚ ਟੋਲ ਵੀ ਸ਼ੁਰੂ




ਕਿਸਾਨ ਅੰਦੋਲਨ ਦੇ ਕਾਰਨ 13 ਮਹੀਨਿਆਂ ਤੋਂ ਬੰਦ ਪੰਜਾਬ ਦਾ ਦਾਖ਼ਲਾ ਦੁਆਰ ਸ਼ੰਭੂ ਬਾਰਡਰ ਵੀਰਵਾਰ ਦੇਰ ਸ਼ਾਮ ਪੂਰੀ ਤਰ੍ਹਾਂ ਨਾਲ ਖੁੱਲ੍ਹ ਜਾਣ ਤੋਂ ਬਾਅਦ ਸ਼ੁੱਕਰਵਾਰ ਨੂੰ ਇੱਥੇ ਦਿਨ ਭਰ ਵੱਡੀ ਗਿਣਤੀ 'ਚ ਗੱਡੀਆਂ ਲੰਘੀਆਂ। ਇਸ ਵਿਚਾਲੇ ਟੋਲ ਪਲਾਜ਼ਾ ਵੀ ਚਾਲੂ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਸੰਗਰੂਰ ਦੇ ਖਨੌਰੀ ਵਿਚ ਸ਼ੁੱਕਰਵਾਰ ਨੂੰ ਵੀ ਨੈਸ਼ਨਲ ਹਾਈਵੇ ਨੂੰ ਖਾਲੀ ਕਰਨ ਦਾ ਕੰਮ ਜਾਰੀ ਰਿਹਾ। ਸ਼ੁੱਕਰਵਾਰ ਨੂੰ ਹਾਈਵੇ ਤੋਂ ਹਟਾਈਆਂ ਗਈਆਂ 300 ਫ੍ਰੈਕਟਰ ਟਰਾਲੀਆਂ ਵਿਚੋਂ ਲਗਪਗ 150 ਟ੍ਰੈਕਟਰ ਟਰਾਲੀਆਂ ਨੂੰ ਲੈਣ ਕਿਸਾਨ ਪੁੱਜੇ। ਜ਼ਿਕਰਯੋਗ ਹੈ ਕਿ 13 ਮਹੀਨੇ ਤੋਂ ਇਹ ਰਾਈਵੇ ਕਿਸਾਨੀ ਮੋਰਚੇ ਦੇ ਕਾਰਨ ਬੰਦ ਸੀ।

## ਭਾਜਪਾ ਆਗੂ ਨੇ ਪਤਨੀ ਤੇ 3 ਬੱਚਿਆਂ ਨੂੰ ਮਾਰੀ ਗੋ.ਲੀ



**ਸਹਾਰਨਪੁਰ:** ਪਤਨੀ ਦੇ ਚਰਿੱਤਰ 'ਤੇ ਸ਼ੱਕ 'ਚ ਭਾਜਪਾ ਦੇ ਆਗੂ ਨੇ ਜ਼ਾਲਮਪੁਣੇ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਤੇ ਆਪਣੀ ਲਾਇਸੈਂਸੀ ਪਿਸਤੌਲ ਨਾਲ ਪਹਿਲਾਂ ਪਤਨੀ ਨਹਾ ਤੇ ਤਿੰਨ ਬੱਚਿਆ ਨੂੰ ਇਕ-ਇਕ ਕਰ ਕੇ ਗੋਲੀ ਮਾਰੀ, ਫਿਰ ਖਿੜਕੀ ਤੋੜ ਕੇ ਸਾਰਿਆਂ ਨੂੰ ਹੇਠਾਂ ਰਸਤੇ 'ਤੇ ਸੁੱਟ ਦਿੱਤਾ। ਗੋਲੀਆਂ ਦੀ ਆਵਾਜ਼ ਸੁਣ ਕੇ ਗੁਆਂਢੀਆਂ ਨੇ ਘਰ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਡਰਾ ਕੇ ਵਾਪਸ ਭੇਜ ਦਿੱਤਾ।

# ਵਿਨੋਦ ਕੁਮਾਰ ਸ਼ੁਕਲ ਨੂੰ ਮਿਲੇਗਾ ਗਿਆਨਪੀਠ ਪੁਰਸਕਾਰ



**ਰਾਏਪੁਰ:** ਹਿੰਦੀ ਦੇ ਮਸ਼ਹੂਰ ਕਵੀ ਤੇ ਕਥਾਕਾਰ ਵਿਨੋਦ ਕੁਮਾਰ ਸ਼ੁਕਲ ਨੂੰ 59ਵੇਂ ਗਿਆਨਪੀਠ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਛੱਤੀਸਗੜ੍ਹ ਦੇ ਕਿਸੇ ਸਾਹਿਤਕਾਰ ਨੂੰ ਮਿਲਣ ਵਾਲਾ ਇਹ ਪਹਿਲਾ ਗਿਆਨਪੀਠ ਪੁਰਸਕਾਰ ਹੈ। ਇਹ ਪੁਰਸਕਾਰ ਹਾਸਲ ਕਰਨ ਵਾਲੇ ਉਹ ਹਿੰਦੀ ਦੇ 12ਵੇਂ ਲੇਖਕ ਹਨ। ਸੰਭਵ ਹੈ ਕਿ ਰਾਏਪੁਰ 'ਚ ਹੀ ਇਕ ਸਮਾਗਮ 'ਚ ਉਨ੍ਹਾਂ ਨੂੰ ਇਹ ਪੁਰਸਕਾਰ ਦਿੱਤਾ ਜਾਏਗਾ। ਪੁਰਸਕਾਰ ਦੇ ਨਾਲ ਉਨ੍ਹਾਂ ਨੂੰ 11 ਲੱਖ ਰੁਪਏ, ਸਰਸਵਤੀ ਦਾ ਕਾਂਸੀ ਦਾ ਬੁੱਤ ਤੇ ਸਰਟੀਫਿਕੇਟ ਦਿੱਤੇ ਜਾਣਗੇ। ਮਸ਼ਹੂਰ ਕਹਾਣੀਕਾਰ ਤੇ ਗਿਆਨਪੀਠ ਪੁਰਸਕਾਰ ਜੇਤੂ ਪ੍ਰਤਿਭਾ ਰਾਏ ਦੀ ਅਗਵਾਈ 'ਚ ਸ਼ਨਿਚਰਵਾਰ ਨੂੰ ਗਿਆਨਪੀਠ ਚੋਣ ਕਮੇਟੀ ਦੀ ਬੈਠਕ ਦੌਰਾਨ ਇਹ ਫ਼ੈਸਲਾ ਕੀਤਾ ਗਿਆ। ਕਮੇਟੀ ਨੇ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਹਿੰਦੀ ਸਾਹਿਤ 'ਚ ਉਨ੍ਹਾਂ ਦੇ ਅਮੁੱਲੇ ਯੋਗਦਾਨ, ਸਿਰਜਨਾ ਤੇ ਖ਼ਾਸ ਲੇਖਣ ਸ਼ੈਲੀ ਲਈ ਦਿੱਤਾ ਜਾ ਰਿਹਾ ਹੈ।

ਵਿਨੋਦ ਕੁਮਾਰ ਸ਼ੁਕਲ ਦਾ ਜਨਮ ਇਕ ਜਨਵਰੀ 1937 ਨੂੰ ਰਾਜਨਾਂਦਗਾਂਵ ਜ਼ਿਲ੍ਹੇ 'ਚ ਹੋਇਆ ਸੀ। ਉਹ ਪਰਿਵਾਰ ਨਾਲ ਰਾਏਪੁਰ 'ਚ ਰਹਿੰਦੇ ਹਨ। 88 ਸਾਲਾ ਸਾਹਿਤਕਾਰ ਨੇ ਕਿਹਾ ਕਿ ਮੈਨੂੰ ਗਿਆਨਪੀਠ ਪੁਰਸਕਾਰ ਮਿਲ ਰਿਹਾ ਹੈ, ਇਹ ਜਾਣ ਕੇ ਖ਼ੁਸ਼ੀ ਹੋਈ। ਉਹ ਕਿਸੇ ਵੱਡੇ ਬਦਲਾਅ ਜਾਂ ਸੁਧਾਰ ਦੀ ਗੱਲ ਸੋਚ ਕੇ ਨਹੀਂ ਲਿਖਦੇ। ਤੁਸੀਂ ਜੋ ਨਵਾਂ ਸੋਚ ਰਹੇ ਹੋ, ਉਹੀ ਲਿਖੋ। ਤੁਹਾਡੀ ਮੌਲਿਕਤਾ ਅਸਰ ਕਰੇਗੀ ਤੇ ਸਾਰਥਕ ਹੋਵੇਗੀ।

# ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾਵਾਂਗੇ: ਮੁੱਖ ਮੰਤਰੀ

**ਨਵਾਂਸ਼ਹਿਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ੍ਹਤਾ ਨਾਲ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇਸ਼ ਭਰ 'ਚ ਮੋਹਰੀ ਸੂਬਾ ਬਣ ਕੇ ਉੱਭਰੇਗਾ।

ਐਤਵਾਰ ਨੂੰ ਪਿੰਡ ਖੱਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਸਿੰਘ ਤੇ ਰਾਜਗੁਰੂ ਦੇ ਸ਼ਹੀਦੀ ਦਿਹਾੜੇ ਨੂੰ ਸਮਰਿਪਤ ਸੂਬਾ ਪੱਧਰੀ ਸਮਾਗਮ ਦੌਰਾਨ ਤਿੰਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਮਗਰੋਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੋਈ ਸਿਆਸੀ ਸਮਾਗਮ ਨਹੀਂ ਸਗੋਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਅਹਿਮ ਮੌਕਾ ਹੈ, ਜਿਨ੍ਹਾਂ ਆਪਣੀ ਮਾਤ ਭੂਮੀ ਦੀ ਰਾਖੀ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਨ੍ਹਾਂ ਮਹਾਨ ਸ਼ਹੀਦਾਂ ਦੀ ਵਿਰਾਸਤ ਦੇ ਪਸਾਰ ਲਈ ਸੂਬਾ ਸਰਕਾਰ ਸੁਹਿਰਦ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਨਾਲ ਮੋਹਾਲੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਸ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ। ਸ਼ਹੀਦਾਂ ਦੇ ਨਾਂ 'ਤੇ ਹਵਾਈ ਅੱਡਿਆਂ, ਯੂਨੀਵਰਸਿਟੀਆਂ ਤੇ ਹੋਰ ਅਦਾਰਿਆਂ ਦਾ ਨਾਂ ਰੱਖਣਾ ਉਨ੍ਹਾਂ ਦੀ ਸ਼ਾਨਮੱਤੀ ਵਿਰਾਸਤ ਨੂੰ ਕਾਇਮ ਰੱਖਣ ਲਈ ਅਹਿਮ ਹੈ। ਉਨ੍ਹਾਂ ਦੀ ਸਰਕਾਰ ਨੇ ਮੋਹਾਲੀ ਏਅਰਪੋਰਟ ਰੋਡ 'ਤੇ ਨਿਸ਼ਾਨ-ਏ-ਇਨਕਲਾਬ ਪਲਾਜ਼ਾ ਲੋਕਾਂ ਨੂੰ ਸਮਰਪਿਤ ਕੀਤਾ ਹੈ ਜਿਸ 'ਚ ਸ਼ਹੀਦ ਭਗਤ ਸਿੰਘ ਦੀ 30 ਫੁੱਟ ਉੱਚਾ ਕਾਂਸੇ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਇਹ ਬੁੱਤ ਸ਼ਹੀਦਾਂ ਨੂੰ ਯਾਦ ਕਰਨ ਲਈ ਸਥਾਪਿਤ ਕੀਤਾ ਗਿਆ ਹੈ।





ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਸੁਪਨੇ ਅਜੇ ਵੀ ਅਧੂਰੇ ਹਨ ਕਿਉਂਕਿ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਤੇ ਗ਼ਰੀਬੀ ਦਾ ਡੰਗ ਅੱਜ ਵੀ ਕਾਇਮ ਹੈ। ਮੰਦੇਭਾਗੀਂ, ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਜਿਨ੍ਹਾਂ ਲੋਕਾਂ ਦੇ ਹੱਥਾਂ 'ਚ ਸੱਤਾ ਆਈ, ਉਨ੍ਹਾਂ ਨੇ ਅੰਗਰੇਜ਼ਾਂ ਤੋਂ ਵੀ ਵੱਧ ਬੇਰਹਿਮੀ ਨਾਲ ਸਰਕਾਰੀ ਖ਼ਜ਼ਾਨੇ ਲੁੱਟੇ। ਉਨ੍ਹਾਂ ਨੇ ਦਿੱਲੀ 'ਚ ਜੱਜ ਦੇ ਘਰ ਕਰੋੜਾਂ ਰੁਪਏ ਮਿਲਣ 'ਤੇ ਵਿਅੰਗ ਕੱਸਦੇ ਹੋਏ ਕਿਹਾ ਕਿ ਸ਼ਹੀਦਾਂ ਦੀਆਂ ਆਤਮਾਵਾਂ ਉਦੋਂ ਚੀਕ ਉੱਠੀਆਂ ਹੋਣਗੀਆਂ, ਜਦੋਂ ਉਨ੍ਹਾਂ ਨੇ ਵੱਡੇ ਅਧਿਕਾਰੀਆਂ ਤੇ ਜੱਜਾਂ ਦੇ ਘਰਾਂ ਤੋਂ ਵੱਡੀ ਮਾਤਰਾ 'ਚ ਨਕਦੀ ਬਰਾਮਦ ਹੁੰਦੇ ਦੇਖੀ ਹੋਵੇਗੀ। ਉਨ੍ਹਾਂ ਕਿਹਾ ਕਿ ਇਹੋ ਜਿਹੇ ਦਾਗੀ ਲੋਕਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੇ ਗ਼ਲਤ ਤਰੀਕੇ ਨਾਲ ਪੈਸੇ ਇਕੱਠੇ ਕੀਤੇ ਹਨ। ਉਹ ਇੱਥੇ ਹੀ ਨਹੀਂ ਰੁਕੇ, ਉਨ੍ਹਾਂ ਕਿਹਾ ਕਿ ਸ਼ਹੀਦਾਂ ਨੇ ਆਪਣੀ ਜਾਨ ਇਸ ਲਈ ਨਹੀਂ ਦਿੱਤੀ ਕਿ ਦੇਸ਼ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਜਮਾ ਲਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਲੱਖਾਂ ਨੌਜਵਾਨਾਂ ਲਈ ਬਿਨ੍ਹਾਂ ਸੁਆਰਥ ਦੀ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਣਾ ਸਰੋਤ ਬਣੇ ਰਹਿਣਗੇ।

## ਸ਼ਹੀਦ ਭਗਤ ਸਿੰਘ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ

ਸੀਐਮ ਭਗਵੰਤ ਮਾਨ ਨੇ ਐਤਵਾਰ ਨੂੰ ਇੱਥੇ ਜ਼ਿਲ੍ਹਾ ਹਸਪਤਾਲ ਨੇੜੇ 300 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਮੈਡੀਕਲ ਕਾਲਜ ਦਾ ਨੀਂਹ ਪੱਥਰ ਵੀ ਰੱਖਿਆ। ਨੀਂਹ ਪੱਥਰ ਰੱਖਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਨਵਾਂ ਸ਼ਹਿਰ, ਹੁਸ਼ਿਆਰਪੁਰ, ਕਪੂਰਥਲਾ, ਮਾਲੇਰਕੋਟਲਾ ਤੇ ਸੰਗਰੂਰ 'ਚ ਮੈਡੀਕਲ ਕਾਲਜ ਬਣ ਰਹੇ ਹਨ। ਸਾਡੇ ਬੱਚੇ ਯੂਕਰੇਨ 'ਚ ਮੈਡੀਕਲ ਦੀ ਸਿੱਖਿਆ ਲੈਣ ਜਾਂਦੇ ਸਨ। ਉੱਥੇ ਤਿੰਨ ਸਾਲਾਂ ਤੋਂ ਜੰਗ ਚੱਲ ਰਹੀ ਹੈ। ਇਨ੍ਹਾਂ ਪੰਜ ਮੈਡੀਕਲ ਕਾਲਜਾਂ ਦੇ ਬਣਨ ਤੋਂ ਬਾਅਦ ਬੱਚਿਆਂ ਨੂੰ ਬਾਹਰ ਨਹੀਂ ਜਾਣਾ ਪਵੇਗਾ।

# 300 ਕਰੋੜ ਨਾਲ ਬਣੇਗਾ ਭਗਤ ਸਿੰਘ ਮੈਡੀਕਲ ਕਾਲਜ



**ਨਵਾਂਸ਼ਹਿਰ:** ਕਈ ਦਹਾਕਿਆਂ ਤੋਂ ਅਣਗੌਲੇ ਰਹੇ ਸੂਬੇ ਦੇ ਦੋਆਬਾ ਖੇਤਰ ਨੂੰ 36 ਮਹੀਨਿਆ ਅੰਦਰ ਉਦੋਂ ਆਪਣਾ ਤੀਜਾ ਮੈਡੀਕਲ ਕਾਲਜ ਮਿਲ ਗਿਆ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਗਪਗ 300 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸ਼ਹੀਦ ਭਗਤ ਸਿੰਘ ਸਰਕਾਰੀ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ। ਇਹ ਦੋਆਬਾ ਖੇਤਰ ਵਿਚ ਤੀਜਾ ਮੈਡੀਕਲ ਕਾਲਜ ਹੈ ਕਿਉਂਕਿ ਮੁੱਖ ਮੰਤਰੀ ਨੇ ਪਹਿਲਾਂ ਹੁਸ਼ਿਆਰਪੁਰ ਤੇ ਕਪੂਰਥਲਾ ਵਿਖੇ ਮੈਡੀਕਲ ਕਾਲਜਾਂ ਦਾ ਨੀਂਹ ਪੱਥਰ ਰੱਖਿਆ ਸੀ। ਮੁੱਖ ਮੰਤਰੀ ਦੀ ਦੂਰਦਰਸ਼ੀ ਪਹੁੰਚ ਕਾਰਨ ਦੋਆਬਾ ਖੇਤਰ ਦੇ ਚਾਰ ਜ਼ਿਲ੍ਹਿਆਂ 'ਚੋਂ ਤਿੰਨ ਭਾਵ ਹੁਸ਼ਿਆਰਪੁਰ, ਕਪੂਰਥਲਾ ਤੇ ਸ਼ਹੀਦ ਭਗਤ ਸਿੰਘ ਨਗਰ 'ਚ ਹੁਣ ਸਰਕਾਰੀ ਮੈਡੀਕਲ ਕਾਲਜ ਹੋਣਗੇ।

ਨਵਾਂ ਸਰਕਾਰੀ ਮੈਡੀਕਲ ਕਾਲਜ ਸਿਵਲ ਹਸਪਤਾਲ ਨਾਲ ਜੁੜੇਗਾ। ਇਸ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ'ਤੇ ਰੱਖਿਆ ਗਿਆ। ਇਸ ਕਾਲਜ 'ਚ ਐੱਮਬੀਬੀਐੱਸ ਦੀਆਂ 50 ਸੀਟਾਂ ਹੋਣਗੀਆਂ, ਜਿਸ ਨਾਲ ਮੈਡੀਕਲ ਸਿੱਖਿਆ ਵਿਦਿਆਰਥੀਆਂ ਦੀ ਪਹੁੰਚ 'ਚ ਹੋਵੇਗੀ। ਮੈਡੀਕਲ ਕਾਲਜ ਦੀ ਸਥਾਪਨਾ ਨਾਲ ਮਾਹਰ ਅਤੇ ਸੁਪਰ-ਸਪੈਸ਼ਲਿਸਟ ਡਾਕਟਰ 24 ਘੰਟੇ ਉਪਲਬਧ ਹੋਣਗੇ। ਮੈਡੀਸਨ, ਸਰਜਰੀ, ਬਾਲ ਰੋਗ, ਆਰਥੋਪੈਡਿਕਸ, ਗਾਇਨਾਕੋਲੋਜੀ ਤੇ ਐਮਰਜੈਂਸੀ ਦੇਖਭਾਲ ਵਿਚ ਨਵੇਂ ਵਿਭਾਗਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਇਸੇ ਤਰ੍ਹਾਂ ਆਈਸੀਯੂ, ਟਰੌਮਾ ਸੈਂਟਰ ਤੇ ਡਾਇਗਨੌਸਟਿਕ ਲੈਬਾਂ ਨੂੰ ਵਧੇਰੇ ਗੰਭੀਰ ਮਰੀਜ਼ਾਂ ਨੂੰ ਸੰਭਾਲਣ ਲਈ ਅਪਗ੍ਰੇਡ ਕੀਤਾ ਜਾਵੇਗਾ। ਮਰੀਜ਼ਾਂ ਦੀ ਦੇਖਭਾਲ ਲਈ ਆਧੁਨਿਕ ਡਾਕਟਰੀ ਉਪਕਰਨ ਅਤੇ ਤਕਨਾਲੋਜੀ ਪੇਸ਼ ਕੀਤੀ ਜਾਵੇਗੀ।

# ਹੁਸੈਨੀ ਵਾਲਾ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਫ਼ਿਰੋਜ਼ਪੁਰ:** ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰੂ ਤੇ ਜਗੁਰੂ ਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚ ਕੇ ਲੋਕ ਸ਼ਹੀਦਾਂ ਨੂੰ ਨਤਮਸਤਕ ਹੋਏ। ਦੇਸ਼ ਵਾਸੀਆਂ ਨੇ ਆਪਣੇ ਨਿਵੇਕਲੇ ਪਹਿਰਾਵੇ ਤੇ ਢੰਗ ਨਾਲ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਜਿਥੇ ਫਾਜ਼ਿਲਕਾ ਦੀ ਇਕ ਐੱਨਜੀਓ ਵੱਲੋਂ ਸਾਢੇ ਤਿੰਨ ਸੌ ਫੁੱਟ ਦਾ ਤਿਰੰਗਾ ਲਿਆ ਕੇ ਆਪਣੇ ਅੰਦਾਜ਼ 'ਚ ਦੇਸ਼ ਭਗਤੀ ਦਾ ਪ੍ਰਗਟਾਵਾ ਕੀਤਾ ਤਾਂ ਸ਼ਹੀਦ ਰਾਜਗੁਰੂ ਦੇ ਸ਼ਹਿਰ ਪੂਨੇ ਤੋਂ ਹਰ ਵਾਰ ਵਾਂਗ ਸ਼ਹੀਦ ਦੇ ਰਿਸ਼ਤੇਦਾਰ ਤੇ ਚਾਹੁਣ ਵਾਲੇ ਵੀ ਉਚੇਚੇ ਤੌਰ 'ਤੇ ਪਹੁੰਚੇ। ਇਸ ਵਾਰ ਭਾਵੇਂ ਸਰਕਾਰ ਵੱਲੋਂ ਸੂਬਾ ਪੱਧਰੀ ਸਮਾਗਮ ਨਹੀਂ ਮਨਾਇਆ ਗਿਆ ਪਰ ਸਰਕਾਰ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਕੌਮੀ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਵਿਧਾਇਕ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਯਾ ਅਤੇ ਵਿਧਾਇਕ ਗੁਰੂਹਰਸਹਾਏ ਫੌਜਾ ਸਿੰਘ ਸਰਾਰੀ ਨੇ ਵੀ ਕੌਮੀ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ

**ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਨਿਸਵਾਰਥ ਦੇਸ਼ ਭਗਤੀ ਲਈ ਪ੍ਰੇਰਦੀ ਰਹੇਗੀ।**

ਉਪਰੰਤ ਕਿਹਾ ਕਿ ਸ਼ਹੀਦਾਂ ਦੀ ਇਹ ਪਵਿੱਤਰ ਧਰਤੀ ਨੌਜਵਾਨ ਪੀੜ੍ਹੀ ਨੂੰ ਦੇਸ਼ ਦੀ ਨਿਸਵਾਰਥ ਦੇਸ਼ ਭਗਤੀ ਲਈ ਪ੍ਰੇਰਦੀ ਰਹੇਗੀ। ਉਨ੍ਹਾਂ ਕਿਹਾ ਕਿ ਬਹੁਤ ਮੁਸੀਬਤਾਂ ਝੱਲ ਕੇ ਸਾਡੇ ਸ਼ਹੀਦਾਂ ਨੇ ਸਾਨੂੰ ਆਜ਼ਾਦੀ ਦਿਵਾਈ ਸੀ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਇਕ ਕ੍ਰਾਂਤੀਕਾਰੀ ਨਹੀਂ ਸਗੋਂ ਇਕ ਚਿੰਤਕ ਵੀ ਸਨ। ਸਾਡੀ ਨੌਜਵਾਨ ਪੀੜ੍ਹੀ ਨੂੰ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਚੱਲਣ ਦੀ ਲੋੜ ਹੈ ਤਾਂ ਹੀ ਅਸੀਂ ਦੇਸ਼ ਨੂੰ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਬਣਾ ਸਕਾਂਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਦੇਸ਼ ਦੇ ਸ਼ਹੀਦਾਂ ਦੀ ਯਾਦ 'ਚ ਸੂਬਾ ਭਰ 'ਚ ਇਨਕਲਾਬੀ ਮੇਲੇ ਸ਼ੁਰੂ ਕੀਤੇ ਗਏ ਹਨ।

## ਕੁੱਤਿਆਂ ਦੀਆਂ ਸਭ ਤੋਂ ਖ਼ਤਰਨਾਕ ਨਸਲਾਂ 'ਚੋਂ ਇਕ ਹੈ ਪਿਟਬੁੱਲ

ਪਿਟਬੁੱਲ ਕੁੱਤਿਆਂ ਨੂੰ ਦੁਨੀਆ ਦੀਆਂ ਸਭ ਤੋਂ ਖ਼ਤਰਨਾਕ ਨਸਲਾਂ 'ਚੋਂ ਇਕ ਮੰਨਿਆ ਜਾਂਦਾ ਹੈ। ਇਹ ਸਿਰਫ਼ ਇਨਸਾਨਾਂ 'ਤੇ ਹੀ ਨਹੀਂ ਸਗੋਂ ਜਾਨਵਰਾਂ 'ਤੇ ਵੀ ਹਮਲਾ ਕਰਦੇ ਹਨ। ਉਹ ਇੰਨੇ ਹਮਲਾਵਰ ਹਨ ਕਿ ਉਨ੍ਹਾਂ ਤੋਂ ਆਪਣੀ ਜਾਨ ਬਚਾਉਣੀ ਮੁਸ਼ਕਲ ਹੋ ਜਾਂਦੀ ਹੈ।

ਪੰਚਕੂਲਾ 'ਚ ਇਨ੍ਹਾਂ ਨੂੰ ਰੱਖਣ 'ਤੇ ਪਾਬੰਦੀ ਹੈ। ਪਿਟਬੁੱਲ ਦੇ ਹਮਲਿਆਂ ਦੇ ਕਈ ਮਾਮਲੇ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ। ਦਸਮੇਸ਼ ਨਗਰ, ਨਾਗਰਾ ਫਾਟਕ, ਬਸਤੀ ਦਾਨਿਸ਼ਮੰਦਾ, ਬਸਤੀ ਸ਼ੇਖ ਤੋਂ ਇਲਾਵਾ, ਕਈ ਪਿੰਡਾਂ 'ਚ ਵੀ ਉਨ੍ਹਾਂ ਦੇ ਹਮਲਿਆਂ ਦੇ ਮਾਮਲੇ ਸਾਹਮਣੇ ਆਏ ਹਨ।

# ਖੂੰਖਾਰ ਕੁੱਤੇ ਵਲੋਂ ਮਾਲਕਣ 'ਤੇ ਹਮਲਾ

**ਜਲੰਧਰ:** ਫੋਲੜੀਵਾਲ ਨਾਲ ਲਗਦੀ ਗਰੀਨ ਵੈਲੀ ਕਾਲੋਨੀ ਵਿਖੇ ਇਕ ਪਾਲਤੂ ਪਿਟਬੁੱਲ ਕੁੱਤੇ ਨੇ ਆਪਣੀ 35 ਸਾਲਾ ਮਾਲਕਣ ਕੰਵਲਜੀਤ ਕੌਰ ਨੂੰ ਬੁਰੀ ਤਰ੍ਹਾਂ ਵੱਢਿਆ, ਜਿਸ ਕਾਰਨ ਔਰਤ ਗੰਭੀਰ ਜ਼ਖ਼ਮੀ ਹੋ ਗਈ। ਔਰਤ ਦੇ ਲੱਤਾਂ ਤੇ ਬਾਹਾਂ 'ਤੇ ਡੂੰਘੇ ਜ਼ਖ਼ਮ ਹੋ ਗਏ। ਕੁੱਤੇ ਤੋਂ ਬਚਣ ਲਈ ਔਰਤ ਲਗਪਗ 20 ਮਿੰਟ ਜੱਦੋਜਹਿਦ ਕਰਦੀ ਰਹੀ। ਔਰਤ ਦਾ ਰੌਲਾ ਸੁਣ ਕੇ ਉਸ ਦਾ ਪੁੱਤਰ ਬਾਹਰ ਆਇਆ ਤੇ ਕੁੱਤੇ ਤੋਂ ਮਾਂ ਨੂੰ ਬਚਾਇਆ।

ਇਹ ਪਿਟਬੁੱਲ ਪਹਿਲਾਂ ਵੀ ਕਾਲੋਨੀ ਦੇ ਲੋਕਾਂ ਨੂੰ ਵੱਢ ਚੁੱਕਾ ਹੈ ਤੇ ਕਾਲੋਨੀ ਦੇ ਲੋਕਾਂ ਨੇ ਇਸ ਦੀ ਸ਼ਿਕਾਇਤ ਵੀ ਪੁਲਿਸ ਨੂੰ ਕੀਤੀ ਸੀ। ਘਰ ਦੀ ਮਾਲਕਣ ਨੂੰ ਵੱਢਣ ਤੋਂ ਪਹਿਲਾਂ ਪਿੱਟਬੁਲ ਨੇ ਸਾਹਮਣੇ ਘਰ ਰਹਿਣਵਾਲੀ ਇਕ ਛੋਟੀ ਕੁੜੀ 'ਤੇ ਵੀ ਹਮਲਾ ਕੀਤਾ ਸੀ ਜਿਸ ਨੂੰ ਉਸ ਦੇ ਘਰ ਵਾਲਿਆਂ ਨੇ ਬਚਾਅ ਲਿਆ। ਜਦੋਂ ਮਾਲਕਣ ਕੰਵਲਜੀਤ ਕੌਰ ਪਤਨੀ ਪ੍ਰਭਜੋਤ ਸਿੰਘ ਪਾਲਤੂ ਪਿਟਬੁੱਲ ਨੂੰ ਘਰ ਅੰਦਰ ਲਿਜਾਣ ਲਗੀ ਤਾਂ ਕੁੱਤੇ ਨੇ ਮਾਲਕਣ 'ਤੇ ਹੀ ਹਮਲਾ ਕਰ ਦਿੱਤਾ ਤੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।

ਕਾਲੋਨੀ ਦੇ ਰੇ ਹੋਏ ਲੋਕਾਂ ਨੇ ਕੌਂਸਲਰ



ਮਿੰਟੂ ਜੁਨੇਜਾ ਨੂੰ ਫੋਨ ਕੀਤਾ। ਮਿੰਟੂ ਜੁਨੇਜਾ ਨੇ ਪੁਲਿਸ ਨੂੰ ਫ਼ੋਨ ਕੀਤਾ, ਜਿਸ ਤੋਂ ਬਾਅਦ ਪੁਲਿਸ ਦੀ ਇੱਕ ਟੀਮ ਮੌਕੇ 'ਤੇ ਪਹੁੰਚ ਗਈ।

ਪੁਲਿਸ ਨੇ ਕਾਲੋਨੀ ਦੇ ਲੋਕਾਂ ਨਾਲ ਗੱਲ ਕੀਤੀ ਹੈ ਤੇ ਇਸ ਬਾਰੇ ਜਾਣਕਾਰੀ ਇਕੱਠੀ ਕੀਤੀ ਹੈ ਕਿ ਪਿਟਬੁੱਲ ਨੇ ਪਹਿਲਾਂ ਕਦੋਂ ਲੋਕਾਂ 'ਤੇ ਹਮਲਾ ਕੀਤਾ ਹੈ। ਜ਼ਖ਼ਮੀ ਔਰਤ ਨੂੰ ਪਹਿਲਾਂ ਐੱਸਜੀਐੱਲ ਹਸਪਤਾਲ ਲਿਜਾਇਆ ਗਿਆ ਤੇ ਫਿਰ ਪਿਮਸ 'ਚ ਦਾਖਲ ਕਰਵਾਇਆ ਗਿਆ। ਹਾਲਾਂਕਿ, ਸਵੇਰ ਤੱਕ ਔਰਤ ਨੂੰ ਪਿਮਸ ਹਸਪਤਾਲ ਤੋਂ ਵੀ ਛੁੱਟੀ ਦੇ ਦਿੱਤੀ ਗਈ। ਦੱਸਿਆ ਜਾ ਰਿਹਾ ਹੈ ਕਿ ਔਰਤ ਦੇ ਪਰਿਵਾਰਕ ਮੈਂਬਰ ਉਸ ਨੂੰ ਪਿੰਡ ਲੈ ਗਏ ਹਨ। ਪੁਲਿਸ ਕੋਲ ਸ਼ਿਕਾਇਤ ਪਹੁੰਚਣ ਕਾਰਨ, ਪਿਟਬੁੱਲ ਕੁੱਤੇ ਨੂੰ ਵੀ ਰਾਤ ਨੂੰ ਗਾਇਬ ਕਰ ਦਿੱਤਾ। ਗਿਆ ਤੇ ਕਿਸੇ ਹੋਰ ਅਣਜਾਣ ਜਗ੍ਹਾ 'ਤੇ ਲਿਜਾਇਆ ਗਿਆ ਹੈ।

# ਬੱਬਰ ਖ਼ਾਲਸਾ ਦੇ ਦੋ ਅੱਤਵਾਦੀਆਂ ਨੂੰ ਸਜ਼ਾ

**ਐੱਸਏਐੱਸ ਨਗਰ:** ਜ਼ਿਲ੍ਹਾ ਅਦਾਲਤ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਦੋ ਅੱਤਵਾਦੀਆਂ ਹੁਸ਼ਿਆਰਪੁਰ ਵਾਸੀ ਲਖਬੀਰ ਸਿੰਘ ਤੇ ਫ਼ਰੀਦਕੋਟ ਵਾਸੀ ਸੁਰਿੰਦਰ ਕੌਰ ਉਰਫ਼ ਸੁਖਪ੍ਰੀਤ ਕੌਰ ਨੂੰ ਸਜ਼ਾ ਸੁਣਾਈ ਹੈ। ਅਦਾਲਤ ਨੇ ਲਖਬੀਰ ਸਿੰਘ ਨੂੰ ਨਾਜਾਇਜ਼ ਸਰਗਰਮੀਆਂ ਰੋਕਥਾਮ ਐਕਟ ਦੀ ਧਾਰਾ 10 ਤਹਿਤ ਦੋ ਸਾਲ ਦੀ ਕੈਦ ਤੇ ਦੋ ਹਜ਼ਾਰ ਰੁਪਏ ਜੁਰਮਾਨਾ ਤੇ ਧਾਰਾ 13 ਤਹਿਤ ਪੰਜ ਸਾਲ ਦੀ ਕੈਦ ਤੇ 5 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਉੱਥੇ, ਸੁਖਪ੍ਰੀਤ ਕੌਰ ਨੂੰ ਗ਼ੈਰ ਕਾਨੂੰਨੀ ਸਰਗਰਮੀਆਂ ਰੋਕਥਾਮ ਐਕਟ ਦੀ ਧਾਰਾ 19 ਦੇ ਤਹਿਤ ਪੰਜ ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਦੀ ਸਜ਼ਾ ਸੁਣਾਈ ਹੈ ਜਦਕਿ ਉਨ੍ਹਾਂ ਦੇ ਇਕ ਸਾਥੀ ਸੁਰਿੰਦਰ ਸਿੰਘ ਨੂੰ ਸਬੂਤਾਂ ਦੀ ਘਾਟ 'ਚ ਬਰੀ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਮੋਹਾਲੀ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਲਖਬੀਰ ਸਿੰਘ ਨਾਂ ਦਾ ਵਿਅਕਤੀ ਦੁਬਈ 'ਚ ਰਹਿੰਦਾ ਸੀ। ਉਹ ਪਰਮਜੀਤ ਸਿੰਘ ਉਰਫ ਪੰਮਾ ਲਈ ਕੰਮ ਕਰਦਾ ਹੈ। ਪੰਮਾ ਵਿਦੇਸ਼ 'ਚ ਬੈਠ ਕੇ ਬੀ.ਕੇ.ਆਈ. ਲਈ ਕੰਮ ਕਰਦਾ ਹੈ।



## ਬੰਗਲਾਦੇਸ਼ ਬਾਰੇ ਕੇਂਦਰ ਦੀ ਨੀਤੀ ਤੋਂ ਸੰਤੁਸ਼ਟ ਹੈ ਸੰਘ

**ਨਵੀਂ ਦਿੱਲੀ:** ਬੰਗਲਾਦੇਸ਼ 'ਚ ਸ਼ੇਖ ਹਸੀਨਾ ਦੀ ਸਰਕਾਰ ਦੇ ਤਖ਼ਤਾ ਪਲਟ ਪਿੱਛੋਂ ਹਿੰਦੂਆਂ ਖ਼ਿਲਾਫ਼ ਹਿੰਸਕ ਘਟਨਾਵਾਂ ਨਾਲ ਨਜਿੱਠਣ ਲਈ ਮੋਦੀ ਸਰਕਾਰ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਤੋਂ ਆਰਐੱਸਐੱਸ ਸੰਤੁਸ਼ਟ ਹੈ। ਬੈਂਗਲੁਰੂ 'ਚ ਆਰਐੱਸਐੱਸ ਦੀ ਅਖਿਲ ਭਾਰਤੀ ਪ੍ਰਤੀਨਿਧੀ ਸਭਾ ਦੀ ਬੈਠਕ 'ਚ ਪਾਸ ਮਤੇ 'ਚ ਮੋਦੀ ਸਰਕਾਰ ਨੂੰ ਬੰਗਲਾਦੇਸ਼ 'ਚ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਜਾਰੀ ਰੱਖਣ ਲਈ ਕਿਹਾ ਗਿਆ ਹੈ। ਉੱਧਰ, ਸੰਘ ਨੇ ਭਾਜਪਾ ਨਾਲ ਟਕਰਾਅ ਦੇ ਕਿਆਸ ਖ਼ਾਰਜ ਕਰ ਦਿੱਤੇ ਹਨ। ਸੰਘ ਦੇ ਸਹਿ ਸਰਕਾਰਜਵਾਹ ਅਰੁਣ ਕੁਮਾਰ ਨੇ ਸਾਫ਼ ਕੀਤਾ ਕਿ ਸਮਾਜ ਤੇ ਦੇਸ਼ ਦੇ ਮੁੱਦਿਆਂ 'ਤੇ ਅਸੀਂ ਮਿਲ ਕੇ ਕੰਮ ਕਰਦੇ ਹਾਂ।




# ਅੰਮ੍ਰਿਤਸਰ 'ਚ ਹਿਮਾਚਲ ਪ੍ਰਦੇਸ਼ ਦੀਆਂ ਚਾਰ ਬੱਸਾਂ ਦੇ ਤੋੜੇ ਸ਼ੀਸ਼ੇ

**ਅੰਮ੍ਰਿਤਸਰ:** ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਐਚਆਰਟੀਸੀ) ਦੀਆਂ ਚਾਰ ਬੱਸਾਂ 'ਤੇ ਖ਼ਾਲਿਸਤਾਨੀਆ ਨੇ ਸ਼ਨਿਚਰਵਾਰ ਤੜਕੇ ਹਨੇਰੇ ਵਿਚ ਖਾਲਿਸਤਾਨੀ ਨਾਅਰੇ ਲਿਖੇ ਤੇ ਬੱਸਾਂ ਦੇ ਸ਼ੀਸ਼ੇ ਵੀ ਭੰਨ ਦਿੱਤੇ। ਨੁਕਸਾਨੀਆ ਬੱਸਾਂ ਦੀ ਜਾਂਚ ਤੋਂ ਬਾਅਦ ਰਾਮਬਾਗ ਡਰਾਈਵਰ ਕਸ਼ਮੀਰੀ ਲਾਲ ਤੇ ਥਾਣੇ ਦੀ ਪੁਲਿਸ ਨੇ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸਾਰੀਆਂ ਚਾਰ ਬੱਸਾਂ ਦੀ ਵੀਡੀਓਗ੍ਰਾਫੀ ਵੀ ਕੀਤੀ ਗਈ ਹੈ। ਉੱਧਰ, ਏਸੀਪੀ (ਪੂਰਬੀ) ਮਨਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਲਈ ਬੱਸ ਅੱਡੇ ਦੇ ਅੰਦਰ ਲੱਗੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ।

ਜ਼ਿਲ੍ਹਾ ਹਮੀਰਪੁਰ ਦੇ ਸੁਜਾਨਪੁਰ ਨਿਵਾਸੀ ਸੁਰੇਸ਼ ਕੁਮਾਰ ਤੇ ਡਰਾਈਵਰ ਕਸ਼ਮੀਰੀ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਡਿਊਟੀ ਅੰਮ੍ਰਿਤਸਰ-ਸੁਜਾਨਪੁਰ ਰੂਟ 'ਤੇ ਹੈ। ਸ਼ਨਿਚਰਵਾਰ ਤੜਕੇ ਪੌਣੇ ਤਿੰਨ ਵਜੇ ਅੰਮ੍ਰਿਤਸਰ ਬੱਸ ਅੱਡੇ 'ਤੇ ਪਹੁੰਚ ਗਈ ਸੀ। ਸਾਰੀਆਂ ਸਵਾਰੀਆਂ ਨੂੰ ਉਤਾਰਨ ਤੋਂ ਬਾਅਦ ਉਨ੍ਹਾਂ ਬੱਸ ਨੂੰ ਬੱਸ ਅੱਡੇ ਦੇ ਅੰਦਰ ਬਣੇ ਕਾਊਂਟਰ ਨੰਬਰ 12 ਦੇ ਸਾਹਮਣੇ ਖੜ੍ਹਾ ਕਰ ਦਿੱਤਾ। ਪਾਰਕਿੰਗ ਦੇ ਰੂਪ ਵਿਚ ਉਨ੍ਹਾਂ ਅੱਠ ਸੌ ਰੁਪਏ ਫੀਸ ਦਾ ਭੁਗਤਾਨ ਵੀ ਕੀਤਾ। ਸ਼ਨਿਚਰਵਾਰ ਸਵੇਰੇ ਜਦੋਂ ਉਹ ਬੱਸ ਸੁਜਾਨਪੁਰ ਲਿਜਾਣ ਲਈ ਪਹੁੰਚ ਰਹੇ ਸਨ ਤਾਂ ਹਿਮਾਚਲ ਦੀ ਇਕ ਹੋਰ ਬੱਸ ਦੇ ਡਰਾਈਵਰ ਨੇ ਉਨ੍ਹਾਂ ਨੂੰ ਮੋਬਾਈਲ 'ਤੇ ਜਾਣਕਾਰੀ ਦਿੱਤੀ ਐਚਆਰਟੀਸੀ ਦੀਆਂ ਚਾਰ ਬੱਸਾ ਦੇ ਸ਼ੀਸ਼ੇ ਟੁੱਟੇ ਹਨ। ਇਹੀ ਨਹੀਂ ਬੱਸਾਂ 'ਤੇ ਪੇਂਟ ਨਾਲ ਖ਼ਾਲਿਸਤਾਨ ਵੀ ਲਿਖਿਆ ਹੈ। ਇਸ ਬਾਰੇ ਪਤਾ ਲੱਗਦੇ ਹੀ ਉਹ ਤੁਰੰਤ ਮੌਕੇ 'ਤੇ ਪੁੱਜੇ ਤੇ ਘਟਨਾ ਬਾਰੇ ਪੁਲਿਸ ਨੂੰ ਜਾਣਕਾਰੀ ਦਿੱਤੀ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾ ਹੋਲੀ 'ਤੇ ਖ਼ਾਲਿਸਤਾਨ ਹਮਾਇਤੀ ਹਿਮਾਚਲ ਦੇ ਕਈ ਹਿੱਸਿਆਂ ਵਿਚ ਆਪਹਿਮਾਚਲ ਪੁਲਿਸ ਨੇ ਖ਼ਾਲਿਸਤਾਨ ਹਮਾਇਤੀਆਂ ਨੂੰ ਉੱਥੇ ਹੀ ਰੋਕ ਕੇ ਭਿੰਡਰਾਂਵਾਲੇ ਝੰਡੇ ਉਤਰਵਾਏ ਸਨ। ਇਸੇ ਦੇ ਵਿਰੋਧ ਵਿਚ ਖ਼ਾਲਿਸਤਾਨੀਆਂ ਨੇ ਬੱਸ ਅੱਡੇ 'ਤੇ ਹਿਮਾਚਲ ਦੀਆਂ ਬੱਸਾਂ ਨਾਲ ਭੰਨਤੋੜ ਕੀਤੀ ਤੇ ਖ਼ਾਲਿਸਤਾਨੀ ਨਾਅਰੇ ਲਿਖੇ।ਣੀਆਂ ਗੱਡੀਆਂ 'ਤੇ ਭਿੰਡਰਾਂਵਾਲੇ ਦੇ ਪੋਸਟਰ ਤੇ ਝੰਡੇ ਲਾ ਕੇ ਜਾ ਰਹੇ ਸਨ।

ਹਿਮਾਚਲ ਪੁਲਿਸ ਨੇ ਖ਼ਾਲਿਸਤਾਨ ਹਮਾਇਤੀਆਂ ਨੂੰ ਉੱਥੇ ਹੀ ਰੋਕ ਕੇ ਭਿੰਡਰਾਂਵਾਲੇ ਝੰਡੇ ਉਤਰਵਾਏ ਸਨ। ਇਸੇ ਦੇ ਵਿਰੋਧ ਵਿਚ ਖ਼ਾਲਿਸਤਾਨੀਆਂ ਨੇ ਬੱਸ ਅੱਡੇ 'ਤੇ ਹਿਮਾਚਲ ਦੀਆਂ ਬੱਸਾਂ ਨਾਲ ਭੰਨਤੋੜ ਕੀਤੀ ਤੇ ਖ਼ਾਲਿਸਤਾਨੀ ਨਾਅਰੇ ਲਿਖੇ।




## ਹਿਮਾਚਲ ਦੀਆਂ ਬੱਸਾਂ ਰਾਤ ਸਮੇਂ ਪੰਜਾਬ 'ਚ ਨਹੀਂ ਰੁਕਣਗੀਆਂ

**ਸ਼ਿਮਲਾ:** ਪੰਜਾਬ 'ਚ ਹਿਮਾਚਲ ਦੀਆਂ ਬੱਸਾਂ 'ਤੇ ਹਮਲੇ ਤੇ ਉਨ੍ਹਾਂ 'ਤੇ ਖ਼ਾਲਿਸਤਾਨ ਹਮਾਇਤੀ ਨਾਅਰੇ ਲਿਖੇ ਜਾਣ ਤੋਂ ਬਾਅਦ ਹਿਮਾਚਲ ਸਰਕਾਰ ਨੇ ਸੂਬੇ ਦੀਆਂ ਬੱਸਾਂ ਨੂੰ ਰਾਤ ਦੇ ਸਮੇਂ ਪੰਜਾਬ 'ਚ ਨਾ ਰੋਕਣ ਦਾ ਫ਼ੈਸਲਾ ਕੀਤਾ ਹੈ। ਸੂਬੇ ਦੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਕਿਹਾ ਕਿ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ 'ਆਪ' ਸਰਕਾਰ ਬੱਸਾਂ ਤੇ ਯਾਤਰੀਆਂ ਦੀ ਸੁਰੱਖਿਆ ਦਾ ਭਰੋਸਾ ਨਹੀਂ ਦੇ ਦਿੰਦੀ।

# ਅਗਲੇ 25 ਸਾਲਾਂ ਤੱਕ ਸੰਸਦੀ ਸੀਟਾਂ ਦੀ ਹੱਦਬੰਦੀ ਨਾ ਬਦਲਣ ਦੀ ਮੰਗ

## ਵਿਰੋਧੀ ਪਾਰਟੀਆਂ ਨੇ ਕੇਂਦਰ ਤੋਂ ਕੀਤੀ ਪੁਰਜ਼ੋਰ ਮੰਗ

**ਚੇਨਈ:** ਹੱਦਬੰਦੀ ਦੇ ਮੁੱਦੇ ਬਾਰੇ ਡੀ.ਐਮ.ਕੇ. ਦੀ ਅਗਵਾਈ 'ਚ ਸ਼ਨਿਚਰਵਾਰ ਨੂੰ ਬੁਲਾਈ ਗਈ ਸਾਂਝੀ ਕਾਰਵਾਈ ਕਮੇਟੀ (ਜੇਏਸੀ) ਦੀ ਬੈਠਕ 'ਚ ਦੱਖਣ ਦੇ ਸੂਬਿਆਂ ਨੇ ਕੇਂਦਰ ਤੋਂ ਮੰਗ ਕੀਤੀ ਕਿ 1971 ਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਅਗਲੇ 25 ਸਾਲਾਂ ਤੱਕ ਸੰਸਦੀ ਸੀਟਾਂ ਇਸੇ ਤਰ੍ਹਾਂ ਰੱਖੀਆਂ ਜਾਣ। ਬੈਠਕ 'ਚ ਮਤਾ ਪਾਸ ਕਰ ਕੇ ਕਿਹਾ ਗਿਆ ਕਿ ਉਹ ਹੱਦਬੰਦੀ ਦੇ ਖ਼ਿਲਾਫ਼ ਨਹੀਂ ਹਨ, ਪਰ ਇਹ ਨਿਰਪੱਖ ਹੋਣੀ ਚਾਹੀਦੀ ਹੈ। ਇਸ 'ਚ ਸਾਰੇ ਸੂਬਿਆਂ ਦੀਆਂ ਸਿਆਸੀ ਪਾਰਟੀਆਂ, ਸੂਬਾ ਸਰਕਾਰਾਂ ਤੇ ਹੋਰ ਹਿੱਤਧਾਰਕਾਂ ਨੂੰ ਵਿਚਾਰ-ਵਟਾਂਦਰੇ ਦਾ ਮੌਕਾ ਮਿਲੇ। ਇਸ ਦੌਰਾਨ ਡੀ.ਐੱਮ.ਕੇ ਮੁਖੀ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ ਹੋਏ ਸਟਾਲਿਨ ਨੇ ਕਿਹਾ ਕਿ ਉਹ ਹੱਦਬੰਦੀ ਦੇ ਮੁੱਦੇ 'ਤੇ ਸਿਆਸੀ ਲੜਾਈ ਦੇ ਨਾਲ-ਨਾਲ ਕਾਨੂੰਨੀ ਲੜਾਈ ਵੀ ਲੜਨਗੇ। ਉਨ੍ਹਾਂ ਨੇ ਇਸ ਦੇ ਲਈ ਇਕ ਮਾਹਿਰ ਕਮੇਟੀ ਦੇ ਗਠਨ ਦੀ ਗੱਲ ਕਹੀ।



ਉਨ੍ਹਾਂ ਨੇ ਇਸ ਪੈਨਲ ਦਾ ਨਾਂ ''ਨਿਰਪੱਖ ਹੱਦਬੰਦੀ ਲਈ ਸਾਂਝੀ ਕਾਰਵਾਈ ਕਮੇਟੀ'' ਰੱਖਣ ਦੀ ਤਜਵੀਜ਼ ਦਿੱਤੀ। ਉਨ੍ਹਾਂ ਨੇ ਨਿਰਪੱਖ ਹੱਦਬੰਦੀ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਲੋਕਤੰਤਰੀ ਨੁਮਾਇੰਦਗੀ ਨੂੰ ਮਜ਼ਬੂਤ ਕਰਨ ਦੇ ਉਪਾਵਾਂ 'ਚ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਹੈ, ਬਸ਼ਰਤੇ ਕਿ ਉਹ ਨਿਰਪੱਖ ਹੋਵੇ। ਇਸ ਬੈਠਕ 'ਚ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ, ਪੰਜਾਬ ਦੇ ਸੀ.ਐੱਮ. ਭਗਵੰਤ ਮਾਨ, ਤੇਲੰਗਾਨਾ ਦੇ ਮੁੱਖ ਮੰਤਰੀ ਏ ਰੇਵੰਤ ਰੈੱਡੀ, ਕਰਨਾਟਕ ਦੇ ਡਿਪਟੀ ਸੀ.ਐੱਮ. ਡੀ.ਕੇ ਸ਼ਿਵਕੁਮਾਰ ਤੇ ਸੀਨੀਅਰ ਬੀ.ਆਰ.ਐੱਸ. ਆਗੂ ਕੇਟੀ ਰਾਮਾਰਾਓ ਸਮੇਤ ਅਨੇਕ ਆਗੂਆਂ ਨੇ ਸ਼ਿਰਕਤ ਕੀਤੀ। ਬੈਠਕ 'ਚ ਮਤਾ ਪਾਸ ਕਰ ਕੇ ਕਿਹਾ ਗਿਆ ਕਿ ਜਿਨ੍ਹਾਂ ਸੂਬਿਆਂ ਨੇ ਅਸਰਦਾਰ ਤਰੀਕੇ ਨਾਲ ਆਬਾਦੀ ਕੰਟਰੋਲ ਪ੍ਰੋਗਰਾਮ ਲਾਗੂ ਕੀਤਾ ਹੈ ਤੇ ਜਿਨ੍ਹਾਂ ਦੀ ਆਬਾਦੀ ਹਿੱਸੇਦਾਰੀ ਘੱਟ ਹੋ ਗਈ ਹੈ, ਉਨ੍ਹਾਂ ਨੂੰ ਸਜ਼ਾ ਬਿਲਕੁਲ ਨਹੀਂ ਦਿੱਤੀ ਜਾਣੀ ਚਾਹੀਦੀ। ਕੇਂਦਰ ਨੂੰ ਇਸ ਦੇ ਲਈ ਜ਼ਰੂਰੀ ਸੰਵਿਧਾਨਕ ਸੋਧ ਕਰਨੀ ਚਾਹੀਦੀ ਹੈ। ਮਤੇ 'ਚ ਕਿਹਾ ਗਿਆ ਕਿ 42ਵੀਂ, 84ਵੀਂ ਤੇ 87ਵੀਂ ਸੰਵਿਧਾਨਕ ਸੋਧ ਦਾ ਮਨਸ਼ਾ ਉਨ੍ਹਾਂ ਸੂਬਿਆਂ ਦੀ ਰੱਖਿਆ ਕਰਨਾ ਸੀ, ਜਿਨ੍ਹਾਂ ਨੇ ਆਬਾਦੀ ਕੰਟਰੋਲ ਉਪਾਵਾਂ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਹੈ। ਰਾਸ਼ਟਰੀ ਆਬਾਦੀ ਸਥਿਰੀਕਰਨ ਦਾ ਟੀਚਾ ਹਾਲੇ ਤੱਕ ਹਾਸਲ ਨਹੀਂ ਹੋਇਆ। ਇਸ ਹਾਲਤ 'ਚ 1971 ਦੀ ਮਰਦਮਸ਼ੁਮਾਰੀ ਨੂੰ 25 ਹੋਰ ਸਾਲਾਂ ਲਈ ਵਧਾਇਆ ਜਾਣਾ ਚਾਹੀਦਾ ਹੈ।

ਇਸ 'ਚ ਕਿਹਾ ਗਿਆ ਕਿ ਬੈਠਕ 'ਚ ਹਿੱਸਾ ਲੈਣ ਵਾਲੇ ਸੂਬਿਆਂ ਦੇ ਸੰਸਦ ਮੈਂਬਰਾਂ ਦੀ ਕੋਰ ਕਮੇਟੀ ਸੰਸਦੀ ਰਣਨੀਤੀਆਂ ਦਾ ਤਾਲਮੇਲ ਕਰੇਗੀ ਤਾਂ ਜੋ ਕੇਂਦਰ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਮੁਕਾਬਲਾ ਕੀਤਾ ਜਾ ਸਕੇ। ਵੱਖ-ਵੱਖ ਸੂਬਿਆਂ ਦੀਆਂ ਸਿਆਸੀ ਪਾਰਟੀਆਂ ਇਸ ਮੁੱਦੇ 'ਤੇ ਆਪਣੇ-ਆਪਣੇ ਸੂਬਿਆਂ ਦੀਆਂ ਵਿਧਾਨ ਸਭਾਵਾਂ 'ਚ ਇਸ ਸੰਬੰਧੀ ਮਤਾ ਲਿਆਉਣ ਦੀ ਕੋਸ਼ਿਸ਼ ਕਰਨਗੀਆਂ ਤੇ ਕੇਂਦਰ ਨੂੰ ਇਨ੍ਹਾਂ ਤੋਂ ਜਾਣੂ ਕਰਾਉਣਗੀਆਂ।

## ਪਿਆਜ਼ ਦੀ ਬਰਾਮਦ 'ਤੇ ਲੱਗੀ 20 ਫ਼ੀਸਦੀ ਡਿਊਟੀ ਹਟਾਈ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪਿਆਜ਼ ਦੀ ਬਰਾਮਦ 'ਤੇ ਲੱਗੀ 20 ਫ਼ੀਸਦੀ ਡਿਊਟੀ ਨੂੰ ਪਹਿਲੀ ਅਪ੍ਰੈਲ ਤੋਂ ਹਟਾਉਣ ਦਾ ਐਲਾਨ ਕੀਤਾ। ਪਿਆਜ਼ ਦੀਆਂ ਕੀਮਤਾਂ 'ਚ ਨਰਮੀ ਦਰਮਿਆਨ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ। ਖਪਤਕਾਰ ਮਾਮਲਿਆਂ ਦੇ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਇਹ ਫ਼ੈਸਲਾ ਕਿਸਾਨਾਂ ਨੂੰ ਲਾਭਕਾਰੀ ਮੁੱਲ ਯਕੀਨੀ ਬਣਾਉਣ ਤੇ ਖਪਤਕਾਰਾਂ ਲਈ ਪਿਆਜ਼ ਦੀ ਉਪਲਬਧਤਾ ਬਣਾਈ ਰੱਖਣ ਦੀ ਸਰਕਾਰ ਦੀ ਵਚਨਬੱਧਤਾ ਦਾ ਇਕ ਹੋਰ ਸਬੂਤ ਹੈ।



## ਪੰਜਾਬ ਦੀਆਂ ਸਿਆਸੀ ਪਾਰਟੀਆਂ ਵੱਲੋਂ ਵੀ ਹੱਦਬੰਦੀ ਦਾ ਵਿਰੋਧ



**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਹੱਦਬੰਦੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਅੱਜ ਚੇਨਈ 'ਚ ਮੁੱਖ ਮੰਤਰੀ ਭਗਵੰਤ ਮਾਨ, ਸ਼੍ਰੋਮਣੀ ਅਕਾਲੀ ਦਲ ਦੇ ਬਲਵਿੰਦਰ ਸਿੰਘ ਭੂੰਦੜ ਤੇ ਡਾ.ਦਲਜੀਤ ਸਿੰਘ ਚੀਮਾ ਨੇ ਇਸ 'ਚ ਹਿੱਸਾ ਲੈਂਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੀ ਆਵਾਜ਼ ਨੂੰ ਦਬਾਉਣ ਲਈ ਸੰਸਦੀ ਖੇਤਰਾਂ ਦੀ ਗ਼ੈਰ-ਜ਼ਰੂਰੀ ਅਤੇ ਗ਼ੈਰ-ਲੋਕਤੰਤਰੀ ਹੱਦਬੰਦੀ ਲਾਗੂ ਕਰਨਾ ਚਾਹੁੰਦੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਵੱਲੋਂ ਕਰਵਾਏ ਗਏ ਸੰਮੇਲਨ 'ਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਭਾਜਪਾ ਉਨ੍ਹਾਂ ਸੂਬਿਆਂ 'ਚ ਸੀਟਾਂ ਘੱਟ ਕਰਨ ਦਾ ਕੰਮ ਕਰ ਰਹੀ ਹੈ, ਜਿੱਥੇ ਉਹ ਜਿੱਤ ਨਹੀਂ ਸਕਦੀ। ਇਸ ਦੇ ਉਲਟ ਭਾਜਪਾ ਹਿੰਦੀ ਪੱਟੀ 'ਚ ਸੀਟਾਂ ਵਧਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ, ਜਿੱਥੇ ਉਨ੍ਹਾਂ ਨੂੰ ਜ਼ਿਆਦਾ ਸੀਟਾਂ ਮਿਲਦੀਆਂ ਹਨ। ਅਸੀਂ ਲੋਕਤੰਤਰ ਨੂੰ ਕਮਜ਼ੋਰ ਕਰਨ ਦੇ ਉਸ ਦੇ ਨਾਪਾਕ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਇਹ ਹਾਸੋਹੀਣਾ ਹੈ ਕਿ ਦੱਖਣੀ ਭਾਰਤ 'ਚ ਆਬਾਦੀ ਘਣਤਾ ਦੇ ਨਾਂ 'ਤੇ ਸੀਟਾਂ ਘੱਟ ਕੀਤੀਆਂ ਜਾ ਰਹੀਆਂ ਹਨ।

## ਕੈਨੇਡਾ ਵਿੱਚ ਚੋਰੀ ਦੇ ਟਰੱਕਾਂ ਦੇ ਨੰਬਰ ਬਦਲਦੇ ਦੋ ਪੰਜਾਬੀ ਫੜੇ

**ਵੈਨਕੂਵਰ:** ਪੀਲ ਪੁਲੀਸ ਨੇ ਚੋਰੀ ਕੀਤੇ ਟਰੱਕ ਦਾ ਨੰਬਰ ਬਦਲਣ ਮਗਰੋਂ ਜਾਅਲੀ ਦਸਤਾਵੇਜ਼ਾਂ ਰਾਹੀਂ ਨਵੀਂ ਰਜਿਸਟਰੇਸ਼ਨ ਕਰਵਾ ਕੇ ਵੇਚਣ ਦੇ ਦੋਸ਼ ਹੇਠ ਬਰੈਂਪਟਨ ਰਹਿੰਦੇ ਦੋ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਇੰਦਰਜੀਤ ਸਿੰਘ ਵਾਲੀਆ (50) ਅਤੇ ਨਰਿੰਦਰ ਸ਼ੋਕਰ (43) ਵਜੋਂ ਹੋਈ ਹੈ। ਪੁਲੀਸ ਅਨੁਸਾਰ ਚੋਰੀ ਕੀਤੇ ਸਾਮਾਨ ਦੀ ਕੀਮਤ ਕਰੀਬ 9 ਕਰੋੜ ਰੁਪਏ ਬਣਦੀ ਹੈ।



ਪੰਜਾਬ ਟਾਈਮਜ਼

29 ਮਾਰਚ, ਸ਼ਨਿਚਰਵਾਰ

# ਕਿਧਰ ਨੂੰ ਜਾ ਰਿਹਾ ਪੰਜਾਬ?

ਪੰਜਾਬ ਬੇਹੱਦ ਨਾਜ਼ੁਕ ਹਾਲਾਤ ਵਿਚੀਂ ਗੁਜ਼ਰ ਰਿਹਾ ਹੈ। ਕਿਸਾਨ ਆਗੂਆਂ ਨੂੰ ਮੀਟਿੰਗ ਵਿਚ ਬੁਲਾਉਣ ਉਪਰੰਤ ਜਿਵੇਂ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਨੇ ਮਿਲੀਭੁਗਤ ਨਾਲ ਕਿਸਾਨ ਆਗੂਆਂ ਦੀ ਗ੍ਰਿਫ਼ਤਾਰੀ ਕਰਕੇ ਸ਼ੰਭੂ ਅਤੇ ਖਨੌਰੀ ਦੇ ਬਾਰਡਰ ਜ਼ਬਰਦਸਤੀ ਖੁਲ੍ਹਵਾਉਣ ਦੀ ਕਾਰਵਾਈ ਕੀਤੀ ਹੈ, ਉਸ ਨਾਲ ਪੰਜਾਬ ਦੇ ਲੋਕਾਂ ਵਿਚ ਸਰਕਾਰ ਪ੍ਰਤੀ ਬੇਭਰੋਸਗੀ ਵਧੀ ਹੈ। ਲਗਭਗ ਇਕ ਹਫਤਾ ਪਹਿਲਾਂ ਹੀ ਪੰਜਾਬ ਦੇ ਮੁੱਖ ਮੰਤਰੀ ਦਾ ਕਿਸਾਨਾਂ ਨਾਲ ਕੀਤੀ ਜਾ ਰਹੀ ਮੀਟਿੰਗ ਵਿਚੋਂ ਇਹ ਕਹਿ ਕੇ ਉਠ ਜਾਣਾ ਕਿ ਕਿਸਾਨੀ ਮੰਗਾਂ ਦਾ ਪੰਜਾਬ ਨਾਲ ਕੋਈ ਸੰਬੰਧ ਹੀ ਨਹੀਂ ਹੈ, ਅਤੇ ਬਾਰਡਰ ਖੁਲ੍ਹਵਾਉਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਖੇਤੀ ਮੰਤਰੀ ਵਲੋਂ ਮੀਟਿੰਗ ਦਾ ਸੱਦਾ ਭੇਜਣਾ ਹਾਸੋ-ਹੀਣੀ ਸਥਿਤੀ ਪੈਦਾ ਕਰਦਾ ਹੈ। ਕਿਸਾਨ ਮੋਰਚੇ ਵਲੋਂ ਗੱਲਬਾਤ ਦੇ ਇਸ ਸੱਦੇ ਨੂੰ ਸਪੱਸ਼ਟ ਰੂਪ ਵਿਚ ਨਕਾਰਦੇ ਹੋਏ ਕਿਹਾ ਗਿਆ ਹੈ ਕਿ ਫੜੋ-ਫੜੀ ਦੇ ਮਾਹੌਲ ਵਿਚ ਗੱਲਬਾਤ ਕਿਵੇਂ ਸੰਭਵ ਹੈ?

ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਨੇ ਸਪੱਸ਼ਟ ਕੀਤਾ ਕਿ ਸਰਕਾਰ ਨੇ ਬੁੱਧਵਾਰ ਤੇ ਵੀਰਵਾਰ ਨੂੰ ਕਾਰਵਾਈ ਕਰਦੇ ਹੋਏ ਦੂਜੇ ਧੜੇ ਦੇ ਕਿਸਾਨਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਹੈ। ਅਜਿਹੇ ਵਿਚ ਜਦੋਂ ਉਨ੍ਹਾਂ ਦੇ ਸਾਥੀ ਕਿਸਾਨ ਜੇਲ੍ਹਾਂ ਵਿਚ ਹੋਣ ਅਤੇ ਇਸ ਮਾਹੌਲ ਵਿਚ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਮੀਟਿੰਗ ਨਹੀਂ ਕੀਤੀ ਜਾ ਸਕਦੀ। ਖੇਤੀ ਮੰਤਰੀ ਖੁਡੀਆਂ ਨੇ ਇਹ ਮੀਟਿੰਗ ਐੱਸਕੇਐੱਮ ਵੱਲੋਂ ਵਿਧਾਨ ਸਭਾ ਵਿਚ ਪੇਸ਼ ਹੋਣ ਵਾਲੇ ਬਜਟ ਦੌਰਾਨ ਵਿਧਾਨ ਸਭਾ ਤੱਕ ਮਾਰਚ ਕਰਨ ਦੇ ਐਲਾਨ ਤੋਂ ਬਾਅਦ ਉਨ੍ਹਾਂ ਨੂੰ ਮਨਾਉਣ ਲਈ ਬੁਲਾਈ ਸੀ। ਕਿਸਾਨ ਆਗੂ ਤਿੰਨ ਮਾਰਚ ਨੂੰ ਹੋਈ ਮੀਟਿੰਗ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਚਾਲੇ ਛੱਡ ਕੇ ਜਾਣ ਤੋਂ ਨਾਰਾਜ਼ ਹਨ। ਖ਼ਾਸ ਗੱਲ ਇਹ ਹੈ ਕਿ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸ਼ੁੱਕਰਵਾਰ ਸਵੇਰੇ ਹੀ ਮੀਟਿੰਗ ਵਿਚ ਭਾਗ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ ਜਦਕਿ ਐੱਸਕੇਐੱਮ ਨਾਲ ਜੁੜੇ ਬਾਕੀ ਕਿਸਾਨ ਆਗੂਆਂ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਇਕ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ। ਮੀਟਿੰਗ ਤੋਂ ਬਾਅਦ ਕਿਸਾਨ ਨੇਤਾ ਹਰਿੰਦਰ ਸਿੰਘ ਲੱਖੋਵਾਲ ਨੇ ਪੱਤਰਕਾਰਾਂ ਨੂੰ ਕਿਹਾ ਕਿ ਗੱਲਬਾਤ ਲਈ ਮਾਹੌਲ ਅਨੁਕੂਲ ਨਹੀਂ ਹੈ। ਸਾਡੇ ਸਾਥੀ ਜਿਨ੍ਹਾਂ ਵਿਚ ਬਜ਼ੁਰਗ ਤੇ ਔਰਤਾਂ ਵਿਚ ਸ਼ਾਮਲ ਹਨ, ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਗ੍ਰਿਫ਼ਤਾਰੀ ਦਾ ਡਰ ਨਹੀਂ ਹੈ। ਉਹ ਜਦੋਂ ਚਾਹੁਣ ਸਾਨੂੰ ਗ੍ਰਿਫ਼ਤਾਰ ਕਰ ਸਕਦੇ ਹਨ। ਅਸੀਂ ਮੀਟਿੰਗ ਦਾ ਬਾਈਕਾਟ ਕਰ ਰਹੇ ਹਾਂ ਤਾਂ ਕਿ ਸਰਕਾਰ ਨੂੰ ਇਹ ਸੰਦੇਸ਼ ਦਿੱਤਾ ਜਾ ਸਕੇ ਕਿ ਉਹ ਦੂਜੀਆਂ ਜਥੇਬੰਦੀਆਂ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਹੋਰ ਕਿਸਾਨ ਜਥੇਬੰਦੀਆਂ ਨੂੰ ਨਹੀਂ ਬੁਲਾ ਸਕਦੇ। ਸਰਕਾਰ ਅਤੇ ਕਿਸਾਨਾਂ ਵਿਚਕਾਰ ਸ਼ੁਰੂ ਹੋਇਆ ਇਹ ਡੈਡਲਾਕ ਕਦੋਂ ਟੁੱਟੇਗਾ? ਇਹ ਤਾਂ ਸਮਾਂ ਹੀ ਦੱਸੇਗਾ।

ਦੂਸਰੇ ਪਾਸੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿਚਕਾਰ ਸ਼ੁਰੂ ਹੋਏ ਇਕ ਹੋਰ ਵਿਵਾਦ ਨੇ ਸਥਿਤੀ ਕਾਫ਼ੀ ਨਾਜ਼ੁਕ ਬਣਾ ਦਿੱਤੀ ਹੈ। ਪਿਛਲੇ ਕੁਝ ਹ਼ਫਤਿਆਂ ਤੋਂ ਵਧਿਆ ਹੋਇਆ ਇਹ ਵਿਵਾਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਝੰਡੇ ਤੋਂ ਸ਼ੁਰੂ ਹੋਇਆ ਸੀ। ਹੁਣ ਇਹ ਰੱਫੜ ਹਿਮਾਚਲ ਦੀਆਂ ਬੱਸਾਂ ਦੀ ਭੰਨਤੋੜ ਤੇ ਇਨ੍ਹਾਂ 'ਤੇ ਖ਼ਾਲਿਸਤਾਨ ਦੇ ਨਾਅਰੇ ਲਿਖਣ ਤੱਕ ਪੁੱਜ ਗਿਆ ਹੈ। ਕੁਝ ਧਾਰਮਿਕ ਸੰਗਠਨਾਂ ਦੇ ਤੱਤੇ ਬਿਆਨਾਂ ਕਾਰਨ ਇਹ ਮਾਮਲਾ ਹੋਰ ਤੂਲ ਫੜ ਗਿਆ ਹੈ। ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਇਸ ਨਾਲ ਜੁੜੀਆਂ ਵੀਡੀਓਜ਼ ਨੇ ਅੱਗ 'ਤੇ ਘਿਓ ਪਾਉਣ ਦਾ ਕੰਮ ਕੀਤਾ ਹੈ। ਇਸ ਸਾਰੇ ਵਿਵਾਦ ਨਾਲ ਪੰਜਾਬ ਤੇ ਹਿਮਾਚਲ ਦੀ ਆਰਥਿਕ, ਧਾਰਮਿਕ ਤੇ ਸਮਾਜਿਕ ਸਾਂਝ ਨੂੰ ਵੱਡਾ ਧੱਕਾ ਲੱਗ ਰਿਹਾ ਹੈ। ਦੋਵਾਂ ਸੂਬਿਆਂ ਵਿਚਾਲੇ ਰੋਜ਼ਾਨਾ ਵੱਡੀ ਆਵਾਜਾਈ ਹੁੰਦੀ ਹੈ ਤੇ ਯਾਤਰੀ ਬੱਸਾਂ 'ਤੇ ਹੋ ਰਹੇ ਹਮਲਿਆਂ ਕਾਰਨ ਡਰ ਤੇ ਸਹਿਮ ਵਾਲਾ ਮਾਹੌਲ ਹੈ। ਇਨ੍ਹਾਂ ਗੱਲਾਂ ਨੂੰ ਲੈ ਕੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵਿਸ਼ੇਸ਼ ਮੁਲਾਕਾਤ ਲਈ ਹਿਮਾਚਲ ਦੇ ਬਡਸਰ (ਹਮੀਰਪੁਰ) ਤੋਂ ਕੁਝ ਲੋਕ ਆਏ ਸਨ। ਮੁਲਾਕਾਤ ਦੌਰਾਨ ਉਨ੍ਹਾਂ ਨੇ ਜਥੇਦਾਰ ਨੂੰ ਇਸ ਵਿਵਾਦ ਕਾਰਨ ਪੈਦਾ ਹੋਏ ਖ਼ਤਰਿਆਂ ਤੋਂ ਜਾਣੂ ਕਰਵਾਇਆ ਹੈ। ਹਾਲਾਂਕਿ ਉਨ੍ਹਾਂ ਨੇ ਇਸ ਗੱਲ 'ਤੇ ਸੰਤੁਸ਼ਟੀ ਵੀ ਜ਼ਾਹਰ ਕੀਤੀ ਕਿ ਪੰਜਾਬ ਨੂੰ ਲੈ ਕੇ ਜਿਸ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਸਨ, ਇੱਥੇ ਅਜਿਹਾ ਕੁਝ ਵੀ ਨਹੀਂ ਹੈ। ਉਨ੍ਹਾਂ ਨੂੰ ਅੰਮ੍ਰਿਤਸਰ ਤੱਕ ਪੁੱਜਣ ਲਈ ਕਿਸੇ ਵੀ ਤਰ੍ਹਾਂ ਦੀ ਔਕੜ ਨਹੀਂ ਹੋਈ। ਇਸ ਸਾਰੇ ਵਿਵਾਦ 'ਚ ਇਕ ਗੱਲ ਧਿਆਨ 'ਚ ਰੱਖਣ ਵਾਲੀ ਹੈ ਕਿ ਹਿਮਾਚਲ ਤੇ ਪੰਜਾਬ ਦੀ ਗੁਆਂਢੀ ਸੂਬਿਆਂ ਵਜੋਂ ਸਾਂਝ ਕਈ ਦਹਾਕੇ ਪੁਰਾਣੀ ਹੈ। ਇਸ ਵਿਵਾਦ ਨੂੰ ਕਿਸੇ ਵੀ ਤਰ੍ਹਾਂ ਦੀ ਫਿਰਕੂ ਰੰਗਤ ਨਹੀਂ ਦੇਣੀ ਚਾਹੀਦੀ। ਦੋਵਾਂ ਸੂਬਿਆਂ ਦੇ ਅਰਥਚਾਰੇ ਇਕ-ਦੂਜੇ 'ਤੇ ਨਿਰਭਰ ਕਰਦੇ ਹਨ ਤੇ ਕੁਝ ਕੁ ਸ਼ਰਾਰਤੀ ਲੋਕਾਂ ਕਾਰਨ ਵੱਡੇ ਆਰਥਿਕ ਨੁਕਸਾਨ ਹੋ ਰਹੇ ਹਨ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਹਰੇਕ ਦੀ ਆਪਣੀ ਧਾਰਮਿਕ ਆਜ਼ਾਦੀ ਹੈ, ਪਰ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੇ ਕਿਸੇ ਵੀ ਕੰਮ ਨਾਲ ਕਿਸੇ ਹੋਰ ਦੀ ਆਸਥਾ ਨੂੰ ਕੋਈ ਸੱਟ ਨਾ ਵੱਜੇ। ਪੰਜਾਬ ਦੇ ਬਹੁਤੇ ਇਲਾਕਿਆਂ ਦੇ ਪਿੰਡ ਹਿਮਾਚਲ ਦੀਆਂ ਹੱਦਾਂ ਦੇ ਬਿਲਕੁਲ ਨਾਲ ਵਸੇ ਹੋਏ ਹਨ ਤੇ ਇਨ੍ਹਾਂ ਦੀ ਸਾਂਝ ਵੀ ਘਿਓ-ਖਿਚੜੀ ਵਾਂਗ ਹੈ। ਪੰਜਾਬ ਦੇ ਅਨੇਕਾਂ ਲੋਕਾਂ ਦੀਆਂ ਰਿਸ਼ਤੇਦਾਰੀਆਂ ਹਿਮਾਚਲ 'ਚ ਵੀ ਹਨ। ਰੋਜ਼ਾਨਾ ਹਜ਼ਾਰਾਂ ਲੋਕ ਇਕ-ਦੂਜੇ ਦੇ ਸੂਬਿਆਂ ਦੀਆਂ ਹੱਦਾਂ ਟੱਪ ਕੇ ਰੁਜ਼ਗਾਰ ਤੇ ਕਾਰੋਬਾਰ ਦੇ ਸਿਲਸਿਲੇ 'ਚ ਆਉਂਦੇ-ਜਾਂਦੇ ਹਨ। ਪੰਜਾਬ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ 'ਚ ਹਿਮਾਚਲ ਦੇ ਨੌਜਵਾਨ ਮੁੰਡੇ-ਕੁੜੀਆਂ ਪੜ੍ਹ ਰਹੇ ਹਨ। ਇਸ ਸਭ ਨਾਲ ਉਨ੍ਹਾਂ ਵਿਚਾਲੇ ਮਤਭੇਦ ਪੈਦਾ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਹਿਮਾਚਲ ਦੇ ਸਾਰੇ ਤੀਰਥ ਅਸਥਾਨਾਂ ਲਈ ਪੰਜਾਬ ਦੀ ਵੱਡੀ ਵਸੋਂ ਯਾਤਰਾ ਕਰਦੀ ਹੈ। ਇਸ ਲਈ ਇਸ ਮਸਲੇ ਨੂੰ ਧਾਰਮਿਕ ਰੰਗਤ ਨਾ ਦੇ ਕੇ ਇਸ ਦਾ ਫੌਰੀ ਹੱਲ ਕੱਢਣ ਦੀ ਲੋੜ ਹੈ। ਧਰਮ ਦੇ ਨਾਂ 'ਤੇ ਸਿਆਸਤ ਕਰਨ ਵਾਲੇ ਲੋਕਾਂ ਦੀ ਪਛਾਣ ਹੋਣੀ ਚਾਹੀਦੀ ਹੈ। ਵੱਡੇ ਸਿਆਸੀ ਚਿਹਰਿਆਂ ਨੂੰ ਕੋਈ ਵੀ ਭੜਕਾਊ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੋ ਲੋਕ ਇਸ ਧਾਰਮਿਕ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਮਿਲ ਕੇ ਨੱਥ ਪਾਉਣ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਪ੍ਰਤੀ ਗੰਭੀਰਤਾ ਦਿਖਾਵੇ।

ਤੀਜਾ ਮਹੱਤਵਪੂਰਨ ਮਸਲਾ ਜਥੇਦਾਰ ਸਾਹਿਬਾਨ ਦੀ ਬਰਖਾਸਤਗੀ, ਨਵੇਂ ਜਥੇਦਾਰ ਸਾਹਿਬਾਨ ਦੀ ਨਿਯੁਕਤੀ, ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਅਤੇ ਸਮੁੱਚੀ ਪੰਥਕ ਸਿਆਸਤ ਵਿਚ ਫੈਲੀ ਹੋਈ ਅਨਿਸ਼ਚਿਤਤਾ ਦਾ ਹੈ। ਜਿਸਦਾ ਕੋਈ ਸਿਰਾ ਲੱਭਦਾ ਨਹੀਂ ਦਿਸਦਾ। ਪਟਿਆਲਾ ਵਿਚ ਕਰਨਲ ਬਾਠ ਅਤੇ ਪੁਲਿਸ ਅਧਿਕਾਰੀਆਂ ਵਿਚਕਾਰ ਹੋਈ ਮੰਦਭਾਗੀ ਘਟਨਾ ਨੇ ਜਿਵੇਂ ਫੌਜ ਬਨਾਮ ਪੁਲਿਸ ਦਾ ਰੂਪ ਧਾਰਨ ਕਰ ਲਿਆ ਹੈ, ਇਸ ਨੂੰ ਪੰਜਾਬ ਲਈ ਬੇਹੱਦ ਸ਼ਰਮਨਾਕ ਕਿਹਾ ਜਾ ਸਕਦਾ ਹੈ। ਮੁਲਾਜ਼ਮਾਂ, ਬੇਰੁਜ਼ਗਾਰਾਂ ਉਤੇ ਨਿਤ ਦਿਨ ਵਰ੍ਹ ਰਹੀਆਂ ਲਾਠੀਆਂ ਅਤੇ ਦਿਨ-ਦਹਾੜੇ ਹੋ ਰਹੀਆਂ ਲੁੱਟਾਂ-ਖੋਹਾਂ ਪੰਜਾਬ ਦੀ ਕੋਈ ਚੰਗੀ ਤਸਵੀਰ ਪੇਸ਼ ਨਹੀਂ ਕਰ ਰਹੀਆਂ।

ਪੰਜਾਬ ਸਰਕਾਰ, ਵਿਰੋਧੀ ਪਾਰਟੀਆਂ, ਵੱਖ-ਵੱਖ ਵਰਗਾਂ ਦੀਆਂ ਜਥੇਬੰਦੀਆਂ ਅਤੇ ਸਿਵਲ ਸੁਸਾਇਟੀ ਨੂੰ ਬਹੁਤ ਹੀ ਫੂਕ-ਫੂਕ ਕੇ ਕਦਮ ਚੁੱਕਣ ਦੀ ਜ਼ਰੂਰਤ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗੁੜ ਦੇ ਭੋਰੇ ਦੇਖਿਉ!

ਦੁਨੀਆਂ ਆਖਦੀ 'ਥੁੱਕ ਕੇ ਚੱਟਿਆ' ਐ ਗਿਆ ਨੈਤਿਕਤਾ ਵਾ.ਲਾ ਹੁਣ ਰਾਗ ਕਿੱਥੇ?
ਨਹੀਉਂ ਕਦੇ 'ਗੁਲਾਮਾਂ' ਨੂੰ ਲੱਗ ਸਕਦੀ ਕੀਤੇ ਬਚਨ ਨਿਭਾਉਣ ਦੀ ਲਾਗ ਕਿੱਥੇ?
ਦਿਸਦਾ ਨਹੀਂ ਹੈ ਅਹੁਦੇ ਦੇ 'ਭੁੱਖਿਆਂ' ਨੂੰ ਅਣਖੀ ਵਿਰਸੇ ਨੂੰ ਲਾ ਦਿੱਤਾ ਦਾਗ ਕਿੱਥੇ?
ਰੋਹ ਪੰਥ ਵਿਚ ਦੇਖ 'ਪ੍ਰਚੰਡ' ਹੋਇਆ ਆਉਣੀ 'ਸੁੱਤੀ ਜ਼ਮੀਰ' ਨੂੰ ਜਾਗ ਕਿੱਥੇ?
ਕਰਦਾ ਰਿਹਾ ਇਨਕਾਰ ਸੀ ਸਾਰਿਆਂ ਨੂੰ ਧਾਮੀ ਆਖਰ ਸੁਖਬੀਰ ਦੀ ਮੰਨਿਆ ਸੀ।
ਗੁੜ ਦੇ ਭੋਰੇ ਹੁਣ 'ਖਿਲਰਦੇ' ਦੇਖਿਉ ਜੀ 'ਬੰਦ ਕਮਰੇ' ਵਿਚ ਦੋਹਾਂ ਜੋ ਭੰਨਿਆ ਸੀ!

# ਭਾਜਪਾ ਨੂੰ 'ਅਤੀਤ' ਤੇ 'ਭਵਿੱਖ' ਹੀ ਪਿਆਰੇ ਹਨ, 'ਵਰਤਮਾਨ' ਕਿਉਂ ਨਹੀਂ?

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ: 97816-46008

ਅਜੋਕੇ ਸਮੇਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਐਨ.ਡੀ.ਏ. ਭਾਵ ਕੌਮੀ ਜਨਤੰਤਰਿਕ ਗੱਠਜੋੜ ਵਿਚ ਸ਼ਾਮਿਲ ਉਸ ਦੇ ਸਾਥੀ ਦਲਾਂ ਦੀਆਂ ਸਰਕਾਰਾਂ ਭਾਰਤ ਦੇ ਵਧੇਰੇ ਰਾਜਾਂ ਵਿਚ ਮੌਜੂਦ ਹਨ ਤੇ ਬੀਤੇ ਦਸ ਵਰ੍ਹਿਆਂ ਤੋਂ ਕੇਂਦਰ ਦੀ ਸੱਤਾ 'ਤੇ ਵੀ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਕਾਬਜ਼ ਹੈ। ਕਈ ਰਾਜਾਂ ਵਿਚ ਤਾਂ ਭਾਜਪਾ ਨੇ ਆਪਣੀਆਂ ਸਰਕਾਰਾਂ ਦੁਹਰਾਈਆਂ ਹਨ ਤੇ ਦਿੱਲੀ ਸਮੇਤ ਕੁਝ ਰਾਜਾਂ ਵਿਚ ਉਸਨੂੰ ਕਈ ਸਾਲਾਂ ਬਾਅਦ ਸੱਤਾ ਦੀ ਕੁਰਸੀ ਹਾਸਿਲ ਹੋਈ ਹੈ। ਕੇਂਦਰੀ ਅਤੇ ਸੂਬਾਈ ਪੱਧਰ 'ਤੇ ਐਨੀ ਭਾਰੀ ਮਾਤਰਾ ਵਿਚ ਸੱਤਾ ਉੱਤੇ ਬਿਰਾਜਮਾਨ ਹੋਣ ਦੇ ਬਾਵਜੂਦ ਜਿਹੜੀ ਗੱਲ ਪੱਤਰਕਾਰਾਂ, ਸਿਆਸੀ ਵਿਸ਼ਲੇਸ਼ਕਾਂ ਅਤੇ ਮੁਲਕ ਪ੍ਰਤੀ ਚਿੰਤਤ ਨਾਗਰਿਕਾਂ ਨੂੰ ਸਭ ਤੋਂ ਵੱਧ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲੀ ਹੈ, ਉਹ ਇਹ ਹੈ ਕਿ ਭਾਜਪਾ ਨੂੰ 'ਅਤੀਤ' ਅਤੇ 'ਭਵਿੱਖ' ਹੀ ਕਿਉਂ ਪਿਆਰੇ ਹਨ ਤੇ ਇਹ 'ਵਰਤਮਾਨ' ਦੀ ਗੱਲ ਹਿੱਕ ਠੋਕ ਕੇ ਕਿਉਂ ਨਹੀਂ ਕਰਦੀ?

ਇਹ ਅਕਸਰ ਹੀ ਵੇਖਿਆ, ਸੁਣਿਆ ਤੇ ਪੜ੍ਹਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਮੇਤ ਭਾਜਪਾ ਦੀ ਪਹਿਲੀ ਅਤੇ ਦੂਜੀ ਕਤਾਰ ਦੇ ਸਮੂਹ ਨੇਤਾ ਅਕਸਰ ਹੀ ਪੰਡਿਤ ਜਵਾਹਰ ਲਾਲ ਨਹਿਰੂ, ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਰਾਜੀਵ ਗਾਂਧੀ ਦੀਆਂ ਉਨ੍ਹਾਂ ਸਰਕਾਰਾਂ ਨੂੰ ਭੰਡਦੇ ਰਹਿੰਦੇ ਹਨ ਜੋ ਅੱਜ ਤੋਂ ਕ੍ਰਮਵਾਰ 75 ਜਾਂ 50 ਸਾਲ ਪਹਿਲਾਂ ਹੋਂਦ ਵਿਚ ਆਈਆਂ ਸਨ। ਭਾਜਪਾ ਦੀ ਸਮੁੱਚੀ ਕੇਂਦਰੀ ਲੀਡਰਸ਼ਿਪ ਸਾਰੇ ਦੇਸ਼ ਵਿਚ ਇਹ ਆਖ਼ਦੀ ਫਿਰਦੀ ਹੈ ਕਿ ਕਾਂਗਰਸ ਨੇ ਜਾਂ ਕਾਂਗਰਸ ਦੇ ਉਕਤ ਤਿੰਨਾਂ ਪ੍ਰਧਾਨ ਮੰਤਰੀਆਂ ਦੇ ਕਾਰਜਕਾਲ ਵਿਚ ਅਤੇ ਸ. ਮਨਮੋਹਨ ਸਿੰਘ ਦੇ ਦਸ ਸਾਲ ਦੇ ਕਾਰਜਕਾਲ ਵਿਚ ਦੇਸ਼ ਦਾ 'ਕੱਖ' ਵੀ ਵਿਕਾਸ ਨਹੀਂ ਹੋਇਆ ਤੇ ਭਾਜਪਾ ਪੱਖੀ ਹੋਣ ਦਾ ਇਲਜ਼ਾਮ ਹੰਢਾਅ ਰਿਹਾ 'ਗੋਦੀ ਮੀਡੀਆ' ਵੀ ਖ਼ਬਰਾਂ ਅਤੇ ਸੂਚਨਾਵਾਂ ਨੂੰ ਕੁਝ ਇਸ ਢੰਗ ਨਾਲ ਪ੍ਰਸਾਰਿਤ ਅਤੇ ਪ੍ਰਕਾਸ਼ਿਤ ਕਰਦਾ ਹੈ ਜਿਵੇਂ ਇਹ ਦੇਸ਼ ਕੇਵਲ ਦਸ ਸਾਲ ਪਹਿਲਾਂ ਹੀ 'ਵਿਕਾਸ' ਦੇ ਮਾਰਗ 'ਤੇ ਤੁਰਨਾ ਸ਼ੁਰੂ ਹੋਇਆ ਹੋਵੇ ਤੇ ਇਸ ਤੋਂ ਪਹਿਲਾਂ ਇਥੇ ਵਿਕਾਸ ਨਾਮ ਦੀ ਚਿੜੀ ਰਹਿੰਦੀ ਹੀ ਨਹੀਂ ਸੀ।

ਭਾਜਪਾ 'ਵਰਤਮਾਨ' ਵਿਚ ਨਾ ਤਾਂ ਖ਼ੁਦ ਜਿਊਣਾ ਚਾਹੁੰਦੀ ਹੈ ਤੇ ਨਾ ਹੀ ਦੇਸ਼ਵਾਸੀਆਂ ਨੂੰ ਵਰਤਮਾਨ ਦੀ ਹਕੀਕਤ ਦੇ ਰੂਬਰੂ ਹੋਣ ਦੇਣਾ ਚਾਹੁੰਦੀ ਹੈ ਜਿਸ ਕਰਕੇ ਉਹ ਵਾਰ-ਵਾਰ ਅਤੀਤ ਨਾਲ ਜੁੜੇ ਉਕਤ ਨਹਿਰੂ ਅਤੇ ਗਾਂਧੀ ਜਿਹੇ ਰਾਜਨੇਤਾਵਾਂ ਅਤੇ 'ਔਰੰਗਜ਼ੇਬ', 'ਬਾਬਰ', ਅਤੇ 'ਸ਼ਾਹਜਹਾਂ' ਜਿਹੇ ਸ਼ਾਸ਼ਕਾਂ ਨਾਲ ਜੁੜੇ ਮੁੱਦੇ ਉਛਾਲਦੀ ਰਹਿੰਦੀ ਹੈ ਤੇ ਸਮੁੱਚੇ ਦੇਸ਼ ਵਿਚ ਉਨ੍ਹਾਂ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਨਹੀਂ ਹੋਣ ਦਿੰਦੀ ਜੋ ਦੇਸ਼ਵਾਸੀਆਂ ਦੇ ਵਰਤਮਾਨ, ਭਵਿੱਖ ਅਤੇ ਭਲੇ ਨਾਲ ਜੁੜੇ ਹੋਏ ਹਨ। ਭਾਰਤ ਦੇ 'ਮਹਾਂਮਾਨਵ' ਅਤੇ 'ਯਸ਼ਸਵੀ' ਪ੍ਰਧਾਨ ਮੰਤਰੀ ਵਜੋਂ ਮੀਡੀਆ ਵੱਲੋਂ ਪ੍ਰਚਾਰੇ ਗਏ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਵਿਸ਼ਵ ਦੇ 'ਭੁੱਖਮਰੀ', 'ਬੇਰੁਜ਼ਗਾਰੀ', 'ਭ੍ਰਿਸ਼ਟਾਚਾਰ' ਅਤੇ 'ਮੀਡੀਆ ਦੀ ਭਰੋਸੇਯੋਗਤਾ' ਦੇ ਇੰਡੈਕਸ ਵਿਚ ਭਾਰਤ ਕਿੰਨਾ ਹੇਠਾਂ ਡਿੱਗ ਪਿਆ ਹੈ, ਇਸ ਗੱਲ ਦੀ ਕੋਈ ਚਰਚਾ ਨਹੀਂ ਕਰਦਾ। ਭਵਿੱਖਮੁਖੀ ਸ੍ਰੀ ਮੋਦੀ ਨੇ ਸਾਲ 2019 ਵਿਚ ਇਹ ਵਾਅਦਾ ਕੀਤਾ ਸੀ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ ਪਰ ਇਹ ਵਾਅਦਾ ਅੱਜ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ। ਉਨ੍ਹਾਂ ਨੇ ਆਪਣੀ ਸਰਕਾਰ ਬਣਨ ਦੇ ਚੰਦ ਮਹੀਨਿਆਂ ਵਿਚ ਹੀ ਵਿਦੇਸ਼ਾਂ ਤੋਂ ਕਾਲਾ ਧਨ ਲਿਆ ਕੇ ਦੇਸ਼ਵਾਸੀਆਂ ਵਿਚ ਵੰਡਣ ਦੀ ਗੱਲ ਵੀ ਕੀਤੀ ਸੀ ਪਰ ਦਸ ਸਾਲ ਬੀਤ ਜਾਣ 'ਤੇ ਵੀ ਕਾਲੇ ਧਨ ਦਾ ਇਕ ਵੀ ਰੁਪਿਆ ਦੇਸ਼ ਅੰਦਰ ਨਹੀਂ ਆਇਆ, ਸਗੋਂ ਉਲਟਾ ਆਪਣਾ ਕਾਲਾ ਧਨ ਲੈ ਕੇ ਵਿਜੇ ਮਾਲਿਆ, ਮੇਹੁਲ ਚੌਕਸੀ ਅਤੇ ਨੀਰਵ ਮੋਦੀ ਜਿਹੇ ਠੱਗ ਦੇਸ਼ ਤੋਂ ਬਾਹਰ ਭੱਜਣ ਵਿਚ ਜ਼ਰੂਰ ਸਫ਼ਲ ਹੋ ਚੁੱਕੇ ਹਨ। ਸੱਤਾ ਪ੍ਰਾਪਤੀ ਤੋਂ ਪਹਿਲਾਂ ਭਾਜਪਾ ਆਗੂਆਂ ਨੇ ਭਵਿੱਖ ਵਿਚ ਪੈਟਰੋਲ 40 ਰੁਪਏ ਪ੍ਰਤੀ ਲੀਟਰ ਅਤੇ ਰਸੋਈ ਗੈਸ ਸਿਲੰਡਰ ਚਾਰ ਸੌ ਰੁਪਏ ਦੇ ਹਿਸਾਬ ਨਾਲ



ਉਪਲਬਧ ਕਰਵਾਉਣ ਦੀ ਗੱਲ ਆਖੀ ਸੀ ਪਰ ਉਹ 'ਭਵਿੱਖ' ਅਜੇ ਤੱਕ ਕਿਸੇ ਨੂੰ ਨਜ਼ਰ ਨਹੀਂ ਆਇਆ ਹੈ। ਇਸੇ ਲੋਰ ਵਿਚ ਮਾਣਯੋਗ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਹੁਣ ਸਾਲ 2026 ਤੱਕ ਦੇਸ਼ ਵਿਚੋਂ 'ਨਕਸਲਵਾਦ' ਪੂਰੀ ਤਰ੍ਹਾਂ ਖ਼ਤਮ ਕਰਨ ਦਾ ਵਾਅਦਾ ਵੀ ਕਰ ਦਿੱਤਾ ਹੈ।

ਦੇਸ਼ਵਾਸੀਆਂ ਨੂੰ ਕਦੇ 'ਅਤੀਤ' ਅਤੇ ਕਦੇ 'ਵਰਤਮਾਨ' ਦੀ ਪੀਂਘ 'ਤੇ ਝੂਟੇ ਦਿੰਦਿਆਂ-ਦਿੰਦਿਆਂ ਭਾਜਪਾ ਆਗੂਆਂ ਨੂੰ ਇਹ ਹਰਗ਼ਿਜ਼ ਵੀ ਵਿਖ਼ਾਈ ਨਹੀਂ ਦਿੰਦਾ ਹੈ ਕਿ ਵਰਤਮਾਨ ਸਮੇਂ ਵਿਚ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ, ਕਿਸਾਨਾਂ ਅਤੇ ਵਿਦਿਆਰਥੀਆਂ ਵਿਚ ਆਤਮਹੱਤਿਆ ਦੀ ਦਰ ਹਰ ਸਾਲ ਵਧ ਰਹੀ ਹੈ। ਇਥੇ ਹੀ ਬਸ ਨਹੀਂ ਬੁਲੰਦ ਹੌਂਸਲੇ ਵਾਲ ਅਪਰਾਧੀਆਂ ਵੱਲੋਂ ਬੱਚੀਆਂ ਅਤੇ ਔਰਤਾਂ ਕੋਲੋਂ ਲੁੱਟ-ਖੋਹ ਕਰਨ ਅਤੇ ਉਨ੍ਹਾਂ ਨਾਲ ਜਬਰ-ਜਨਾਹ ਕਰ ਕੇ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਵਿਚ ਵੀ ਭਾਰੀ ਵਾਧਾ ਹੋਇਆ ਹੈ। ਦੇਸ਼ ਵਿਚ ਭੂ-ਮਾਫ਼ੀਆ, ਰੇਤ ਮਾਫ਼ੀਆ ਅਤੇ ਡਰੱਗ ਮਾਫ਼ੀਆ ਦਾ ਕਾਰੋਬਾਰ ਸੈਂਕੜੇ ਗੁਣਾ ਵਧ ਗਿਆ ਹੈ। ਨਰਿੰਦਰ ਮੋਦੀ ਵੱਲੋਂ ਆਪਣੇ ਵੱਖ-ਵੱਖ ਸੰਬੋਧਨਾਂ ਦੌਰਾਨ ਦੇਸ਼ ਦੇ 'ਮਹਾਂਭ੍ਰਿਸ਼ਟਾਚਾਰੀ' ਆਖੇ ਜਾਂਦੇ ਨਰਾਇਣ ਰਾਣੇ, ਛਗਨ ਭੁਜਬਲ, ਅਜੀਤ ਪਵਾਰ, ਮੁਕਲ ਰਾਏ ਅਤੇ ਹੋਰ ਰਾਜਨੇਤਾਵਾਂ ਨਾਲ ਰਲ ਕੇ ਮਹਾਂਰਾਸ਼ਟਰ ਵਿਚ ਸਰਕਾਰ ਬਣਾਉਣ ਵਾਲੀ ਤੇ ਉੱਚ-ਅਦਾਲਤਾਂ ਨੂੰ 'ਪੀ.ਐਮ.ਕੇਅਰ ਫ਼ੰਡ' ਦਾ ਹਿਸਾਬ ਦੇਣ ਤੋਂ ਇਨਕਾਰ ਕਰਨ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਵਿਚ ਕਰਵਾਏ ਗਏ 'ਮਹਾਂਕੁੰਭ' ਦੌਰਾਨ ਹੋਈਆਂ ਮੌਤਾਂ ਦਾ ਹਿਸਾਬ ਦੇਣ ਤੋਂ ਟਾਲਾ ਵੱਟਣ ਵਾਲੀ ਭਾਜਪਾ ਜਦੋਂ ਵੀ ਕਿਸੇ ਕਾਰਨ ਵਿਵਾਦਾਂ ਵਿਚ ਘਿਰ ਜਾਂਦੀ ਹੈ ਤਾਂ ਉਹ ਦੇਸ਼ ਵਿਚ ਧਰਮ, ਜ਼ਾਤ ਜਾਂ ਰੰਗ ਦੇ ਆਧਾਰ 'ਤੇ ਨਫ਼ਰਤੀ ਭਾਸ਼ਣ ਦੇ ਕੇ ਫ਼ਿਰਕੂ ਉਲਾਰ ਪੈਦਾ ਕਰ ਦਿੰਦੀ ਹੈ ਜਿਵੇਂ ਕਿ ਮੌਜੂਦਾ ਸਮੇਂ ਅੰਦਰ ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਆਪਣੇ ਸਿਖਰ 'ਤੇ ਹਨ ਪਰ ਭਾਜਪਾ ਆਗੂਆਂ ਨੇ ਚਾਰ ਸੌ ਸਾਲ ਪਹਿਲਾਂ ਹੋਏ 'ਔਰੰਗਜ਼ੇਬ' ਦਾ ਮੁੱਦਾ ਗਰਮ ਕਰ ਕੇ ਪੂਰੇ ਮੁਲਕ ਨੂੰ ਹੋਰ ਹੀ ਗੱਲਾਂ ਵਿਚ ਉਲਝਾ ਦਿੱਤਾ ਹੈ। ਭਾਜਪਾ ਆਗੂਆਂ ਨੇ 'ਹੋਲੀ' ਅਤੇ 'ਈਦ' ਜਿਹੇ ਸਦਭਾਵਨਾ ਅਤੇ ਭਾਈਚਾਰੇ ਭਰੇ ਤਿਉਹਾਰਾਂ ਨੂੰ ਫ਼ਿਰਕੂ ਰੰਗਤ ਦੇ ਕੇ ਐਸੀ ਬਿਆਨਬਾਜ਼ੀ ਸ਼ੁਰੂ ਕੀਤੀ ਕਿ ਮਸਜਿਦਾਂ ਨੂੰ ਤਰਪਾਲਾਂ ਨਾਲ ਢੱਕਣ ਤੱਕ ਦੀ ਨੌਬਤ ਆ ਗਈ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਆਪਣੇ ਸੰਵਿਧਾਨਕ ਅਹੁਦੇ ਦੀ ਮਰਿਆਦਾ ਨੂੰ ਤਾਰ-ਤਾਰ ਕਰਦਿਆਂ ਇਥੋਂ ਤੱਕ ਵੀ ਆਖ਼ ਦਿੱਤਾ ਕਿ 'ਜੇਕਰ ਮੁਸਲਮਾਨਾਂ ਨੂੰ ਰੰਗਾਂ ਤੋਂ ਕੋਈ ਪ੍ਰੇਸ਼ਾਨੀ ਹੈ ਤਾਂ ਉਹ ਹੋਲੀ ਦੇ ਦਿਨ ਘਰੋਂ ਹੀ ਨਾ ਨਿਕਲਣ' ਜਦੋਂ ਕਿ ਯੋਗੀ ਜੀ ਜਾਣਦੇ ਸਨ ਕਿ ਉਸ ਦਿਨ 'ਜੁੰਮਾ' ਸੀ ਤੇ 'ਜੁੰਮੇ ਦੀ ਨਮਾਜ਼' ਮੁਸਲਮਾਨਾਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਉਹ ਸ਼ਾਇਦ ਦੋ ਗੱਲਾਂ ਭੁੱਲ ਗਏ ਸਨ। ਪਹਿਲੀ ਤਾਂ ਇਹ ਕਿ ਉਹ ਪੂਰੇ ਸੂਬੇ ਦੇ ਅਤੇ ਸੂਬੇ ਵਿਚ ਵੱਸਦੇ ਸਭ ਧਰਮਾਂ ਦੇ ਲੋਕਾਂ ਦੇ ਸਾਂਝੇ ਮੁੱਖ ਮੰਤਰੀ ਹਨ ਤੇ ਕੇਵਲ ਇਕ ਧਰਮ ਦੇ ਹੀ ਧਾਰਮਿਕ ਆਯੋਜਨਾਂ ਬਾਰੇ ਉਪਰੋਕਤ ਜਿਹੇ ਬਿਆਨ ਜਾਰੀ ਕਰਨਾ ਉਨ੍ਹਾਂ ਦੀ ਅਹੁਦੇ ਦੀ ਮਰਿਆਦਾ ਨੂੰ ਸੋਭਾ ਨਹੀਂ ਦਿੰਦਾ। ਦੂਜੀ ਗੱਲ ਇਹ ਕਿ ਹੋਲੀ ਅਤੇ ਜੁੰਮੇ ਦੀ ਨਮਾਜ਼ ਇਸ ਮੁਲਕ ਵਿਚ ਅਤੇ ਉੱਤਰ ਪ੍ਰਦੇਸ਼ ਵਿਚ ਪਹਿਲਾਂ ਵੀ ਮਨਾਏ ਜਾਂਦੇ ਰਹੇ ਹਨ ਫਿਰ ਇਸ ਵਾਰ ਭੜਕਾਊ ਬਿਆਨ ਦੇ ਕੇ ਸਾਰੀ ਸਥਿਤੀ ਨੂੰ ਖ਼ਰਾਬ ਕਿਉਂ ਕੀਤਾ ਗਿਆ? ਭਾਜਪਾ ਦੀ ਕੇਂਦਰੀ ਅਤੇ ਸੂਬਾਈ ਲੀਡਰਸ਼ਿਪ ਨੇ ਇਸ ਤਰ੍ਹਾਂ ਦੇ ਇਕ ਨਹੀਂ ਸਗੋਂ ਅਨੇਕਾਂ ਹੀ ਬਿਆਨ ਦੇ ਕੇ ਬੜੀ ਹੀ ਚੁਸਤੀ ਨਾਲ ਦੇਸ਼ਵਾਸੀਆਂ ਦਾ ਧਿਆਨ ਵਰਤਮਾਨ ਸਮੇਂ ਦੇ ਚਲੰਤ ਮੁੱਦਿਆਂ ਤੋਂ ਹਟਾ ਕੇ ਅਜਿਹੇ 'ਫ਼ਾਲਤੂ' ਮੁੱਦਿਆਂ ਵੱਲ ਕਰ ਦਿੱਤਾ ਹੈ ਜਿਨ੍ਹਾਂ 'ਤੇ ਜਿੰਨੀ ਮਰਜ਼ੀ ਚਰਚਾ ਕਰ ਲਓ, ਅੰਤ ਵਿਚ ਕੁਝ ਨਹੀਂ ਨਿਕਲਣਾ।

ਔਰੰਗਜ਼ੇਬ ਦੀ ਕਬਰ ਪੁੱਟਣ ਵਰਗੇ 'ਦੱਬੇ ਮੁਰਦੇ ਉਖਾੜ ਕੇ' ਭਾਜਪਾ ਸਾਡੇ ਦੇਸ਼ ਦੀ ਉਸ ਸਦੀਆਂ ਪੁਰਾਣੀ ਰੀਤ ਦਾ ਵੀ ਘਾਣ ਕਰ ਰਹੀ ਹੈ ਜੋ ਇਹ ਆਖ਼ਦੀ ਹੈ ਕਿ ਮ੍ਰਿਤਕਾਂ ਨਾਲ ਵੈਰ ਨਹੀਂ ਕੱਢੇ ਜਾਂਦੇ ਤੇ ਮ੍ਰਿਤਕ ਚਾਹੇ ਦੁਸ਼ਮਣ ਹੋਵੇ ਤੇ ਚਾਹੇ ਦੋਸਤ, ਉਸਦੇ ਮ੍ਰਿਤਕ ਸਰੀਰ ਦੀ ਬੇਹੁਰਮਤੀ ਨਹੀਂ ਕੀਤੀ ਜਾਣੀ ਚਾਹੀਦੀ। ਪਰਮ ਪੂਜਨੀਕ ਭਗਵਾਨ ਰਾਮ ਨੇ ਆਪਣੇ ਵਿਰੋਧੀ ਰਾਜਾ ਰਾਵਣ ਦਾ ਵਧ ਕਰਨ ਉਪਰੰਤ ਉਸਦੀ ਮ੍ਰਿਤਕ ਦੇਹ ਦੇ ਪੈਰ ਛੂਹ ਕੇ ਮ੍ਰਿਤਕਾਂ ਨੂੰ ਸਨਮਾਨ ਦੇਣ ਦੀ ਜੋ ਸਤਿਕਾਰਤ ਪ੍ਰੰਪਰਾ ਸ਼ੁਰੂ ਕੀਤੀ ਸੀ ਭਾਜਪਾ ਦੀ ਅਜੋਕੀ ਲੀਡਰਸ਼ਿਪ ਉਸ ਚੰਗੇਰੀ ਪ੍ਰੰਪਰਾ ਦਾ ਵੀ ਘਾਣ ਹੀ ਕਰ ਰਹੀ ਹੈ। ਲੋੜ ਅੱਜ ਇਸ ਗੱਲ ਦੀ ਹੈ ਕਿ ਦਸ ਸਾਲ ਤੋਂ ਸੱਤਾ 'ਤੇ ਬਿਰਾਜਮਾਨ ਭਾਜਪਾ ਸਰਕਾਰ 'ਵਰਤਮਾਨ' ਵਿਚ ਆਪਣੀਆਂ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਦਾ ਗੱਜ-ਵੱਜ ਕੇ ਪ੍ਰਚਾਰ ਕਰੇ ਤੇ 'ਅਤੀਤ' ਅਤੇ 'ਭਵਿੱਖ' ਦੀਆਂ ਗੱਲਾਂ ਕਰ ਕੇ ਆਪਣਾ ਡੰਗ ਨਾ ਟਪਾਏ।

**ਦੇਸ਼ਵਾਸੀਆਂ ਨੂੰ ਕਦੇ 'ਅਤੀਤ' ਅਤੇ ਕਦੇ 'ਵਰਤਮਾਨ' ਦੀ ਪੀਂਘ 'ਤੇ ਝੂਟੇ ਦਿੰਦਿਆਂ ਭਾਜਪਾ ਆਗੂਆਂ ਨੂੰ ਇਹ ਹਰਗ਼ਿਜ਼ ਵਿਖ਼ਾਈ ਨਹੀਂ ਦਿੰਦਾ ਕਿ ਵਰਤਮਾਨ ਸਮੇਂ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ, ਕਿਸਾਨਾਂ ਤੇ ਵਿਦਿਆਰਥੀਆਂ ਵਿਚ ਆਤਮਹੱਤਿਆ ਦੀ ਦਰ ਹਰ ਸਾਲ ਵਧ ਰਹੀ ਹੈ। ਇਥੇ ਹੀ ਬਸ ਨਹੀਂ ਬੁਲੰਦ ਹੌਂਸਲੇ ਨਾਲ ਅਪਰਾਧੀਆਂ ਵੱਲੋਂ ਬੱਚੀਆਂ ਅਤੇ ਔਰਤਾਂ ਕੋਲੋਂ ਲੁੱਟ-ਖੋਹ ਕਰਨ ਅਤੇ ਜਬਰ-ਜਨਾਹ ਕਰ ਕੇ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਵਿਚ ਵੀ ਭਾਰੀ ਵਾਧਾ ਹੋਇਆ ਹੈ।**

# ਕਿਸਾਨ ਮਸਲੇ, ਅੰਦੋਲਨ ਅਤੇ ਭਗਵੰਤ ਮਾਨ ਸਰਕਾਰ ਦਾ ਵਿਸਾਹਘਾਤ



*ਕਿਸਾਨਾਂ ਨੂੰ ਰੋਕਣ ਲਈ ਵੱਖ ਵੱਖ ਥਾਈਂ ਲਾਏ ਗਏ ਬੈਰੀਕੇਡਾਂ ਦਾ ਦ੍ਰਿਸ਼।*

3 ਮਾਰਚ ਦੀ ਮੀਟਿੰਗ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਬਦਤਮੀਜ਼ੀ ਕਰਨ ਤੋਂ ਬਾਅਦ ਪੂਰੇ ਪੰਜਾਬ ਵਿਚ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਅਤੇ ਫਿਰ 19 ਮਾਰਚ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਸੱਤਵੇਂ ਗੇੜ ਦੀ ਮੀਟਿੰਗ ਕਰਨ ਗਏ ਡੱਲੇਵਾਲ-ਪੰਧੇਰ ਧੜੇ ਦੇ ਆਗੂਆਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਜੇਲ੍ਹਾਂ ਵਿਚ ਡੱਕ ਕੇ ਅਤੇ ਸ਼ੰਭੂ ਤੇ ਖਨੌਰੀ ਮੋਰਚਿਆਂ ਨੂੰ ਖਦੇੜ ਕੇ ਭਗਵੰਤ ਮਾਨ ਨੇ ਜੋ ਵਿਸ਼ਵਾਸਘਾਤ ਕੀਤਾ ਹੈ, ਅਜਿਹੇ ਧੋਖੇ ਦੀ ਮਿਸਾਲ ਇਤਿਹਾਸ ਵਿਚ ਕੋਈ ਵਿਰਲੀ-ਟਾਵੀਂ

ਬੂਟਾ ਸਿੰਘ ਮਹਿਮੂਦਪੁਰ

ਹੀ ਹੋਵੇਗੀ। ਕੇਂਦਰ ਸਰਕਾਰ ਦੇ ਤਿੰਨ ਮੰਤਰੀਆਂ ਦੇ ਵਫ਼ਦ ਦੇ ਨਾਲ ਭਗਵੰਤ ਮਾਨ ਸਰਕਾਰ ਦੇ ਮੰਤਰੀ ਵੀ ਗੱਲਬਾਤ ਵਿਚ ਸ਼ਾਮਲ ਸਨ। ਗੱਲਬਾਤ ਦੌਰਾਨ ਐੱਮਐੱਸਪੀ ਦੇ ਸਵਾਲ ਉੱਪਰ ਕਿਸਾਨ ਆਗੂਆਂ ਨਾਲ ਬਹਿਸ ਵਿਚ ਕੇਂਦਰੀ ਮੰਤਰੀਆਂ ਦੇ ਤਿੱਖੇ ਤੇਵਰਾਂ ਤੋਂ ਬਾਅਦ ਗੱਲਬਾਤ ਦੇ ਅੱਠਵੇਂ ਗੇੜ ਦੀ ਮੀਟਿੰਗ 4 ਮਈ ਨੂੰ ਤੈਅ ਕੀਤੀ ਗਈ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਪੁਲਿਸ ਨਫ਼ਰੀ ਬਾਰਡਰਾਂ ਉੱਪਰ ਝਪਟਣ ਲਈ ਸਰਕਾਰੀ ਇਸ਼ਾਰੇ ਦੀ ਉਡੀਕ 'ਚ ਤਿਆਰ-ਬਰ-ਤਿਆਰ ਸੀ। ਚੰਡੀਗੜ੍ਹ 'ਚੋਂ ਬਾਹਰ ਨਿਕਲਦੇ ਸਾਰ ਕਿਸਾਨ ਆਗੂਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਆਗੂਆਂ ਨੇ ਮੀਡੀਆ ਨੂੰ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ ਵਿਚ ਹੋਈ ਹੈ ਅਤੇ ਗੱਲਬਾਤ ਦੀ ਅਗਲੀ ਤਰੀਕ ਤੈਅ ਕਰ ਲਈ ਗਈ ਹੈ। ਆਗੂ ਇਹ ਭਾਂਪ ਹੀ ਨਹੀਂ ਸਕੇ ਕਿ ਭਗਵੰਤ ਮਾਨ ਸਰਕਾਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਮੋਰਚਿਆਂ ਉੱਪਰ ਹਮਲਾ ਕਰਨ ਦੀ ਜੰਗੀ ਪੱਧਰ 'ਤੇ ਤਿਆਰੀ ਕਰੀ ਬੈਠੀ ਹੈ। ਇਹ ਸੰਭਵ ਹੈ ਕਿ ਭਗਵੰਤ ਮਾਨ ਵੱਲੋਂ ਇਹ ਯੋਜਨਾ ਮੋਦੀ ਸਰਕਾਰ ਨਾਲ ਮੀਟਿੰਗ ਕਰਕੇ ਬਣਾਈ ਗਈ ਹੋਵੇ (ਜਿਵੇਂ ਕਿ ਬੀਬੀਸੀ ਨਿਊਜ਼ ਪੰਜਾਬੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ) ਅਤੇ ਮੀਟਿੰਗ ਵਿਚ ਭੇਜੇ ਪੰਜਾਬ ਦੇ ਮੰਤਰੀਆਂ ਨੂੰ ਵੀ ਇਸ ਦੀ ਭਿਣਕ ਨਾ ਹੋਵੇ, ਕਿਉਂਕਿ ਸਾਰੇ ਫ਼ੈਸਲੇ ਤਾਂ ਕੇਜਰੀਵਾਲ ਵੱਲੋਂ ਲਗਾਏ ਨੌਕਰਸ਼ਾਹਾਂ ਵੱਲੋਂ ਲਏ ਜਾ ਰਹੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਭਗਵੰਤ ਮਾਨ ਸਰਕਾਰ ਦੀ ਇਸ ਕਾਰਵਾਈ ਦੀ ਨਿਖੇਧੀ ਭਾਜਪਾ ਦੇ ਮੰਤਰੀ ਵੀ ਕਰ ਰਹੇ ਹਨ।

ਇਨ੍ਹਾਂ ਦੋਹਾਂ ਜਾਬਰ ਹੱਲਿਆਂ ਨੇ ਝਾੜੂ ਬਰਗੇਡ ਦਾ ਲੋਕ ਹਿਤੈਸ਼ੀ ਹੋਣ ਦਾ ਦੰਭ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਡੱਲੇਵਾਲ-ਪੰਧੇਰ ਸਮੇਤ ਬਹੁਤ ਸਾਰੇ ਆਗੂਆਂ ਅਤੇ ਕਿਸਾਨਾਂ ਨੂੰ ਹਿਰਾਸਤ ਵਿਚ ਲੈਣਾ, ਔਰਤਾਂ ਸਮੇਤ ਬਹੁਤ ਸਾਰੇ ਕਿਸਾਨ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦੇਣਾ, ਜਗਜੀਤ ਸਿੰਘ ਡੱਲੇਵਾਲ ਨੂੰ ਨਜ਼ਰਬੰਦ ਰੱਖਣਾ, ਕਿਸਾਨਾਂ ਦੇ ਬਣਾਏ ਰੈਣ-ਬਸੇਰੇ ਬੇਕਿਰਕੀ ਨਾਲ ਬੁਲਡੋਜ਼ਰ ਚਲਾ ਕੇ ਤਹਿਸ-ਨਹਿਸ ਕਰਨੇ, ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਅਤੇ ਹੋਰ ਸਮਾਨ ਧਾੜਵੀਆਂ ਵਾਂਗ ਚੁੱਕ ਲਿਜਾਣਾ, ਪੁਲਿਸ ਵੱਲੋਂ ਸਮਾਨ ਭੰਨ-ਤੋੜ ਦੇਣਾ ਅਤੇ ਚੋਰੀ ਕਰਕੇ ਲੈ ਜਾਣਾ, ਮੈਡੀਕਲ ਸੇਵਾਵਾਂ ਦੇ ਰਹੀ ਡਾ. ਸਵੈਮਾਨ ਸਿੰਘ ਦੀ ਮੈਡੀਕਲ ਟੀਮ ਨੂੰ ਵੀ ਨਾ ਬਖ਼ਸ਼ਣਾ, ਇੰਤਹਾ ਘਿਣਾਉਣੀ ਹਰਕਤ ਹੈ ਜਿਸਦੀ ਜੁਅਰਤ ਤਾਂ ਦਿੱਲੀ ਕਿਸਾਨ ਅੰਦੋਲਨ ਸਮੇਂ ਕੇਂਦਰ ਦੀ ਭਾਜਪਾ ਸਰਕਾਰ ਨੇ ਵੀ ਨਹੀਂ ਸੀ ਕੀਤੀ। ਵਪਾਰੀਆਂ ਵੱਲੋਂ ਧਰਨੇ ਚੁਕਾਉਣ ਦੀ ਖ਼ੁਸ਼ੀ 'ਚ ਲੱਡੂ ਵੰਡਣ ਅਤੇ ਮੰਦਰਾਂ ਵਿਚ ਪੂਜਾ ਕਰਨ ਅਤੇ ਧਰਨਿਆਂ ਕਾਰਨ ਕਾਰੋਬਾਰਾਂ ਦੇ ਨੁਕਸਾਨ ਬਾਰੇ ਕਾਰੋਬਾਰੀ ਵਰਗ ਦੇ ਸਤੱਹੀ ਪ੍ਰਭਾਵਾਂ ਦੀਆਂ ਖ਼ਬਰਾਂ ਚੈਨਲਾਂ ਉੱਪਰ ਚਲਾ ਕੇ ਸੱਤਾਧਾਰੀ ਧਿਰ ਕਿਸਾਨ ਅੰਦੋਲਨ ਦੇ ਅਕਸ ਨੂੰ ਢਾਹ ਲਾਉਣ ਲਈ ਪੂਰਾ ਤਾਣ ਲਾ ਰਹੀ ਹੈ। ਬੇਸ਼ੱਕ ਕਿਸਾਨ ਅੰਦੋਲਨ ਨੂੰ ਪਾੜਨ ਤੇ ਬਦਨਾਮ ਕਰਨ ਲਈ ਹਮਲਾ ਨਵੀਂ ਗੱਲ ਨਹੀਂ ਹੈ। ਪਰ ਕਿਸਾਨਾਂ ਅਤੇ ਵਪਾਰੀਆਂ 'ਚ ਪਾੜਾ ਪਾਉਣ ਅਤੇ ਕਿਸਾਨ ਸੰਘਰਸ਼ ਵਿਰੁੱਧ ਨਫ਼ਰਤ ਭੜਕਾਉਣ ਲਈ ਧਰਨਿਆਂ ਨਾਲ ਆਰਥਕ ਨੁਕਸਾਨ ਦਾ ਝੂਠਾ ਬਿਰਤਾਂਤ ਚਲਾਉਣ ਅਤੇ ਲੋਕ ਵਿਰੋਧੀ ਨੀਤੀਆਂ ਤੋਂ ਧਿਆਨ ਹਟਾਉਣ 'ਚ ਝਾੜੂ ਬਰਗੇਡ ਭਾਜਪਾ ਤੋਂ ਵੀ ਚਾਰ ਕਦਮ ਅੱਗੇ ਹੈ। ਸਰਕਾਰਾਂ ਦੀਆਂ ਕਾਰਪੋਰੇਟ ਹਿਤੈਸ਼ੀ ਨੀਤੀਆਂ ਕਾਰਨ ਪੰਜਾਬ ਦੀਆਂ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਅਤੇ ਛੋਟੇ ਕਾਰੋਬਾਰ ਵੱਡੇ ਪੱਧਰ 'ਤੇ ਤਬਾਹ ਹੋਏ ਹਨ ਪਰ ਸਰਕਾਰਾਂ ਵੱਲੋਂ ਛੋਟੇ ਤੇ ਪ੍ਰਚੂਨ ਕਾਰੋਬਾਰਾਂ ਨੂੰ ਬਚਾਉਣ ਦੀ ਬਜਾਏ ਸਾਮਰਾਜੀ ਕੰਪਨੀਆਂ ਨੂੰ ਛੋਟਾਂ ਤੇ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਭਗਵੰਤ ਮਾਨ ਸਰਕਾਰ ਨੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਨੂੰ ਤਬਾਹੀ ਤੋਂ ਬਚਾਉਣ ਲਈ ਤਾਂ ਕੁਝ ਨਹੀਂ ਕੀਤਾ, ਉਲਟਾ ਇਸਨੇ ਕਾਰੋਬਾਰੀ ਵਰਗ ਦੀ ਬੇਚੈਨੀ ਤੇ ਮਾਯੂਸੀ ਨੂੰ ਕਾਰੋਬਾਰੀਆਂ ਅਤੇ ਕਿਸਾਨਾਂ 'ਚ ਪਾਟਕ ਪਾਉਣ ਅਤੇ ਕਿਸਾਨਾਂ ਵਿਰੁੱਧ ਨਫ਼ਰਤ ਭੜਕਾਉਣ ਲਈ ਵਰਤਣ ਦੀ ਘਿਣਾਉਣੀ ਚਾਲ ਖੇਡਣ ਦਾ ਰਾਹ ਅਖ਼ਤਿਆਰ ਕਰ ਲਿਆ ਹੈ। ਭਗਵੰਤ ਮਾਨ ਵਜ਼ਾਰਤ ਆਪਣੇ ਇਕ ਝੂਠ ਨੂੰ ਲੁਕੋਣ ਲਈ ਪੈਰ-ਪੈਰ 'ਤੇ ਨਵਾਂ ਝੂਠ ਘੜ ਰਹੀ ਹੈ। ਹਰਪਾਲ ਚੀਮਾ, ਮੀਤ ਹੇਅਰ ਤੇ ਮਰੀਆਂ ਜ਼ਮੀਰਾਂ ਵਾਲੇ ਹੋਰ ਮੰਤਰੀ ਕਹਿ ਰਹੇ ਹਨ ਕਿ ਧਰਨਿਆਂ ਨਾਲ ਪੰਜਾਬ ਦੇ ਕਾਰੋਬਾਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਸੀ; ਕਿ ਸਰਕਾਰ ਨੇ ਤਾਂ ਮੋਰਚੇ ਪੰਜਾਬ ਦੇ ਆਰਥਕ ਹਿਤ ਲਈ ਹਟਾਏ ਹਨ। ਇਸ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ।

ਪਹਿਲੀ ਗੱਲ, ਸੜਕਾਂ ਕਿਸਾਨਾਂ ਨੇ ਨਹੀਂ ਰੋਕੀਆਂ। ਡੱਲੇਵਾਲ-ਪੰਧੇਰ ਦੇ ਫੋਰਮਾਂ ਦੀ ਅਗਵਾਈ ਹੇਠ ਕਿਸਾਨ ਦਿੱਲੀ ਜਾ ਕੇ ਆਪਣੀਆਂ ਮੰਗਾਂ ਬਾਰੇ ਆਵਾਜ਼ ਉਠਾਉਣਾ ਚਾਹੁੰਦੇ ਸਨ, ਪਰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਰਿਆਣੇ ਦੀ ਭਾਜਪਾ ਸਰਕਾਰ ਨੇ ਭਾਰੀ ਪੁਲਿਸ ਫੋਰਸ ਲਾ ਕੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਦੇ ਕਾਫ਼ਲੇ ਰੋਕ ਦਿੱਤੇ। ਦਿੱਲੀ ਪੁਲਿਸ ਨੇ ਸੋਨੀਅਤ-ਦਿੱਲੀ ਨੈਸ਼ਨਲ ਹਾਈਵੇਅ ਉੱਪਰ ਕੰਕਰੀਟ ਦੇ ਬਹੁਪਰਤੀ ਬੈਰੀਕੇਡ ਉਸਾਰ ਦਿੱਤੇ ਅਤੇ ਹਰਿਆਣਾ ਪੁਲਿਸ ਨੇ ਦਿੱਲੀ ਪੁਲਿਸ ਦੀ ਤਰਜ਼ 'ਤੇ ਸ਼ੰਭੂ ਬਾਰਡਰ ਉੱਪਰ ਕੰਕਰੀਟ ਦੀਆਂ ਕੰਧਾਂ ਉਸਾਰ ਦਿੱਤੀਆਂ ਤਾਂ ਜੋ ਵਾਹਨਾਂ ਦੀ ਆਵਾਜਾਈ ਬੰਦ ਕਰਕੇ ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਨਫ਼ਰਤ ਫੈਲਾਊ ਬਿਰਤਾਂਤ ਚਲਾਇਆ ਜਾ ਸਕੇ। ਫਿਰ ਕਿਸਾਨਾਂ ਦੀ ਪੈਦਲ ਦਿੱਲੀ ਜਾਣ ਦੀ ਕੋਸ਼ਿਸ਼ ਵੀ ਪੁਲਿਸ ਜਬਰ ਦੁਆਰਾ ਅਸਫ਼ਲ ਬਣਾ ਦਿੱਤੀ ਗਈ। ਇਨ੍ਹਾਂ ਰੋਕਾਂ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਇਕ ਹਫ਼ਤੇ 'ਚ ਬੈਰੀਕੇਡ ਹਟਾਉਣ ਦਾ ਆਦੇਸ਼ ਦਿੱਤਾ, ਪਰ ਭਗਵੰਤ ਮਾਨ ਸਰਕਾਰ ਨੇ ਹਾਈਕੋਰਟ ਅਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਲਾਗੂ ਕਰਾਉਣ ਦੀ ਕਦੇ ਲੋੜ ਹੀ ਨਹੀਂ ਸਮਝੀ। ਇਹ ਜੱਗ ਜ਼ਾਹਿਰ ਹੈ ਕਿ ਹਾਈਵੇਅ ਕਿਸਾਨਾਂ ਨੇ ਨਹੀਂ ਸਗੋਂ ਹਰਿਆਣਾ ਸਰਕਾਰ ਨੇ ਰੋਕੇ ਹੋਏ ਸਨ, ਭਗਵੰਤ ਮਾਨ ਸਰਕਾਰ ਖ਼ੁਦ ਵੀ ਇਹੀ ਕਹਿੰਦੀ ਰਹੀ ਹੈ। ਹੁਣ ਅਚਾਨਕ ਇਸ ਨੂੰ ਭਾਜਪਾ ਦੇ ਝੂਠ ਦੀ ਮੁਹਾਰਨੀ ਰਟਣ ਦੀ ਲੋੜ ਕਿਉਂ ਪਈ, ਭਗਵੰਤ ਮਾਨ ਦੀ ਅਸਲ ਖ਼ਸਲਤ ਨੂੰ ਸਮਝ ਕੇ ਹੀ ਇਸ ਨੂੰ ਸਹੀ ਸਮਝਿਆ ਜਾ ਸਕਦਾ ਹੈ। ਜੇ ਆਵਾਜਾਈ ਵਿਚ ਅੜਿੱਕਾ ਪੈਣ ਨਾਲ ਕਾਰੋਬਾਰ ਉੱਪਰ ਕੋਈ ਅਸਰ ਪੈ ਰਿਹਾ ਸੀ ਤਾਂ ਉਸਦੀ ਜ਼ਿੰਮੇਵਾਰ ਹਰਿਆਣਾ ਸਰਕਾਰ ਸੀ ਜਿਸਨੇ ਪੱਕੇ ਬੈਰੀਕੇਡ ਉਸਾਰੇ ਅਤੇ ਨਾਲ ਹੀ ਪੰਜਾਬ ਸਰਕਾਰ, ਜਿਸਨੇ ਇਹ ਬੈਰੀਕੇਡ ਹਟਾਉਣ ਲਈ ਕੇਂਦਰ ਅਤੇ ਹਰਿਆਣਾ ਸਰਕਾਰਾਂ ਨਾਲ ਮੱਥਾ ਲਾਉਣ ਤੋਂ ਹਮੇਸ਼ਾ ਟਾਲਾ ਵੱਟਿਆ। ਸਵਾਲ ਇਹ ਹੈ ਕਿ ਜੋ ਬੁਲਡੋਜ਼ਰ ਕਿਸਾਨਾਂ ਨੂੰ ਖਦੇੜਨ ਲਈ ਚਲਾਏ ਗਏ, ਉਹ ਭਗਵੰਤ ਮਾਨ ਨੇ ਹਰਿਆਣਾ ਸਰਕਾਰ ਵੱਲੋਂ ਨੈਸ਼ਨਲ ਹਾਈਵੇਅ ਉੱਪਰ ਉਸਾਰੀਆਂ ਕੰਕਰੀਟ ਦੀਆਂ ਗ਼ੈਰਕਾਨੂੰਨੀ ਕੰਧਾਂ ਨੂੰ ਢਾਹੁਣ ਅਤੇ ਕਿਸਾਨਾਂ ਦਾ ਦਿੱਲੀ ਵਿਚ ਜਾਣ ਦਾ ਹੱਕ ਬਹਾਲ ਕਰਾਉਣ ਲਈ ਕਿਉਂ ਨਹੀਂ ਭੇਜੇ ਗਏ?

ਜਿੱਥੋਂ ਤੱਕ ਵਪਾਰਕ ਕਾਰੋਬਾਰਾਂ ਦੇ ਨੁਕਸਾਨ ਦਾ ਸਵਾਲ ਹੈ, ਰਸਤਾ ਰੁਕਣ ਨਾਲ ਆਮ ਲੋਕਾਈ ਨੂੰ ਕੁਝ ਸਮੱਸਿਆ ਤਾਂ ਆਉਂਦੀ ਹੀ ਹੈ ਚਾਹੇ ਕੋਈ ਵੀ ਅੰਦੋਲਨ ਹੋਵੇ। ਤੱਥ ਇਹ ਹੈ ਕਿ ਇਸਦੇ ਬਾਵਜੂਦ ਬਾਰਡਰਾਂ ਉੱਪਰ ਰਸਤਾ ਬਦਲ ਕੇ ਢੋਆ-ਢੁਆਈ ਅਤੇ ਆਵਾਜਾਈ ਚੱਲਦੀ ਰਹੀ ਹੈ, ਖ਼ਾਸ ਕਰਕੇ ਖਨੌਰੀ ਬਾਰਡਰ ਦੇ ਆਰ-ਪਾਰ ਤਾਂ ਕਾਰੋਬਾਰ ਕਦੇ ਵੀ ਬੰਦ ਨਹੀਂ ਹੋਇਆ। ਰਾਜ ਸਰਕਾਰ ਲਈ ਸਭ ਤੋਂ ਵੱਡਾ ਸਰੋਕਾਰ ਤਾਂ ਪੰਜਾਬ ਦੇ ਲੋਕਾਂ ਨੂੰ ਮੁਲਕ ਦੀ ਰਾਜਧਾਨੀ ਵਿਚ ਜਾ ਕੇ ਆਪਣੀਆਂ ਮੰਗਾਂ ਲਈ ਆਵਾਜ਼ ਉਠਾਉਣ ਤੋਂ ਰੋਕਣ ਅਤੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੇ ਖੇਤਰ ਵਿਚ ਦਾਖ਼ਲ ਹੋ ਕੇ ਕਿਸਾਨਾਂ ਉੱਪਰ ਗੋਲੀਬਾਰੀ ਕਰਨ ਅਤੇ ਹੱਤਿਆ ਕਰਨ ਦਾ ਮੁੱਦਾ ਹੋਣਾ ਚਾਹੀਦਾ ਸੀ। ਇਹ ਆਰ.ਐੱਸ.ਐੱਸ.-ਭਾਜਪਾ ਹਕੂਮਤ ਦਾ ਪੰਜਾਬ ਦੇ ਲੋਕਾਂ ਦੇ ਜਮਹੂਰੀ ਹੱਕ ਉੱਪਰ ਸਿੱਧਾ ਹਮਲਾ ਸੀ, ਪਰ ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦਾ ਡੰਗਿਆ ਭਗਵੰਤ ਮਾਨ ਇਸ ਹੱਕ ਦੀ ਪੈਰਵਾਈ ਕਰਨ ਬਾਰੇ ਬੇਸ਼ਰਮੀਂ ਨਾਲ ਚੁੱਪ ਹੈ, ਉਲਟਾ ਕਿਸਾਨ ਅੰਦੋਲਨ ਨੂੰ ਹੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਬਣਾ ਕੇ ਪੇਸ਼ ਕਰ ਰਿਹਾ ਹੈ।

20 ਮਾਰਚ ਨੂੰ ਇਕ ਪਾਸੇ ਉਪਰੋਕਤ ਜਬਰ ਵਿਰੁੱਧ ਰੋਸ ਪ੍ਰਗਟਾ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੂਜੇ ਪਾਸੇ ਪੰਜਾਬ ਦੇ ਖੇਤੀਬਾੜੀ ਮੰਤਰੀ ਵੱਲੋਂ ਐੱਸ.ਕੇ.ਐੱਮ. ਨੂੰ 21 ਮਾਰਚ ਨੂੰ ਗੱਲਬਾਤ ਲਈ ਸੱਦਾ ਭੇਜਿਆ ਗਿਆ। ਭਗਵੰਤ ਮਾਨ ਐੱਸ.ਕੇ.ਐੱਮ. ਨੂੰ ਬਦਨਾਮ ਕਰਨ ਲਈ ਮੀਡੀਆ ਅੱਗੇ ਸਰੇਆਮ ਝੂਠ ਬੋਲਦਾ ਰਿਹਾ ਕਿ ਐੱਸ.ਕੇ.ਐੱਮ. ਦੇ ਮੰਗ-ਪੱਤਰ ਦੀਆਂ ਅਠਾਰਾਂ ਮੰਗਾਂ ਵਿੱਚੋਂ ਇਕ ਵੀ ਮੰਗ ਪੰਜਾਬ ਸਰਕਾਰ ਨਾਲ ਸੰਬੰਧਤ ਨਹੀਂ ਹੈ, ਹੁਣ ਉਸਦੇ ਖੇਤੀਬਾੜੀ ਮੰਤਰੀ ਨੇ 21 ਮਾਰਚ ਨੂੰ ਕਿਸਾਨ ਆਗੂਆਂ ਨੂੰ ਮੀਟਿੰਗ ਲਈ ਕਿਸ ਅਧਾਰ 'ਤੇ ਸੱਦਿਆ? ਜੇ ਮੰਗਾਂ ਪੰਜਾਬ ਸਰਕਾਰ ਨਾਲ ਸੰਬੰਧਤ ਹੀ ਨਹੀਂ, ਫਿਰ ਮੀਟਿੰਗ ਕਾਹਦੇ ਲਈ? ਜੇ ਮੰਗਾਂ ਉੱਪਰ ਮੀਟਿੰਗ ਹੋ ਸਕਦੀ ਹੈ ਤਾਂ ਕੀ ਭਗਵੰਤ ਮਾਨ ਉਸ ਮਹਾਂ-ਝੂਠ ਲਈ ਪੰਜਾਬ ਦੇ ਲੋਕਾਂ ਤੋਂ ਮਾਫ਼ੀ ਮੰਗੇਗਾ ਜੋ ਉਸਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਬੋਲਿਆ? ਐਸ.ਕੇ.ਐਮ. ਅਤੇ ਬੀ.ਕੇ.ਯੂ ਏਕਤਾ-ਉਗਰਾਹਾਂ ਨੇ ਰਾਜ ਸਰਕਾਰ ਦੇ ਗੱਲਬਾਤ ਦੇ ਇਸ ਫੁੱਟ-ਪਾਊ ਸੱਦੇ ਨੂੰ ਹੁੰਗਾਰਾ ਨਹੀਂ ਦਿੱਤਾ। ਐਸ.ਕੇ.ਐਮ. ਨੇ ਚੰਡੀਗੜ੍ਹ ਜਾਣ ਦਾ ਪ੍ਰੋਗਰਾਮ ਫ਼ਿਲਹਾਲ ਮੁਲਤਵੀ ਕਰ ਦਿੱਤਾ, ਇਸ ਦੀ ਥਾਂ 28 ਮਾਰਚ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਾ ਸਦਰ-ਮੁਕਾਮਾਂ ਉੱਪਰ ਜਬਰ ਵਿਰੋਧੀ ਮੁਜ਼ਾਹਰੇ ਕਰਕੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ-ਪੱਤਰ ਭੇਜਣ ਦਾ ਫ਼ੈਸਲਾ ਲਿਆ ਹੈ। ਪੰਧੇਰ ਦੀ ਅਗਵਾਈ ਵਾਲੀ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਸਟੈਂਡ ਲਿਆ ਹੈ ਕਿ ਉਹ ਆਪਣੇ ਜੇਲ੍ਹ ਬੰਦ ਆਗੂਆਂ ਦੀ ਜ਼ਮਾਨਤ ਨਹੀਂ ਕਰਾਉਣਗੇ।

ਰਾਜਨੀਤਕ ਵਿਸ਼ਲੇਸ਼ਣਕਾਰਾਂ 'ਚ ਇਹ ਵੀ ਚਰਚਾ ਹੈ ਕਿ ਆਪਣੇ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਚੱਲ ਰਹੀ ਜਾਂਚ ਨੂੰ ਦੇਖਦਿਆਂ ਕੇਜਰੀਵਾਲ ਵੱਲੋਂ ਮੁੜ ਜੇਲ੍ਹ ਭੇਜੇ ਜਾਣ ਦੀ ਸੰਭਾਵਨਾ ਦੇ ਦਬਾਅ ਹੇਠ ਕੇਂਦਰ ਸਰਕਾਰ ਨਾਲ ਕੋਈ ਅੰਦਰੂਨੀ ਸੌਦੇਬਾਜ਼ੀ ਕੀਤੀ ਹੋ ਸਕਦੀ ਹੈ। ਮਖੌਟਾ ਲਾਹ ਕੇ ਸਾਹਮਣੇ ਆਏ ਭਗਵੰਤ ਮਾਨ ਦੇ ਇਸ ਤਾਨਾਸ਼ਾਹ ਕਿਰਦਾਰ ਦਾ ਇਕ ਵੱਡਾ ਕਾਰਨ ਲੁਧਿਆਣਾ ਪੱਛਮੀ ਦੀ ਜ਼ਿਮਨੀ-ਚੋਣ ਦੀ ਰਾਜਨੀਤਕ ਗਿਣਤੀ-ਮਿਣਤੀ ਵੀ ਮੰਨਿਆ ਜਾ ਰਿਹਾ ਹੈ ਜਿੱਥੋਂ 'ਆਪ' ਵਿਧਾਇਕ ਗੁਰਪ੍ਰੀਤ ਗੋਗੀ ਦੀ ਸ਼ੱਕੀ ਹਾਲਾਤ ਵਿਚ ਮੌਤ ਤੋਂ ਬਾਅਦ ਖਾਲੀ ਹੋਈ ਸ਼ਹਿਰੀ ਸੀਟ ਦੀ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਉਮੀਦਵਾਰ ਨਾਮਜ਼ੱਦ ਕੀਤਾ ਗਿਆ ਹੈ। ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਵਿਰੁੱਧ ਸਾਰੇ ਵਰਗਾਂ ਵਿਚ ਫੈਲੀ ਹੋਈ ਬੇਚੈਨੀ ਅਤੇ ਦਿੱਲੀ ਚੋਣਾਂ ਵਿਚ ਝਾੜੂ ਬਰਗੇਡ ਦਾ ਸਫ਼ਾਇਆ ਹੋਣ ਦੇ ਮੱਦੇਨਜ਼ਰ ਸ਼ਾਤਰ ਕੇਜਰੀਵਾਲ ਕੋਲ ਪੰਜਾਬ ਦੀ ਸੱਤਾ ਦਾ ਲਾਹਾ ਲੈਣ ਦਾ ਰਾਹ ਹੀ ਬਚਿਆ ਹੈ। ਇਹ ਵੀ ਸੰਭਵ ਹੈ ਕਿ ਇਸ ਖਾਲੀ ਹੋਈ ਸੀਟ ਤੋਂ ਉਸ ਨੂੰ ਰਾਜ ਸਭਾ ਮੈਂਬਰ ਬਣਾ ਦਿੱਤਾ ਜਾਵੇ। ਪੰਜਾਬ ਦੇ ਸਰਕਾਰੀ ਖ਼ਜ਼ਾਨੇ ਦਾ ਕੇਜਰੀਵਾਲ ਦੇ ਰਾਜਨੀਤਕ ਹਿਤਾਂ ਲਈ ਉਜਾੜਾ ਵੱਡਾ ਮੁੱਦਾ ਬਣਦਾ ਰਿਹਾ ਹੈ। ਹੁਣ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੂੰ ਪੰਜਾਬ ਦੇ ਇੰਚਾਰਜ ਅਤੇ ਸਹਿ-ਇੰਚਾਰਜ ਥਾਪ ਕੇ ਇਸ ਉਜਾੜੇ ਵਿਚ ਹੋਰ ਵਾਧਾ ਕਰਨ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ, ਜਦਕਿ ਇਹ ਦੋਵੇਂ ਸ਼ਖ਼ਸ ਭ੍ਰਿਸ਼ਟਾਚਾਰ ਦੇ ਕੇਸ ਵਿਚ ਜੇਲ੍ਹ ਵਿਚ ਰਹਿ ਚੁੱਕੇ ਹਨ। ਉਪਰੋਕਤ ਸ਼ਹਿਰੀ ਸੀਟ ਜਿੱਤਣੀ ਐਨੀ ਸੌਖੀ ਨਹੀਂ ਹੈ। ਇਸ ਲਈ ਕੇਜਰੀਵਾਲ-ਭਗਵੰਤ ਦਾ ਲੁਧਿਆਣਾ ਦੇ ਕਾਰੋਬਾਰੀ ਤਬਕੇ ਦੀਆਂ ਵੋਟਾਂ ਬਟੋਰਨ ਲਈ ਕਿਸਾਨ ਵਿਰੋਧੀ ਝੂਠੇ ਬਿਰਤਾਂਤ ਦਾ ਸਹਾਰਾ ਲੈਣਾ ਸੁਭਾਵਿਕ ਹੈ। ਸੰਘਰਸ਼ਸ਼ੀਲ ਕਿਸਾਨਾਂ ਉਪਰ ਸ਼ਿਕੰਜਾ ਕੱਸਣ ਦੇ ਭਾਜਪਾ ਹਕੂਮਤ ਦੇ ਦਬਾਅ ਨੂੰ ਇਹ ਮੌਕਾਪ੍ਰਸਤ ਗੈਂਗ ਕਿੰਨਾ ਕੁ ਸਮਾਂ ਟਾਲ ਸਕਦਾ ਸੀ। ਕੇਜਰੀਵਾਲ ਦੀ ਰਾਸ਼ਟਰਵਾਦੀ ਸਿਆਸਤ ਦੇ ਪੈਰੋਕਾਰ ਕੰਗਰੋੜਹੀਣ ਭਗਵੰਤ ਮਾਨ ਵਿਚ ਮੋਦੀ-ਸ਼ਾਹ ਅਤੇ ਹਰਿਆਣਾ ਦੀ ਭਾਜਪਾ ਸਰਕਾਰ ਦੀ ਧੌਂਸ ਅੱਗੇ ਖੜ ਤੇ ਅੜ ਸਕਣ ਦੀ ਤਾਕਤ ਨਹੀਂ ਹੈ। ਭਗਵੰਤ ਮਾਨ ਕਿਸਾਨ ਜਥੇਬੰਦੀਆਂ ਦੀਆਂ ਉਨ੍ਹਾਂ ਜਾਇਜ਼ ਮੰਗਾਂ ਉੱਪਰ ਚਰਚਾ ਤੋਂ ਵੀ ਲਗਾਤਾਰ ਪੱਲਾ ਛੁਡਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਰਾਜ ਸਰਕਾਰ ਦੇ ਅਧਿਕਾਰ ਖੇਤਰ ਦੀਆਂ ਮੰਗਾਂ ਹਨ। ਉਹ ਵਾਅਦਾ ਖ਼ਿਲਾਫ਼ੀ ਵਿਰੁੱਧ ਸ਼ਾਂਤਮਈ ਅੰਦੋਲਨਾਂ ਉੱਪਰ ਝਪਟਣ ਲਈ ਪੁਲਿਸ ਨੂੰ ਬੇਲਗਾਮ ਕਰਨਾ ਹੀ ਜਾਣਦਾ ਹੈ।

ਇਹ ਠੀਕ ਹੈ ਕਿ ਕਿਸਾਨ ਜਥੇਬੰਦੀਆਂ 'ਚ ਏਕਤਾ ਦੀ ਘਾਟ ਨੇ ਵੀ ਭਗਵੰਤ-ਕੇਜਰੀਵਾਲ ਗੈਂਗ ਨੂੰ ਕਿਸਾਨ ਅੰਦੋਲਨ ਉੱਪਰ ਝਪਟਣ ਲਈ ਉਤਸ਼ਾਹਤ ਕੀਤਾ ਹੈ। ਇਹ ਸੱਚ ਹੈ ਕਿ ਵੱਡੀਆਂ-ਛੋਟੀਆਂ ਕਿਸਾਨ ਜਥੇਬੰਦੀਆਂ ਦੇ ਰਾਜਨੀਤਕ ਨਜ਼ਰੀਏ, ਪ੍ਰੋਗਰਾਮ, ਲੜਨ ਦੇ ਤੌਰ-ਤਰੀਕੇ ਅਤੇ ਹਾਕਮ ਜਮਾਤੀ ਪਾਰਟੀਆਂ ਨਾਲ ਰਿਸ਼ਤੇ ਵੱਖੋ-ਵੱਖਰੇ ਹਨ। ਉਨ੍ਹਾਂ ਦੀ ਲੜਾਈ ਦੀ ਵਚਨਬੱਧਤਾ, ਸੰਘਰਸ਼ ਨੂੰ ਅਗਵਾਈ ਦੇਣ ਲਈ ਜ਼ਰੂਰੀ ਸਪਸ਼ਟ ਸਮਝ ਅਤੇ ਜਨਤਕ ਲਾਮਬੰਦੀ ਦੀ ਪਹੁੰਚ ਵੀ ਵੱਖੋ-ਵੱਖਰੀ ਹੈ। ਇਸੇ ਕਰਕੇ ਹੀ ਕਿਸਾਨਾਂ ਦੀ ਲਾਮਬੰਦੀ ਦੀ ਤਾਕਤ ਅਤੇ ਸੰਘਰਸ਼ ਵਿਚ ਲਗਾਤਾਰ ਡੱਟੇ ਰਹਿਣ ਲਈ ਉਨ੍ਹਾਂ ਵੱਲੋਂ ਦਿਖਾਈ ਜਾਂਦੀ ਦ੍ਰਿੜਤਾ ਵੀ ਵੱਖੋ-ਵੱਖਰੀ ਹੈ। ਡੱਲੇਵਾਲ-ਪੰਧੇਰ ਦੇ ਫੋਰਮਾਂ ਵੱਲੋਂ ਐਸ.ਕੇ.ਐਮ. ਨੂੰ ਢਾਹ ਲਾਉਣ ਲਈ ਨਿਸ਼ਾਨੇ 'ਤੇ ਲੈਣ, ਐਸ.ਕੇ.ਐਮ. ਦੀਆਂ ਏਕਤਾ ਕੋਸ਼ਿਸ਼ਾਂ ਨੂੰ ਹੁੰਗਾਰਾ ਨਾ ਦੇ ਕੇ ਅੱਡ ਸੰਘਰਸ਼ ਰਾਹੀਂ ਵੱਧ ਲੜਾਕੂ ਹੋਣ ਦੀ ਭੱਲ ਬਣਾਉਣ 'ਚ ਗ੍ਰਸਤ ਹੋਣ ਅਤੇ ਦੂਜੇ ਪਾਸੇ, ਐਸ.ਕੇ.ਐਮ. ਦੀਆਂ ਸਾਰੀਆਂ ਜਥੇਬੰਦੀਆਂ ਅੰਦਰ ਦਿੱਲੀ ਤੋਂ ਵਾਪਸ ਆ ਕੇ ਰਹਿੰਦੀਆਂ ਮੰਗਾਂ ਉੱਪਰ ਬੱਝਵਾਂ, ਵਿਸ਼ਾਲ ਅੰਦੋਲਨ ਵਿੱਢਣ ਲਈ ਪਹਿਲਾਂ ਵਾਲੀ ਦ੍ਰਿੜਤਾ ਅਤੇ ਜੁਝਾਰੂ ਭਾਵਨਾ ਬਰਕਰਾਰ ਨਾ ਰਹਿ ਸਕਣ ਕਾਰਨ ਕਿਸਾਨਾਂ ਦੀ ਜਥੇਬੰਦਕ ਤਾਕਤ ਦਾ ਦਬ-ਦਬਾਅ ਕਮਜ਼ੋਰ ਪੈ ਗਿਆ। ਉਨ੍ਹਾਂ ਦੇ ਲੜਾਕੂ ਅਕਸ ਨੂੰ ਸਪਸ਼ਟ ਤੌਰ 'ਤੇ ਖ਼ੋਰਾ ਲੱਗਿਆ ਹੈ। ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਇਸਦਾ ਲਾਹਾ ਲੈਣ ਲਈ ਕਿਸਾਨ ਵਿਰੋਧੀ ਬਿਰਤਾਂਤ ਚਲਾਉਣ ਲਈ ਆਪਣੇ ਮੀਡੀਆ ਵਿੰਗ ਝੋਕ ਦਿੱਤੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਕੇਜਰੀਵਾਲ-ਭਗਵੰਤ ਦੀ ਕਿਸਾਨ ਆਗੂਆਂ ਨਾਲ ਵਿਸ਼ਵਾਸਘਾਤ ਕਰਨ, ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਬੁਲਡੋਜ਼ਰ ਭੇਜਣ ਅਤੇ ਪੁਲਿਸ ਤਾਕਤ ਦੇ ਜ਼ੋਰ ਕਿਸਾਨ ਅੰਦੋਲਨ ਨੂੰ ਸੱਟ ਮਾਰਨ ਦੀ ਜੁਅਰਤ ਪਈ ਹੈ ਜੋ ਇਕ ਸਮੇਂ ਕਿਸਾਨੀ ਦੀਆਂ ਕਾਂਗਰਸ ਤੇ ਅਕਾਲੀ ਦਲ ਵਿਰੋਧੀ ਭਾਵਨਾਵਾਂ ਦਾ ਲਾਹਾ ਲੈਣ ਲਈ ਕਿਸਾਨ ਆਗੂਆਂ ਦੇ ਪੈਰ ਮਿੱਧਦੇ ਫਿਰਦੇ ਸਨ। ਮੋਦੀ-ਅਮਿਤ ਸ਼ਾਹ ਦੇ ਫਾਸ਼ੀਵਾਦੀ ਕੁਹਾੜੇ ਦਾ ਦਸਤਾ ਬਣੇ ਝਾੜੂ ਬਰਗੇਡ ਦਾ ਵਿਸ਼ਵਾਸਘਾਤ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਭਰਮ ਹੈ ਕਿ ਰਾਜਨੀਤਕ ਠੱਗਾਂ ਦਾ ਇਹ ਟੋਲਾ ਪੰਜਾਬ ਦੇ ਹਿਤ 'ਚ ਬਦਲਾਅ ਲਿਆਉਣਾ ਚਾਹੁੰਦਾ ਹੈ। ਆਉਣ ਵਾਲੇ ਸਮੇਂ 'ਚ ਇਹ ਸਰਕਾਰ ਕਿਸਾਨੀ ਦੀ ਕੀਮਤ 'ਤੇ ਕਾਰਪੋਰੇਟ ਸਰਮਾਏਦਾਰੀ ਪੱਖੀ ਹੋਰ ਵੀ ਘਾਤਕ ਫ਼ੈਸਲੇ ਲਵੇਗੀ। ਇਹ ਕੇਂਦਰ ਸਰਕਾਰ ਨੂੰ ਖ਼ੁਸ਼ ਕਰਨ ਲਈ ਕਿਸਾਨ ਅੰਦੋਲਨ ਉੱਪਰ ਹੋਰ ਰੋਕਾਂ ਲਾਉਣ ਦੀ ਕੋਸ਼ਿਸ਼ ਵੀ ਕਰੇਗੀ ਅਤੇ ਬੁਲਡੋਜ਼ਰ ਰਾਜ ਦਾ ਮੂੰਹ ਹੋਰ ਸੰਘਰਸ਼ਾਂ ਵੱਲ ਵੀ ਕਰੇਗੀ।

ਭਗਵੰਤ ਮਾਨ ਸਰਕਾਰ ਦੇ ਇਸ ਦੁਸ਼ਟ ਕਾਰੇ ਦਾ ਸਿਆਸੀ ਲਾਹਾ ਲੈਣ ਲਈ ਅਕਾਲੀ, ਕਾਂਗਰਸੀ ਅਤੇ ਹੋਰ ਵੋਟ ਬਟੋਰੂ ਸਿਆਸਤਦਾਨ ਕਿਸਾਨ ਅੰਦੋਲਨ ਵਿਰੁੱਧ ਜਬਰ ਦੀ ਨਿਖੇਧੀ ਕਰਨ ਦਾ ਨਾਟਕ ਕਰ ਰਹੇ ਹਨ। ਇਹੀ ਕੁਝ ਬਾਦਲ ਸਰਕਾਰ ਤੇ ਕੈਪਟਨ ਸਰਕਾਰ ਤੋਂ ਅੱਕੇ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਣ ਲਈ ਭਗਵੰਤ ਮਾਨ ਕਰਦਾ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਹਾਕਮ ਜਮਾਤੀ ਸਿਆਸਤ ਦੀਆਂ ਚਲਾਕੀਆਂ ਨੂੰ ਸਮਝਣਾ ਪਵੇਗਾ। ਖ਼ਾਸ ਕਰਕੇ, ਕਿਸਾਨ ਜਥੇਬੰਦੀਆਂ ਨੂੰ ਪਿਛਲੇ ਤਜਰਬੇ ਤੋਂ ਸਿੱਖ ਕੇ ਕਿਸਾਨ ਅੰਦੋਲਨ ਨਾਲ ਨਕਲੀ ਹੇਜ ਦਿਖਾਉਣ ਵਾਲਿਆਂ ਤੋਂ ਸੁਚੇਤ ਰਹਿਣਾ ਹੋਵੇਗਾ ਅਤੇ ਸੰਘਰਸ਼ ਨੂੰ ਸਾਬਤ ਕਦਮੀਂ ਨਾਲ ਅੱਗੇ ਵਧਾਉਣਾ ਹੋਵੇਗਾ। ਇਹ ਤਸੱਲੀ ਵਾਲੀ ਗੱਲ ਹੈ ਕਿ ਇਕ ਪਾਸੇ ਡੱਲੇਵਾਲ-ਪੰਧੇਰ ਧੜੇ ਦੀਆਂ ਕਿਸਾਨ ਜਥੇਬੰਦੀਆਂ ਅਤੇ ਦੂਜੇ ਪਾਸੇ ਐਸ.ਕੇ.ਐਮ. ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਇਸ ਜਬਰ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਕੇ ਹਕੂਮਤੀ ਦਹਿਸ਼ਤ ਨੂੰ ਇਕ ਹੱਦ ਤੱਕ ਤੋੜਿਆ ਹੈ ਜਿਸ ਨੇ ਘੱਟੋਘੱਟ ਇਹ ਸੰਦੇਸ਼ ਤਾਂ ਦੇ ਹੀ ਦਿੱਤਾ ਹੈ ਕਿ ਬੇਸ਼ੱਕ ਪੱਕੇ ਮੋਰਚੇ ਖਦੇੜਨ ਦੇ ਨਾਪਾਕ ਇਰਾਦੇ ਵਿਚ ਸਰਕਾਰ ਵਕਤੀ ਤੌਰ 'ਤੇ ਕਾਮਯਾਬ ਹੋ ਗਈ ਹੈ, ਪਰ ਪੰਜਾਬ ਦੀ ਨਾਬਰ ਕਿਸਾਨੀ ਹਕੂਮਤੀ ਜਬਰ ਅੱਗੇ ਗੋਡੇ ਨਹੀਂ ਟੇਕੇਗੀ।

ਇਸ ਸਮੇਂ ਕਿਸਾਨ ਅੰਦੋਲਨ ਦੀਆਂ ਘਾਟਾਂ-ਕਮਜ਼ੋਰੀਆਂ ਨੂੰ ਸੰਜੀਦਗੀ ਨਾਲ ਸਮਝਦੇ ਹੋਏ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਯਤਨ ਜੁਟਾਉਂਦੇ ਹੋਏ ਹਕੂਮਤ ਦੇ ਜਾਬਰ ਹੱਲੇ ਦਾ ਮੁਕਾਬਲਾ ਕਰਨ ਲਈ ਆਪਣੀ ਏਕਤਾ ਨੂੰ ਮਜ਼ਬੂਤ ਕਰਨ ਉੱਪਰ ਕੇਂਦਰਤ ਕਰਨ ਅਤੇ ਇਸ ਖ਼ਾਤਰ ਬੱਝਵੀਂ ਲੋਕ ਤਾਕਤ ਉਸਾਰਨ ਦੀ ਲੋੜ ਹੈ। ਇਹ ਵੀ ਧਿਆਨ ਰਹਿਣਾ ਚਾਹੀਦਾ ਹੈ ਕਿ ਕਿਸਾਨ ਜਥੇਬੰਦੀਆਂ ਦੀ ਏਕਤਾ ਬਾਰੇ ਲੋਕਾਂ ਦੀਆਂ ਆਦਰਸ਼ਵਾਦੀ ਭਾਵਨਾਵਾਂ ਹੋਰ ਗੱਲ ਹੈ ਅਤੇ ਹਕੀਕਤ ਵਿਚ ਏਕਤਾ ਦਾ ਸਾਕਾਰ ਹੋਣਾ ਵੱਖਰੀ ਗੱਲ ਹੈ। ਅਸੂਲੀ ਏਕਤਾ ਹੀ ਹੰਢਣਸਾਰ ਅਤੇ ਟਿਕਾਊ ਹੋ ਸਕਦੀ ਹੈ। ਕਿਸਾਨ ਜਥੇਬੰਦੀਆਂ ਦੇ ਉਪਰੋਕਤ ਵੱਡੇ ਮੱਤਭੇਦਾਂ ਦੇ ਮੱਦੇਨਜ਼ਰ ਉਨ੍ਹਾਂ ਸਾਰਿਆਂ ਦਾ ਇਕ ਹੋ ਜਾਣਾ ਸੰਭਵ ਨਹੀਂ ਹੈ। ਇਸ ਵਕਤ ਵਿਹਾਰਕ ਤੌਰ 'ਤੇ ਘੱਟੋਘੱਟ ਪ੍ਰੋਗਰਾਮ ਦੇ ਆਧਾਰ ਉੱਪਰ ਸਾਂਝੇ ਸੰਘਰਸ਼ ਲਈ ਮੋਕਲੀ ਏਕਤਾ ਹੀ ਸੰਭਵ ਹੈ। ਇਤਿਹਾਸਕ ਕਿਸਾਨ ਅੰਦੋਲਨ ਇਸ ਪੱਖੋਂ ਬਹੁਤ ਵਡਮੁੱਲਾ ਸਬਕ ਹੈ। ਜਥੇਬੰਦੀਆਂ, ਖ਼ਾਸ ਕਰਕੇ ਲੀਡਰਸ਼ਿਪ ਦੀਆਂ ਘਾਟਾਂ-ਕਮਜ਼ੋਰੀਆਂ ਉੱਪਰ ਸੰਜੀਦਗੀ ਨਾਲ ਉਂਗਲ ਰੱਖੀ ਜਾਣੀ ਚਾਹੀਦੀ ਹੈ ਪਰ ਕੁਝ ਸੰਕੀਰਨ ਰਾਜਨੀਤਕ ਏਜੰਡਿਆਂ ਵਾਲੀਆਂ ਤਾਕਤਾਂ ਅਤੇ ਅੰਦੋਲਨ ਦੀਆਂ ਘਾਟਾਂ-ਕਮੀਆਂ ਨੂੰ ਸਨਸਨੀਖ਼ੇਜ਼ ਰੂਪ ਦੇ ਕੇ ਇਸ ਦਾ ਨਿੱਜੀ ਲਾਹਾ ਲੈਣ ਅਤੇ ਦਰਸ਼ਕਾਂ ਦਾ ਘੇਰਾ ਵਧਾਉਣ ਲਈ ਤਾਹੂ ਕੁਝ ਯੂਟਿਊਬ ਪੱਤਰਕਾਰਾਂ ਵੱਲੋਂ ਪਾਏ ਜਾ ਰਹੇ ਘਚੋਲੇ ਤੋਂ ਸੁਚੇਤ ਰਹਿਣਾ ਜ਼ਰੂਰੀ ਹੈ। ਕਿਸਾਨ ਆਗੂਆਂ ਵਿਰੁੱਧ ਸੋਸ਼ਲ ਮੀਡੀਆ ਪੋਸਟਾਂ ਪਾ ਕੇ ਭੜਾਸ ਕੱਢਣ ਅਤੇ ਉਨ੍ਹਾਂ ਦੀ ਇਕਜੁੱਟਤਾ ਦੀ ਘਾਟ ਨੂੰ ਕੋਸਣ ਨਾਲ ਕੁਝ ਨਹੀਂ ਸੰਵਰਨਾ।

*(ਬਾਕੀ ਅਗਲੇ ਸਫੇ 'ਤੇ)*

# ਬਟਵਾਰੇ ਦੇ ਮਹਾਂ ਦੁਖਾਂਤ ਦੀਆਂ ਜੜ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ-3

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*



**ਸਵਰਾਜਬੀਰ**
**ਫੋਨ: 98560-02003**

ਭਾਰਤ ਵਿਚ 'ਭਾਰਤ ਛੱਡੋ ਅੰਦੋਲਨ' ਵਿਚ ਵੱਡੀ ਪੱਧਰ 'ਤੇ ਲੋਕਾਂ ਨੇ ਹਿੱਸਾ ਲਿਆ ਸੀ ਤੇ ਹਿੰਸਾ ਹੋਈ ਸੀ। 1945-46 ਸਾਲ ਵਿਦਰੋਹ ਦੇ ਸਾਲਾਂ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਵਿਚ ਕਾਂਗਰਸ ਤੇ ਮੁਸਲਿਮ ਲੀਗ ਦੀ ਸ਼ਮੂਲੀਅਤ ਬਹੁਤ ਘੱਟ ਸੀ। ਭਾਰਤੀ ਜਲ ਸੈਨਾ ਦਾ ਵਿਦਰੋਹ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੇ ਪ੍ਰਭਾਵ ਹੇਠ ਹੋਇਆ ਅਤੇ ਇਸ ਨੇ ਖ਼ਤਰੇ ਦੀਆਂ ਘੰਟੀਆਂ ਏਨੇ ਜ਼ੋਰ ਦੀ ਵਜਾਈਆਂ ਸਨ ਕਿ ਉਸ ਤੋਂ ਅੰਗਰੇਜ਼ ਹੀ ਨਹੀਂ, ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਵੱਲਭ ਭਾਈ ਪਟੇਲ ਤੇ ਹੋਰ ਆਗੂ ਵੀ ਤ੍ਰਬਕ ਗਏ ਸਨ। ਸਨਅਤੀ ਮਜ਼ਦੂਰਾਂ ਵਿਚ ਵਿਦਰੋਹ ਪਣਪ ਰਿਹਾ ਸੀ, ਅਤੇ ਉਨ੍ਹਾਂ ਨੇ ਵੱਖ-ਵੱਖ ਥਾਵਾਂ 'ਤੇ ਹੜਤਾਲਾਂ ਕੀਤੀਆਂ।

ਪੰਜਾਬ ਦੇ ਇਤਿਹਾਸ ਵਿਚ ਦੋ ਘਟਨਾਵਾਂ ਦਾ ਮਹੱਤਵ ਅਜਿਹਾ ਹੈ ਜਿਨ੍ਹਾਂ ਦੇ ਨਕਾਰਾਤਮਕ ਪ੍ਰਭਾਵਾਂ ਦਾ ਲੇਖਾ-ਜੋਖਾ ਕਰਨਾ ਅਤਿਅੰਤ ਔਖਾ ਤੇ ਦੁਖਦਾਈ ਹੈ। ਇਹ ਘਟਨਾਵਾਂ ਹਨ : 1849 ਵਿਚ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਅਤੇ 1947 ਵਿਚ ਪੰਜਾਬ ਦੀ ਵੰਡ। 98 ਸਾਲਾਂ ਦੀ ਬਸਤੀਵਾਦੀ ਗੁਲਾਮੀ (ਪਟਿਆਲਾ, ਨਾਭਾ, ਫਰੀਦਕੋਟ ਆਦਿ ਵਿਚ ਇਸ ਦਾ ਅਰਸਾ ਹੋਰ ਲੰਮਾ ਤੇ ਵੱਖਰੀ ਨੌਈਅਤ ਵਾਲਾ ਸੀ) ਨੇ ਪੰਜਾਬ ਦੀ ਮਾਨਸਿਕਤਾ ਨੂੰ ਹਮੇਸ਼ਾ ਲਈ ਬਦਲ ਦਿੱਤਾ। ਅੰਗਰੇਜ਼ ਹਕੂਮਤ ਨੇ ਕਨਾਲ ਕਲੋਨੀਆਂ, ਕਾਨੂੰਨ ਦੇ ਰਾਜ ਤੇ ਕਈ ਹੋਰ ਕਦਮ ਚੁੱਕੇ ਤੇ ਜਿੱਥੇ ਅਜਿਹੀ ਕਾਰਗੁਜ਼ਾਰੀ ਨਾਲ ਅੰਗਰੇਜ਼ ਸਰਕਾਰ ਦੇ ਕਲਿਆਕਾਰੀ ਹੋਣ ਦਾ ਪ੍ਰਭਾਵ ਦਿੱਤਾ ਉੱਥੇ ਪੰਜਾਬੀਆਂ ਦੇ ਮਨ ਵਿਚ ਪਹਿਲਾਂ ਤੋਂ ਮੌਜੂਦ ਵੱਖਰੇਵਿਆਂ ਨੂੰ ਏਨਾ ਮਜ਼ਬੂਤ ਤੇ ਜ਼ਹਿਰੀਲਾ ਕੀਤਾ ਕਿ ਉਨ੍ਹਾਂ ਵਿਚਲਾ ਭਰਾਤਰੀ ਭਾਵ ਘਟਦਾ ਗਿਆ। ਅੰਗਰੇਜ਼ ਬਸਤੀਵਾਦ ਰਾਹੀਂ ਆਈ ਪੱਛਮੀ ਆਧੁਨਿਕਤਾ ਨੇ ਪੰਜਾਬੀਆਂ ਦੇ ਸੋਚਣ, ਖਾਣ-ਪੀਣ, ਪਹਿਨਣ ਤੇ ਜੀਊਣ ਦੇ ਹੋਰ ਤਰੀਕਿਆਂ ਵਿਚ ਵੱਡੀ ਟੁੱਟ-ਭੱਜ ਪੈਦਾ ਕੀਤੀ ਅਤੇ ਪੰਜਾਬੀਆਂ ਦੀ ਜੀਵਨ-ਜਾਚ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ।

ਪੱਛਮੀ ਆਧੁਨਿਕਤਾ ਵਿਚ ਇਹ ਨਿਹਿਤ ਸੀ ਕਿ ਉਹ ਗੁਲਾਮ ਦੇਸ਼ਾਂ ਦੇ ਬਾਸ਼ਿੰਦਿਆਂ ਨੂੰ ਇਹ ਸਵਾਲ ਪੁੱਛਦੀ ਸੀ ਕਿ ਤੁਸੀਂ ਕੌਣ ਹੋ, ਤੁਹਾਡੀ ਭਾਸ਼ਾ ਕਿਹੜੀ ਹੈ ਅਤੇ ਇਹ ਸਵਾਲ ਇਸ ਤਰ੍ਹਾਂ ਪੁੱਛੇ ਜਾਂਦੇ ਸਨ ਜਿਨ੍ਹਾਂ ਨਾਲ ਸਾਂਝੀਵਾਲਤਾ ਵਧਦੀ ਨਹੀਂ, ਘਟਦੀ ਸੀ ਤੇ ਪੁਰਾਣੇ ਵਖਰੇਵੇਂ ਵਧਦੇ ਅਤੇ ਨਵੇਂ ਜਨਮ ਲੈਂਦੇ ਸਨ। ਇਸ ਆਧੁਨਿਕਤਾ ਨੇ ਪੰਜਾਬੀਆਂ ਨੂੰ ਵੀ ਇਹੀ ਸਵਾਲ ਪੁੱਛੇ ਤੇ ਪੰਜਾਬੀਆਂ ਨੇ ਉਸ ਤਰ੍ਹਾਂ ਦੇ ਹੀ ਜਵਾਬ ਦਿੱਤੇ ਜਿਸ ਤਰ੍ਹਾਂ ਦੇ ਬਸਤੀਵਾਦੀ ਚਾਹੁੰਦੇ ਸਨ: ਹਿੰਦੂਆਂ ਨੇ ਕਿਹਾ ਅਸੀਂ ਹਿੰਦੂ ਹਾਂ ਤੇ ਸਾਡੀ ਭਾਸ਼ਾ ਹਿੰਦੀ ਹੈ; ਮੁਸਲਮਾਨਾਂ ਕਿਹਾ ਕਿ ਅਸੀਂ ਮੁਸਲਮਾਨ ਹਾਂ, ਸਾਡੀ ਭਾਸ਼ਾ ਉਰਦੂ ਹੈ; ਸਿੱਖਾਂ ਕਿਹਾ ਕਿ ਅਸੀਂ ਸਿੱਖ ਹਾਂ ਤੇ ਸਾਡੀ ਭਾਸ਼ਾ ਗੁਰਮੁਖੀ ਵਿਚ ਲਿਖੀ ਜਾਂਦੀ ਪੰਜਾਬੀ ਹੈ। ਭਾਸ਼ਾ ਦੇ ਧਰਮ ਨਾਲ ਜੁੜਣ ਨੇ ਪੰਜਾਬ ਦੇ ਟੋਟੇ-ਟੋਟੇ ਹੋਣ ਵਿਚ ਬੁਨਿਆਦੀ ਭੂਮਿਕਾ ਨਿਭਾਈ। ਅੰਗਰੇਜ਼ ਹਕੂਮਤ ਨੇ ਇਨ੍ਹਾਂ ਵਖਰੇਵਿਆਂ ਨੂੰ ਵਧਾਇਆ ਅਤੇ ਇਨ੍ਹਾਂ ਪਛਾਣਾਂ ਨੂੰ ਮਜ਼ਬੂਤ ਕਰਨ ਵਿਚ ਉਤਸ਼ਾਹਿਤ ਕੀਤਾ। ਇਸ ਨਾਲ ਹਰ ਧਰਮ ਵਿਚ ਲਹਿਰਾਂ ਪੈਦਾ ਹੋਈਆਂ ਅਤੇ ਹਰ ਧਾਰਮਿਕ ਫਿਰਕੇ ਨੇ ਆਪਣੀ ਸ੍ਰੇਸ਼ਟਤਾ ਸਿੱਧ ਕਰਨ ਲਈ ਵੱਖ-ਵੱਖ ਤਰ੍ਹਾਂ ਦੀ ਸਿਧਾਂਤਕਾਰੀ ਕੀਤੀ। ਪਛਾਣਾਂ ਦੀ ਇਸ ਸਿਆਸਤ ਨੇ ਪੰਜਾਬੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਅਜਿਹੀ ਫ਼ਿਰਕੂ ਮਾਨਸਿਕਤਾ ਨੂੰ ਜਨਮ ਦਿੱਤਾ ਜਿਸ ਨੇ ਇਨ੍ਹਾਂ ਧਰਮਾਂ ਦੇ ਰੂਪ-ਸਵਰੂਪ ਨੂੰ ਹੀ ਬਦਲ ਦਿੱਤਾ। ਅੰਗਰੇਜ਼ਾਂ ਦੀ ਇਹ ਨੀਤੀ ਅਤੇ ਪੰਜਾਬੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਉਨ੍ਹਾਂ ਨੂੰ ਦਿੱਤੇ ਗਏ ਜਵਾਬ, ਗੁਰੂ ਨਾਨਕ ਦੇਵ ਜੀ ਦੇ ਉਸ ਫ਼ਲਸਫ਼ੇ ਦੇ ਬਿਲਕੁਲ ਉਲਟ ਸਨ ਜਿਸ ਨੇ ਪੰਜਾਬ ਵਿਚ ਸਾਂਝੀਵਾਲਤਾ, ਸੁਹਿਰਦਤਾ, ਸਮਾਜਿਕ ਬਰਾਬਰੀ, ਜਮਹੂਰੀਅਤ ਅਤੇ ਅਨਿਆਂ ਵਿਰੁੱਧ ਲੜਨ ਦੀ ਰੂਹ ਫੂਕੀ ਸੀ। ਭਾਸ਼ਾਵਾਂ ਨੂੰ ਫ਼ਿਰਕੂ ਆਧਾਰ 'ਤੇ ਪਛਾਣੇ ਜਾਣ ਨੇ ਆਧੁਨਿਕ ਪੰਜਾਬੀਆਂ ਨੂੰ ਉਸ ਤਰ੍ਹਾਂ ਦੇ ਇਨਸਾਨਾਂ ਤੋਂ ਬਹੁਤ ਵੱਖਰੀ ਤਰ੍ਹਾਂ ਦੇ ਇਨਸਾਨ ਬਣਾ ਦਿੱਤਾ ਜਿਸ ਤਰ੍ਹਾਂ ਦੇ ਉਹ 18ਵੀਂ-19ਵੀਂ ਸਦੀ ਦੇ ਵਿਚ ਸਨ; ਉਹ ਆਪਣੇ ਵਿਰਸੇ ਨੂੰ ਫਿਰਕੂ ਆਧਾਰ 'ਤੇ ਪਛਾਨਣ ਵਾਲੇ, ਆਪਣੇ ਇਤਿਹਾਸ ਨੂੰ ਧਰਮਾਂ ਦੇ ਆਧਾਰ 'ਤੇ ਲਿਖਣ ਵਾਲੇ ਅਤੇ ਆਪਣੇ ਭਵਿੱਖ ਨੂੰ ਧਾਰਮਿਕ ਆਧਾਰ 'ਤੇ ਘੜਣ ਵਾਲੇ ਬਾਸ਼ਿੰਦੇ ਬਣ ਗਏ। ਜਿੱਥੇ ਬਸਤੀਵਾਦ ਦੌਰਾਨ ਸਾਂਝੇ ਪੰਜਾਬੀ ਵਿਰਸੇ ਨੂੰ ਖੋਰਾ ਲੱਗਾ, ਉੱਥੇ ਵੰਡ ਨੇ ਉਸ ਵਿਰਸੇ ਨੂੰ ਖੇਰੂੰ-ਖੇਰੂੰ ਕਰ ਦਿੱਤਾ; ਪੰਜਾਬ ਦੀ ਵੰਡ ਪੰਜਾਬ ਦੀ ਸਾਂਝੀਵਾਲਤਾ ਦੀ ਤਹਿਜ਼ੀਬ ਤੇ ਸਭਿਅਤਾ ਦੀ ਮੌਤ ਦੀ ਲਖਾਇਕ ਬਣੀ ਅਤੇ ਪੰਜਾਬੀ ਅਜਿਹੇ ਸਫ਼ਰਾਂ 'ਤੇ ਤੁਰੇ ਜਿਸ ਵਿਚ ਪੁਰਾਣੀ ਸਾਂਝੀਵਾਲਤਾ ਨੂੰ ਬਹਾਲ ਕਰਨਾ ਨਾਮੁਮਕਿਨ ਹੋ ਗਿਆ।

ਪੰਜਾਬ ਦੀ ਵੰਡ ਦੇ ਪਾਸਾਰ ਏਨੇ ਵਿਆਪਕ, ਵਿਰਾਟ ਤੇ ਬਹੁ-ਪਰਤੀ ਹਨ ਕਿ ਉਨ੍ਹਾਂ ਦੇ ਪੂਰੇ ਨਕਸ਼ ਤੇ ਇਤਿਹਾਸ ਕਦੀ ਵੀ ਲਿਖੇ-ਉਲੀਕੇ ਨਹੀਂ ਜਾ ਸਕਦੇ। ਜਿਵੇਂ ਇਤਿਹਾਸਕਾਰ ਇਸ਼ਤਿਆਕ ਅਹਿਮਦ ਨੇ ਆਪਣੀ ਕਿਤਾਬ Punjab Bloodied, Partition And Cleansed ਵਿਚ ਇਸ ਤੱਥ ਵੱਲ ਧਿਆਨ ਦਿਵਾਇਆ ਹੈ ਕਿ ਵੰਡ ਤੋਂ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਸਾਂਝੀਵਾਲਤਾ ਦੇ ਛੋਟੇ ਸਭਿਆਚਾਰਾਂ (little cultures) ਦੀ ਉਸਾਰੀ ਹੋ ਚੁੱਕੀ ਸੀ; ਪਿੰਡਾਂ ਵਿਚ ਵੈਦ, ਹਕੀਮ, ਪੰਡਤ, ਨਜੂਮੀ, ਤੇਲੀ, ਮੋਚੀ, ਮਾਸ਼ਕੀ, ਦਰਗਾਹਾਂ, ਗੁਰਦੁਆਰੇ ਸਭ ਦੇ ਸਾਂਝੇ ਸਨ ਤੇ ਇਹ ਸਾਂਝਾਂ ਡੂੰਘੀਆਂ ਸਨ; 1940ਵਿਆਂ ਦੇ ਫ਼ਿਰਕੂ ਤੂਫ਼ਾਨ ਨੇ ਇਨ੍ਹਾਂ ਛੋਟੇ ਸਭਿਆਚਾਰਾਂ ਨੂੰ ਤਬਾਹ ਕਰ ਦਿੱਤਾ; ਇਹ ਫ਼ਿਰਕੂ ਤੂਫ਼ਾਨ ਸ਼ਹਿਰਾਂ ਦੇ ਤਥਾ ਕਥਿਤ 'ਉਚੇਰੇ ਸਭਿਆਚਾਰ' (High Culture) ਵਿਚ ਪਣਪੇ ਸਨ; ਪੱਛਮ ਤੋਂ ਆਈ ਵਿਦਿਆ ਤੇ ਆਧੁਨਿਕਤਾ ਨੇ ਇਨ੍ਹਾਂ ਤੂਫ਼ਾਨਾਂ ਨੂੰ ਜਨਮ ਦਿੱਤਾ ਸੀ; ਫ਼ਿਰਕੂ ਜ਼ਹਿਰ ਦੀ ਜ਼ਮੀਨ ਨੂੰ ਇਸ ਵਿਦਿਆ ਤੇ ਆਧੁਨਿਕਤਾ ਨੇ ਸਿੰਜਿਆ ਤੇ ਜਵਾਨ ਕੀਤਾ ਸੀ। ਇਸੇ ਜ਼ਹਿਰ ਵਿਚ ਭਿੱਜੇ ਪੰਜਾਬੀਆਂ ਨੇ ਉਹ ਕਰੂਰ ਸਾਕੇ ਕੀਤੇ, ਜਿਨ੍ਹਾਂ ਵਿਚ ਲਾਸ਼ਾਂ ਨੂੰ ਨਿਪਟਾਉਣ ਦੇ ਕੰਮ ਦੀ ਮਜ਼ਦੂਰੀ 'ਦੋ ਆਨੇ ਫੀ ਲਾਸ਼' ਪਈ (ਜੋਗਿੰਦਰ ਸਿੰਘ ਤੂਰ ਹੋਰਾਂ ਦੀ ਕਿਤਾਬ ਦਾ ਤੀਸਰਾ ਅਧਿਆਇ)।

ਵੰਡ ਦੀ ਇਤਿਹਾਸਕਾਰੀ ਵਿਚ ਇਕ ਬਹੁਤ ਵੱਡੀ ਸਮੱਸਿਆ ਇਹ ਵੀ ਹੈ ਕਿ ਬਹੁਤ ਸਾਰੇ ਇਤਿਹਾਸਕਾਰਾਂ ਨੇ ਸਿਰਫ਼ ਤੱਥਾਂ ਨੂੰ ਹੀ ਪੇਸ਼ ਕਰ ਦਿੱਤਾ ਹੈ ਕਿ ਫਲਾਂ ਦਿਨ ਫਲਾਂ ਅਧਿਕਾਰੀਆਂ ਤੇ ਫਲਾਂ ਆਗੂਆਂ ਵਿਚ ਮੀਟਿੰਗ ਹੋਈ, ਫਲਾਂ ਦਿਨ ਇਸ ਆਗੂ ਨੇ ਅੰਗਰੇਜ਼ ਉੱਚ-ਅਧਿਕਾਰੀਆਂ ਜਾਂ ਲਾਰਡ ਮਾਊਂਟਬੈਟਨ ਨੂੰ ਇਹ ਚਿੱਠੀ ਲਿਖੀ, ਫਲਾਂ ਦਿਨ ਇਹ ਘਟਨਾ ਹੋਈ। ਕੁਝ ਇਤਿਹਾਸਕਾਰਾਂ ਨੂੰ ਛੱਡ ਕੇ ਬਾਕੀ ਨੇ ਜ਼ਮੀਨ 'ਤੇ ਹੋ ਰਹੀਆਂ ਘਟਨਾਵਾਂ, ਉਨ੍ਹਾਂ ਤੋਂ ਪੈਦਾ ਹੁੰਦੇ ਦਬਾਅ ਅਤੇ ਅਰਾਜਕਤਾ ਦੇ ਡਰ ਦਾ ਆਗੂਆਂ ਦੇ ਨਿਰਣਿਆਂ 'ਤੇ ਹੁੰਦੇ ਅਸਰ ਵਿਚਕਾਰਲੇ ਸੰਬੰਧਾਂ ਨੂੰ ਗਹੁ ਨਾਲ ਨਹੀਂ ਵਾਚਿਆ। ਉਦਾਹਰਣ ਦੇ ਤੌਰ 'ਤੇ ਸਿੱਖ ਇਤਿਹਾਸ ਲਿਖਣ ਵਾਲੇ ਇਤਿਹਾਸਕਾਰਾਂ ਖੁਸ਼ਵੰਤ ਸਿੰਘ (A History of The Sikhs), ਜੇ. ਐੱਸ. ਗਰੇਵਾਲ (The Sikhs of Punjab) ਅਤੇ ਹੋਰਨਾਂ ਦੀ ਇਤਿਹਾਸਕਾਰੀ ਵਿਚਕਾਰ ਘਟਨਾਵਾਂ ਦਾ ਵਰਣਨ ਤਾਂ ਹੈ ਪਰ ਉਨ੍ਹਾਂ ਦੇ ਪਿੱਛੇ ਪਈਆਂ ਤਾਕਤਾਂ ਅਤੇ ਆਗੂਆਂ ਦੇ ਫੈਸਲਿਆਂ 'ਤੇ ਪਏ ਅਸਰ ਦਾ ਵਰਣਨ ਘੱਟ। ਕਈ ਪੇਸ਼ਕਾਰੀਆਂ ਸ਼ੁਰੂ ਤੋਂ ਹੀ ਇਕਪਾਸੜ ਹਨ, ਜਿਵੇਂ ਨਰਿੰਦਰ ਸਿੰਘ ਸਰੀਲਾ ਦੀ ਦਿ ਅਨਟੋਲਡ ਸਟੋਰੀ ਆਫ ਇੰਡੀਆ'ਜ਼ ਪਾਰਟੀਸ਼ਨ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਜੇ ਕਾਂਗਰਸ 1939 ਵਿਚ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਨਾ ਦਿੰਦੀ ਅਤੇ ਅੰਗਰੇਜ਼ ਸਰਕਾਰ ਨਾਲ ਬਣਾ ਕੇ ਰੱਖਦੀ ਤਾਂ ਦੇਸ਼ ਦੀ ਵੰਡ ਨਹੀਂ ਸੀ ਹੋਣੀ। ਲੇਖਕ ਲੋਕਾਂ 'ਚ ਫੈਲੇ ਰੋਹ-ਵਿਦਰੋਹ ਨੂੰ ਕੋਈ ਮਹੱਤਵ ਨਹੀਂ ਦਿੰਦਾ, ਸਾਰਾ ਧਿਆਨ ਆਗੂਆਂ ਤੇ ਨੌਕਰਸ਼ਾਹਾਂ 'ਤੇ ਕੇਂਦ੍ਰਿਤ ਹੈ। ਉਹ ਇਸ ਗੱਲ ਵੱਲ ਧਿਆਨ ਨਹੀਂ ਦਿੰਦਾ ਕਿ ਜੇ ਕਾਂਗਰਸ ਸਰਕਾਰ ਵਿਚ ਬਣੀ ਰਹਿੰਦੀ ਜਾਂ ਕਰਿਪਸ ਮਿਸ਼ਨ ਦੇ ਕਹਿਣ 'ਤੇ ਸਰਕਾਰ ਵਿਚ ਸ਼ਾਮਲ ਹੋ ਜਾਂਦੀ ਤਾਂ ਪਾਰਟੀ ਨੂੰ ਲੋਕਾਂ ਦੇ ਵੱਡੇ ਗ਼ੁੱਸੇ ਦਾ ਸਾਹਮਣਾ ਕਰਨਾ ਪੈਣਾ ਸੀ ਜਿਸ ਨਾਲ ਉਸ (ਕਾਂਗਰਸ) ਦੀ ਸਿਆਸੀ ਹੋਂਦ ਬਹੁਤ ਕਮਜ਼ੋਰ ਹੋ ਜਾਣੀ ਸੀ। ਇਸੇ ਤਰ੍ਹਾਂ ਇਤਿਹਾਸਕਾਰ ਬਿਪਨ ਚੰਦਰ ਤੇ ਉਨ੍ਹਾਂ ਨਾਲ ਸਹਿਮਤੀ ਰੱਖਣ ਵਾਲੇ ਇਤਿਹਾਸਕਾਰ ਵੰਡ ਦਾ ਸਾਰਾ ਦੋਸ਼ ਮੁਹੰਮਦ ਅਲੀ ਜਿਨਾਹ ਅਤੇ ਮੁਲਲਿਮ ਲੀਗ ਅਤੇ ਹਿੰਦੂ ਮਹਾ ਸਭਾ 'ਤੇ ਥੋਪਣਾ ਚਾਹੁੰਦੇ ਹਨ ਅਤੇ ਦੂਸਰੇ ਪਾਸੇ ਪਾਕਿਸਤਾਨ ਦੇ ਬਹੁਤੇ ਇਤਿਹਾਸਕਾਰ ਸਾਰਾ ਦੋਸ਼ ਕਾਂਗਰਸ ਦਾ ਮੰਨਦੇ ਹਨ।

ਪੈਰੀ ਐਂਡਰਸਨ (ਦਿ ਇੰਡੀਅਨ ਆਈਡਿਓਲੌਜੀ) ਜਿਹੇ ਵਿਸ਼ਲੇਸ਼ਕ ਆਜ਼ਾਦੀ



*ਐਡਵੋਕੇਟ ਰਜਿੰਦਰ ਸਿੰਘ ਚੀਮਾ।*

ਸੰਘਰਸ਼ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਦੇ ਵਿਚਲੇ ਦਵੰਦਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਸਾਡਾ ਧਿਆਨ ਇਸ ਨੁਕਤੇ ਵੱਲ ਦਿਵਾਉਂਦੇ ਹਨ ਕਿ ਕਾਂਗਰਸ ਦਾ ਮੁਸਲਮਾਨਾਂ ਦੀ ਨੁਮਾਇੰਦਾ ਜਮਾਤ ਹੋਣ ਦਾ ਦਾਅਵਾ ਕਰਨਾ ਅਤੇ ਵਿਚੋ-ਵਿਚ ਹਿੰਦੂ ਮੂਲਵਾਦੀਆਂ ਵੱਲ ਝੁਕਣ ਦਾ ਰੁਝਾਨ ਰੱਖਣ ਨੇ ਕਾਂਗਰਸ ਤੇ ਉਸ ਦੀ ਇਤਿਹਾਸਕ ਸਥਿਤੀ ਨੂੰ ਪੂਰੀ ਤਰ੍ਹਾਂ ਸਮਝਣ ਨਾ ਦਿੱਤਾ। ਪਰ ਸਮੱਸਿਆ ਇਹ ਹੈ ਕਿ ਉਹ ਆਗੂ ਤੇ ਚਿੰਤਕ ਜਿਹੜੇ ਸਥਿਤੀ ਨੂੰ ਪੂਰੀ ਤਰ੍ਹਾਂ ਸਮਝ ਵੀ ਰਹੇ ਸਨ (ਜਿਵੇਂ ਡਾ.ਬੀ. ਆਰ. ਅੰਬੇਦਕਰ), ਉਨ੍ਹਾਂ ਕੋਲ ਵੀ ਵੰਡ ਨੂੰ ਰੋਕਣ ਦੀ ਸਮਰੱਥਾ ਨਹੀਂ ਸੀ।


ਚੜ੍ਹਦੇ ਪੰਜਾਬ ਦੇ ਇਤਿਹਾਸਕਾਰਾਂ ਦੀ ਇਤਿਹਾਸਕਾਰੀ ਤਾਂ ਬਹੁਤ ਵਾਰੀ ਇਨ੍ਹਾਂ ਗੱਲਾਂ ਵਿਚ ਹੀ ਉਲਝ ਜਾਂਦੀ ਹੈ ਕਿ ਫਲਾਂ ਸਿੱਖ ਆਗੂ ਨੂੰ ਸਥਿਤੀ ਦੀ ਪੂਰੀ ਤਰ੍ਹਾਂ ਸਮਝ ਨਹੀਂ ਸੀ, ਉਹਦੀ ਪਹੁੰਚ ਸਹੀ ਨਹੀਂ ਸੀ, ਜੇ ਉਹ ਫਲਾਂ ਸਮੇਂ ਫਲਾਂ ਦਲੀਲ ਦੇਂਦਾ ਤਾਂ ਇਹ ਹੋ ਜਾਣਾ ਸੀ; ਉਸ ਸਮੇਂ ਦੀ ਇਤਿਹਾਸਕ ਜਟਿਲਤਾ ਨੂੰ ਸਮਝਣ ਦਾ ਯਤਨ ਬਹੁਤ ਘੱਟ ਹੈ ਅਤੇ ਆਪਣੇ ਦੁਆਰਾ ਪਹਿਲਾਂ ਸੋਚੇ ਗਏ ਨਿਰਣਿਆਂ ਅਤੇ ਬਿਰਤਾਂਤ ਨੂੰ ਕਿਤਾਬਾਂ ਵਿਚ ਪੇਸ਼ ਕਰਨ ਦਾ ਯਤਨ ਜ਼ਿਆਦਾ।

ਕਈ ਵਾਰ ਇਤਿਹਾਸਕਾਰੀ ਇਸ ਗੱਲ 'ਤੇ ਸਿਮਟਦੀ ਹੈ ਕਿ ਉਨੀਵੀਂ ਸਦੀ ਦੇ ਦੂਸਰੇ ਅੱਧ ਅਤੇ ਵੀਹਵੀਂ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿਚ ਉੱਭਰੇ ਸੌੜੇ ਰਾਸ਼ਟਰਵਾਦ ਦੇਸ਼ ਦੀ ਵੰਡ ਦਾ ਕਾਰਨ ਬਣੇ; ਇਹ ਸਹੀ ਵੀ ਹੈ; ਇਤਿਹਾਸਕਾਰ ਬਿਪਨ ਚੰਦਰ ਨੇ 1936-37 ਤੋਂ ਪਹਿਲਾਂ ਦੇ ਰਾਸ਼ਟਰਵਾਦਾਂ ਅਤੇ 1936-37 ਦੇ ਬਾਅਦਲੇ ਰਾਸ਼ਟਰਵਾਦਾਂ ਵਿਚ ਆਏ ਅੰਤਰ ਦੇ ਨਕਸ਼ ਉਲੀਕਣ ਦੀ ਕੋਸ਼ਿਸ਼ ਕੀਤੀ ਹੈ; ਇਸ ਕੋਸ਼ਿਸ਼ ਵਿਚ ਹਿੰਦੂ ਰਾਸ਼ਟਰਵਾਦ ਦੇ ਸੰਬੰਧ ਵਿਚ ਬੰਕਿਮ ਚੰਦਰ ਚੈਟਰਜੀ ਤੋਂ ਲੈ ਕੇ ਵੀ.ਡੀ. ਸਾਵਰਕਰ ਤਕ ਕਈ ਨਾਂ ਗਿਣਾਏ ਜਾਂਦੇ ਹਨ; ਕਈ ਵਾਰ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਤਿਲਕ, ਸਰਦਾਰ ਪਟੇਲ ਆਦਿ ਦੀਆਂ ਧਾਰਮਿਕ ਪ੍ਰਵਿਰਤੀਆਂ, ਪਛਾਣਾਂ ਤੇ ਪਹੁੰਚਾਂ ਨੂੰ ਵੀ ਇਸ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ; ਮੁਸਲਿਮ ਰਾਸ਼ਟਰਵਾਦ ਲਈ ਸਰ ਸਈਅਦ ਅਹਿਮਦ ਖਾਂ, ਮੁਹੰਮਦ ਇਕਬਾਲ, ਮੁਹੰਮਦ ਅਲੀ ਜਿਨਾਹ ਆਦਿ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਤੇ ਇਨ੍ਹਾਂ ਵਿਚ ਕਈ ਸਿਆਸਤਦਾਨ ਸੌੜੇ ਰਾਸ਼ਟਰਵਾਦਾਂ ਨੂੰ ਚੇਤਨ ਤੌਰ 'ਤੇ ਉਭਾਰਨ ਲਈ ਜ਼ਿੰਮੇਵਾਰ ਸਨ ਅਤੇ ਕਈਆਂ ਦੀ ਸਮਝ, ਸਹੀ ਸਮਝ ਅਤੇ ਅਸਮਝ ਵਿਚਕਾਰ ਝੂਲਦੀ ਰਹੀ। ਹਰ ਸਿਆਸਤਦਾਨ ਆਪਣੇ ਹਾਲਾਤ ਦੀ ਪੈਦਾਵਾਰ ਹੁੰਦਾ ਹੈ; ਬਸਤੀਵਾਦ ਦੇ ਪ੍ਰਭਾਵ ਇਹ ਰਾਸ਼ਟਰਵਾਦ ਅਚੇਤ ਰੂਪ ਵਿਚ ਉੱਭਰੇ ਅਤੇ ਬਸਤੀਵਾਦ ਨੇ ਇਨ੍ਹਾਂ ਨੂੰ ਚੇਤਨ ਰੂਪ ਵਿਚ ਉਭਾਰਿਆ।

ਸਿਆਸੀ ਬੇਸਮਝੀ ਦੀ ਸਿਖਰ ਭਾਰਤੀ ਰਾਜਿਆਂ-ਰਜਵਾੜਿਆਂ ਵਿਚ ਦੇਖੀ ਜਾ ਸਕਦੀ ਹੈ। ਦੁਨੀਆ ਵਿਚ ਰਾਜਾਸ਼ਾਹੀ, ਫਾਸ਼ੀਵਾਦ ਅਤੇ ਨਾਜ਼ੀਵਾਦ ਵਿਰੁੱਧ ਹੋਏ ਸੰਘਰਸ਼ਾਂ ਦੇ ਬਾਵਜੂਦ ਉਹ ਇਸ ਸਮਝ ਤੋਂ ਦੂਰ ਸਨ ਕਿ ਇਹ ਸਮਾਂ ਜਮਹੂਰੀ ਰਾਜਾਂ ਦੇ ਆਉਣ ਦਾ ਹੈ। ਆਜ਼ਾਦ ਹਿੰਦ ਫ਼ੌਜ, 1942 ਦੇ ਭਾਰਤ ਛੱਡੋ ਸੰਘਰਸ਼ ਦੌਰਾਨ ਹੋਏ ਲੋਕ-ਉਭਾਰ, ਪੁਲੀਸ ਬਗ਼ਾਵਤਾਂ ਤੇ ਜਬਰ ਦੇ ਬਾਵਜੂਦ ਉਹ ਇਹ ਨਾ ਸਮਝ ਸਕੇ ਕਿ ਉਨ੍ਹਾਂ ਦਾ ਸਮਾਂ ਬੀਤ ਚੁੱਕਿਆ ਹੈ; ਨਿਜ਼ਾਮ ਹੈਦਰਾਬਾਦ ਤੋਂ ਲੈ ਕੇ ਕਸ਼ਮੀਰ ਦੇ ਮਹਾਰਾਜੇ ਤੱਕ ਕਈ ਹੋਰ ਆਪਣੇ ਆਜ਼ਾਦ ਰਾਜ ਕਾਇਮ ਰੱਖਣਾ ਚਾਹੁੰਦੇ ਸਨ। ਉਹ 1946 ਵਿਚ ਲੋਕਾਂ ਵਿਚ ਸਥਾਪਤੀ ਵਿਰੁੱਧ ਫੈਲੀ ਵੱਡੀ ਬੇਚੈਨੀ ਤੇ ਅਸ਼ਾਂਤੀ ਤੋਂ ਵੀ ਬੇਗਾਨੇ ਸਨ। ਇਹੀ ਨਹੀਂ ਪੰਜਾਬ ਦੇ ਰਜਵਾੜਿਆਂ ਅਤੇ ਨਵਾਬਾਂ ਨੇ ਫਿਰਕਾਪ੍ਰਸਤ ਤਾਕਤਾਂ ਦੀ ਸਰਪ੍ਰਸਤੀ ਕੀਤੀ; ਉਨ੍ਹਾਂ ਨੂੰ ਹਥਿਆਰ ਤੇ ਅਸਲਾ ਦਿੱਤਾ। ਇਸ ਸੰਬੰਧ ਵਿਚ ਪਟਿਆਲਾ, ਫਰੀਦਕੋਟ, ਕਪੂਰਥਲਾ ਦੇ ਰਾਜਿਆਂ ਨੇ ਸਿੱਖ ਜਥਿਆਂ ਅਤੇ ਮਮਦੋਟ ਦੇ ਨਵਾਬ ਨੇ ਮੁਸਲਿਮ ਜਥਿਆਂ ਨੂੰ ਵੱਡੀ ਪੱਧਰ 'ਤੇ ਹਥਿਆਰ ਮੁਹੱਈਆ ਕਰਾਏ ਜਿਨ੍ਹਾਂ ਕਾਰਨ ਕਤਲੋਗਾਰਤ ਵਧੀ। ਪੰਜਾਬ ਦੇ ਰਾਜਿਆਂ ਤੇ ਨਵਾਬਾਂ ਦਾ ਇਹ ਰਵੱਈਆ ਦੱਸਦਾ ਹੈ ਕਿ ਉਹ ਕਿਵੇਂ ਲੋਕ-ਵਿਰੋਧੀ ਤੇ ਫ਼ਿਰਕਾਪ੍ਰਸਤ ਤਾਕਤਾਂ ਦੇ ਹੱਕ ਵਿਚ ਖੜ੍ਹੇ ਸਨ। ਅੰਗਰੇਜ਼ਾਂ ਦੇ ਝੋਲੀ ਚੁੱਕ ਰਹੇ ਇਨ੍ਹਾਂ ਰਾਜਿਆਂ 'ਚੋਂ ਬਹੁਤੇ ਅੰਤਾਂ ਦੇ ਐਸ਼ਪ੍ਰਸਤ ਤੇ ਨੈਤਿਕ ਤੌਰ 'ਤੇ ਗਿਰੇ ਹੋਏ ਸਨ।

ਸਮੁੱਚੀ ਪੱਧਰ 'ਤੇ ਭਾਰਤ ਦੇ ਰਾਜੇ ਤੇ ਨਵਾਬ ਅੰਗਰੇਜ਼ ਹਕੂਮਤ ਦੇ ਕਿਰਦਾਰ ਨੂੰ ਸਮਝਣ ਤੋਂ ਅਸਮਰੱਥ ਸਨ; ਉਹ ਨਹੀਂ ਸਨ ਸਮਝ ਰਹੇ ਕਿ ਕਿਵੇਂ ਸਾਡੇ ਦੇਸ਼ ਵਿਚ ਸਾਡੇ ਲੋਕਾਂ ਨੂੰ ਗ਼ੁਲਾਮ ਰੱਖਣ ਲਈ ਸਰਕਾਰ ਆਪਣੇ ਦੇਸ਼ (ਇੰਗਲੈਂਡ) ਵਿਚ ਜਮਹੂਰੀ ਪ੍ਰਕਿਰਿਆ ਦਾ ਪਾਲਣ ਕਰਦੀ ਸੀ; ਕਿਵੇਂ ਅੰਗਰੇਜ਼ ਹਾਕਮ ਜਮਾਤ ਇਕ ਪਾਸੇ ਜਮਹੂਰੀ ਸੀ ਤੇ ਦੂਸਰੇ ਪਾਸੇ ਉਹ ਸੰਵਿਧਾਨਕ ਰਾਜਾਸ਼ਾਹੀ ਨੂੰ ਕਾਇਮ ਰੱਖ ਰਹੀ ਸੀ ਤੇ ਤੀਸਰੀ ਪੱਧਰ 'ਤੇ ਦੁਨੀਆ ਦੀ ਸਭ ਤੋਂ ਵੱਡੀ ਬਸਤੀਵਾਦੀ ਤਾਕਤ ਸੀ।

ਇਤਿਹਾਸ ਨੂੰ ਸਮਝਦਿਆਂ, ਪੜ੍ਹਦਿਆਂ, ਲਿਖਦਿਆਂ ਵੱਡੀ ਸਮੱਸਿਆ ਇਹ ਪੈਦਾ ਹੁੰਦੀ ਹੈ ਕਿ ਅਸੀਂ ਵਰਤਾਰਿਆਂ ਦੀਆਂ ਗੁੰਝਲਾਂ ਅਤੇ ਜਟਿਲਤਾ ਨੂੰ ਸਮਝਣ ਦੀ ਥਾਂ ਨਾਇਕਾਂ, ਅਨਾਇਕਾਂ, ਖਲਨਾਇਕਾਂ ਦੀ ਤਲਾਸ਼ ਕਰਦੇ ਹਾਂ; ਕੋਈ ਸਾਰਾ ਕਸੂਰ ਮੁਹੰਮਦ ਅਲੀ ਜਿਨਾਹ ਸਿਰ ਥੋਪਦਾ ਹੈ, ਕੋਈ ਵੀ.ਡੀ. ਸਾਵਰਕਰ ਸਿਰ ਤੇ ਕੋਈ ਜਵਾਹਰ ਲਾਲ ਨਹਿਰੂ ਸਿਰ; ਜਦੋਂ ਕਿ ਸਮਝਣ ਦੀ ਜ਼ਰੂਰਤ ਇਹ ਹੈ ਕਿ ਵੀ.ਡੀ. ਸਾਵਰਕਰ ਨਾ ਹੁੰਦਾ ਤਾਂ ਹਿੰਦੂ ਰਾਸ਼ਟਰਵਾਦ ਨੂੰ




***ਕਿਤਾਬ 'Punjab Bloodied, Partition And Cleansed' ਦਾ ਸਰਵਰਕ।***

ਉਭਾਰਨ ਵਾਲਾ ਕੋਈ ਹੋਰ ਹੋਣਾ ਸੀ। ਜੇ ਜਿਨਾਹ ਨਾ ਹੁੰਦਾ ਤਾਂ ਮੁਸਲਿਮ ਰਾਸ਼ਟਰਵਾਦ ਦਾ ਝੰਡਾ ਕਿਸੇ ਹੋਰ ਨੇ ਬੁਲੰਦ ਕਰਨਾ ਸੀ। ਏਥੇ ਪ੍ਰਮੁੱਖ ਪ੍ਰਸ਼ਨ ਇਹ ਹੈ ਕਿ ਇਨ੍ਹਾਂ ਰਾਸ਼ਟਰਵਾਦਾਂ ਤੇ ਵਰਤਾਰਿਆਂ ਨੂੰ ਉਭਾਰਨ ਵਿਚ ਕਿੰਨੀ ਭੂਮਿਕਾ ਸਾਡੇ ਸਮਾਜ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪਏ ਵਖਰੇਵਿਆਂ ਦੀ ਸੀ ਭਾਵ ਸਾਡੀ ਇਸ ਧਰਤੀ ਦੇ ਵਾਸੀਆਂ ਦੀ ਸੀ ਅਤੇ ਕਿੰਨੀ ਅੰਗਰੇਜ਼ ਬਸਤੀਵਾਦ ਦੇ ਇਨ੍ਹਾਂ ਵਖਰੇਵਿਆਂ ਨੂੰ ਵਧਾਉਣ ਤੇ ਜ਼ਹਿਰੀਲੇ ਬਣਾਉਣ ਦੀ ਸੀ। ਨਿਸਚੇ ਹੀ ਕਈ ਸ਼ਖ਼ਸਾਂ ਤੇ ਜਥੇਬੰਦੀਆਂ ਦੀ ਭੂਮਿਕਾ ਨਿਰੋਲ ਫ਼ਿਰਕਾਪ੍ਰਸਤੀ ਵਾਲੀ ਸੀ ਅਤੇ ਕਈਆਂ ਦੀ ਆਧੁਨਿਕ ਅਰਥਾਂ ਵਿਚ ਧਰਮ ਨਿਰਪੱਖ ਹੋਣ ਦੇ ਬਾਵਜੂਦ ਆਪੋ-ਆਪਣੇ ਧਾਰਮਿਕ ਫਿਰਕਿਆਂ ਵੱਲ ਲੁਕਣ ਦੀ। ਇਥੇ ਇਹ ਸਮਝਣ ਦੀ ਜ਼ਰੂਰਤ ਵੀ ਹੈ ਕਿ ਆਜ਼ਾਦੀ ਸੰਘਰਸ਼ ਵਿਚ ਹਿੱਸਾ ਲੈ ਰਹੇ ਆਗੂ ਭਾਰਤ ਦੇ ਸਮਾਜਾਂ 'ਚੋਂ ਉਪਜੇ ਸਨ।

ਇਤਿਹਾਸਕਾਰੀ ਵਿਚ ਸ਼ਾਇਦ ਕੋਈ ਵੀ ਮੁਕਾਮ ਜਾਂ ਨਿਰਣਾ ਅੰਤਿਮ ਨਹੀਂ ਹੋ ਸਕਦਾ; ਇਤਿਹਾਸਕਾਰੀ ਇਤਿਹਾਸ ਨੂੰ ਸਮਝਣ ਦਾ ਯਤਨ ਹੈ; ਇਤਿਹਾਸ ਦੀ ਆਪਣੀ ਪਰਿਭਾਸ਼ਾ ਬਹੁਤ ਜਟਿਲ ਹੈ। ਵੰਡ ਹੋਣ ਬਾਰੇ ਅਸੀਂ ਕੁਝ ਨੁਕਤਿਆਂ 'ਤੇ ਤਾਂ ਪਹੁੰਚ ਸਕਦੇ ਹਾਂ; ਪਹਿਲਾ ਇਹ ਕਿ੍ਮੁਸਲਿਮ ਲੀਗ ਮੁਸਲਮਾਨਾਂ ਦੇ ਇਕ ਤਬਕੇ ਨੂੰ ਇਹ ਯਕੀਨ ਦਿਵਾਉਣ ਵਿਚ ਸਫਲ ਹੋ ਚੁੱਕੀ ਸੀ ਕਿ੍ਮੁਸਲਮਾਨ ਇਕ ਅਲੱਗ ਕੌਮ ਹੈ ਅਤੇ ਇਸ ਨੂੰ ਵੱਖਰਾ ਦੇਸ਼ ਚਾਹੀਦਾ ਹੈ; ਇਸ ਨੁਕਤੇ ਦੇ ਨਾਲ ਨਾਲ ਮਿਲਿਆ ਨੁਕਤਾ ਇਹ ਹੈ ਕਿ ਦੇਸ਼ ਦੇ ਹਿੰਦੂ ਭਾਈਚਾਰਿਆਂ ਵਿਚ ਵੀ ਵੀ. ਡੀ. ਸਾਵਰਕਰ ਦੀ ਇਹ ਪਹੁੰਚ ਸਵੀਕਾਰ ਕੀਤੀ ਜਾ ਚੁੱਕੀ ਸੀ ਕਿ ਹਿੰਦੂ ਇਸ ਦੇਸ਼ ਦੀ ਮੂਲ ਕੌਮ ਹੈ ਜਿਸ ਦੀ ਹਸਤੀ ਸਭ ਤੋਂ ਪੁਰਾਣੀ, ਵੱਖਰੀ ਤੇ ਨਿਰਾਲੀ ਹੈ ਅਤੇ ਮੁਸਲਮਾਨ (ਤੇ ਇਸਾਈ) ਵੱਖਰੀ ਕੌਮ ਹਨ ਅਤੇ ਜੇ ਉਨ੍ਹਾਂ ਭਾਰਤ ਵਿਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਸਾਵਰਕਰ ਦੀ ਹਿੰਦੂਤਵੀ ਸੋਚ ਅਨੁਸਾਰ ਢਲਣਾ ਪਵੇਗਾ; ਨਿਸ਼ਚੇ ਹੀ ਨਾ ਤਾਂ ਇਹ ਫ਼ੈਸਲਾ ਇਕ ਦਿਨ ਵਿਚ ਹੋ ਸਕਦਾ ਸੀ ਅਤੇ ਨਾ ਹੀ ਮੁਸਲਮਾਨ ਅਜਿਹੀ ਸਮਝ ਨੂੰ ਸਵੀਕਾਰ ਕਰਨ ਵਾਲੇ ਸਨ; ਇਸ ਤਰ੍ਹਾਂ ਅਖੰਡ ਭਾਰਤ ਦਾ ਢੋਲ ਵਜਾਉਣ ਵਾਲੀ ਹਿੰਦੂ ਮਹਾਂਸਭਾ ਨੇ ਵੰਡ ਦਾ ਵਿਰੋਧ ਕਰਨ ਦੇ ਬਾਵਜੂਦ ਮੁਸਲਮਾਨਾਂ ਵਿਚ ਮੁਸਲਿਮ ਲੀਗ ਦੀ ਪਹੁੰਚ ਨੂੰ ਸਵੀਕਾਰ ਕਰਵਾਉਣ ਵਿਚ ਵੱਡੀ ਭੂਮਿਕਾ ਨਿਭਾਈ ਅਤੇ ਨਫ਼ਰਤ ਵਧਾਈ ਸੀ। ਕਾਂਗਰਸ ਦੇ ਕਈ ਆਗੂ ਸਮੇਂ ਸਮੇਂ ਹਿੰਦੂ ਮਹਾਂਸਭਾ ਦੀ ਪਹੁੰਚ ਦੇ ਨਜ਼ਦੀਕ ਰਹੇ ਸਨ ਅਤੇ ਅਸਿੱਧੇ ਰੂਪ ਵਿਚ ਇਸ ਦੀ ਹਮਾਇਤ ਕਰਦੇ ਰਹੇ ਸਨ; ਇਨ੍ਹਾਂ ਵਿਚ ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ, ਸਰਦਾਰ ਪਟੇਲ, ਰਾਜਾ ਰਾਜਗੋਪਾਲਾਚਾਰੀ ਆਦਿ ਸ਼ਾਮਲ ਸਨ। ਇਥੇ ਇਹ ਕਹਿਣਾ ਵੀ ਬਣਦਾ ਹੈ ਕਿ੍ਮੁਸਲਿਮ ਲੀਗ ਅਤੇ ਹਿੰਦੂ ਮਹਾਂਸਭਾ ਦੋਵੇਂ ਸਾਮਰਾਜ ਵਿਰੋਧੀ ਜਮਾਤਾਂ ਨਹੀਂ ਸਨ; ਉਹ ਅੰਗਰੇਜ਼ ਬਸਤੀਵਾਦ ਦੀਆਂ ਪਿੱਠੂ ਜਮਾਤਾਂ ਸਨ ਜੋ ਧਰਮ ਦੇ ਰਾਹ-ਰਸਤੇ ਰਾਹੀਂ ਦੇਸ਼ ਭਗਤੀ ਦਾ ਲਬਾਦਾ ਪਹਿਨਣ ਦਾ ਢੌਂਗ ਕਰਦੀਆਂ ਸਨ; ਇਹ ਜਮਾਤਾਂ ਸਾਂਝੀਵਾਲਤਾ ਦੀਆਂ ਵਿਰੋਧੀ ਅਤੇ ਨਫ਼ਰਤ ਫੈਲਾਉਣ ਵਾਲੀਆਂ ਤਨਜ਼ੀਮਾਂ ਸਨ; ਇਹ ਸੀ ਇਨ੍ਹਾਂ ਦੀ ਸਾਂਝ।

ਕਮਿਊਨਿਸਟ ਪਾਰਟੀ ਤੇ ਹੋਰ ਖੱਬੇਪੱਖੀ ਦਵੰਦ ਦਾ ਸ਼ਿਕਾਰ ਸਨ; ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਉਸ ਸਮੇਂ ਦੇ ਕਮਿਊਨਿਸਟ ਆਗੂ, ਆਪਣੀਆਂ ਮਹਾਨ ਕੁਰਬਾਨੀਆਂ ਦੇ ਬਾਵਜੂਦ, ਮਾਰਕਸਵਾਦ ਨੂੰ ਸਮਝਣ ਦੀ ਮਸ਼ੱਕਤ ਕਰਨ ਵਾਲੇ ਵਿਅਕਤੀ ਸਨ; ਨਾ ਹੀ ਪਾਰਟੀ ਦੀ ਤਾਕਤ ਅਤੇ ਨਾ ਹੀ ਉਹ ਸਮਝ ਉਸ ਮੁਕਾਮ 'ਤੇ ਪਹੁੰਚੀ ਸੀ ਕਿ ਉਹ ਇਤਿਹਾਸ 'ਤੇ ਨਿਰਣਾਇਕ ਪ੍ਰਭਾਵ ਪਾ ਸਕਦੀ।


ਮਾਰਕਸਵਾਦ ਦੀ ਪੇਤਲੀ ਸਮਝ ਨੇ ਉਨ੍ਹਾਂ ਨੂੰ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦੇ ਹਮਾਇਤੀ ਬਣਾ ਦਿੱਤਾ; ਇਸੇ ਤਰ੍ਹਾਂ ਉਹ 'ਭਾਰਤ ਛੱਡੋ ਅੰਦੋਲਨ' ਦੌਰਾਨ ਕਾਂਗਰਸ ਦਾ ਸਾਥ ਨਾ ਦੇ ਸਕੇ ਅਤੇ ਪਾਰਟੀ ਖ਼ਤਰਨਾਕ ਹੱਦ ਤਕ Confusion ਦਾ ਸ਼ਿਕਾਰ ਰਹੀ; ਪਾਰਟੀ ਬਚੀ ਆਪਣੇ ਆਗੂਆਂ, ਕਾਡਰਾਂ ਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਕੁਰਬਾਨੀਆਂ ਕਾਰਨ ਅਤੇ ਪਾਰਟੀ ਦੇ ਸਨਅਤੀ ਮਜ਼ਦੂਰਾਂ ਤੇ ਕਿਸਾਨਾਂ ਵਿਚ ਕੰਮ ਕਾਰਨ।

ਇਸ ਤਰ੍ਹਾਂ ਕਾਂਗਰਸ ਹੀ ਉਹ ਜਮਾਤ ਸੀ, ਜਿਹੜੀ ਮੁਸਲਿਮ ਲੀਗ ਦੀ ਵੰਡ ਦਾ ਵਿਰੋਧ ਕਰ ਕੇ ਇਤਿਹਾਸ ਵਿਚ ਨਿਰਣਾਇਕ ਭੂਮਿਕਾ ਨਿਭਾ ਸਕਦੀ ਸੀ ਪਰ ਉਹ ਇਹ ਨਾ ਕਰ ਸਕੀ। ਕਿਉਂ? ਉਸਦੇ ਕਾਰਨਾਂ ਬਾਰੇ ਸੋਚਿਆ ਜਾ ਸਕਦਾ ਹੈ ਪਰ ਕਸੂਰ ਕਿਸੇ ਦੇ ਮੱਥੇ ਨਹੀਂ ਮੜ੍ਹਿਆ ਜਾ ਸਕਦਾ। ਇਤਿਹਾਸ ਦਾ ਕੰਮ ਵਿਅਕਤੀਆਂ ਜਾਂ ਜਥੇਬੰਦੀਆਂ ਸਿਰ ਕਸੂਰ ਮੜ੍ਹਨਾ ਨਹੀਂ ਸਗੋਂ ਉਨ੍ਹਾਂ ਹਾਲਾਤਾਂ ਨੂੰ ਸਮਝਣਾ ਹੈ ਜਿਨ੍ਹਾਂ ਵਿਚ ਇਤਿਹਾਸ ਬਣਦਾ ਹੈ। ਉਹ ਗੱਲ ਤਾਂ ਸਮਝ ਆਉਂਦੀ ਹੈ ਕਿ 'ਅੰਗਰੇਜ਼ ਭਾਰਤ ਛੱਡੋ' ਇਕ ਵੇਗਮਈ ਅੰਦੋਲਨ

*(ਬਾਕੀ ਅਗਲੇ ਸਫੇ 'ਤੇ)*

# ਜਦੋਂ ਆਸ਼ੀਰਵਾਦ ਲੈਣਾ ਪੈ ਚੱਲਿਆ ਸੀ ਪੁੱਠਾ

ਜ਼ਿੰਦਗੀ ਵਿਚ ਕਈ ਵਾਰ ਅਜਿਹੇ ਮੌਕੇ ਆਉਂਦੇ ਹਨ ਕਿ ਆਦਮੀ ਬਿਨਾਂ ਮਤਲਬ ਤੋਂ ਪੰਗਾ ਲੈ ਬੈਠਦਾ ਹੈ। ਪੰਜਾਬ ਪੁਲਿਸ ਅਤੇ ਹੋਰ ਸਰਕਾਰੀ ਮਹਿਕਮਿਆਂ ਵਿਚ ਫੀਲਡ ਪੋਸਟਿੰਗ ਆਮ ਤੌਰ 'ਤੇ ਸਿਆਸੀ ਸਿਫਾਰਸ਼ 'ਤੇ ਹੀ ਮਿਲਦੀ ਹੈ। ਐਸ.ਡੀ.ਐਮ, ਤਹਿਸੀਲਦਾਰ, ਡੀ.ਐਸ.ਪੀ. ਸਬ ਡਿਵੀਜ਼ਨ ਅਤੇ ਐਸ.ਐਚ.ਓ. ਆਦਿ ਸਬੰਧਿਤ ਐਮ.ਐਲ.ਏ. ਦੀ ਸਿਫਾਰਸ਼ 'ਤੇ ਲੱਗਦੇ ਹਨ ਤੇ ਡੀ.ਸੀ. ਅਤੇ ਐਸ.ਐਸ.ਪੀ. ਲਗਾਉਣ ਦਾ ਅਧਿਕਾਰ ਮੁੱਖ ਮੰਤਰੀ ਆਪਣੇ ਕੋਲ ਰੱਖਦਾ ਹੈ। ਮੈਂ 1991 ਵਿਚ ਇੰਸਪੈਕਟਰ ਭਰਤੀ ਹੋਇਆ ਸੀ ਤੇ ਉਸ ਵੇਲੇ ਅੱਤਵਾਦ ਕਾਰਨ ਪੁਲਿਸ ਮਹਿਕਮੇ ਵਿਚ ਸਿਆਸੀ ਦਖਲਅੰਦਾਜ਼ੀ ਨਾਂਹ



**ਬਲਰਾਜ ਸਿੰਘ ਸਿੱਧੂ**
**ਫੋਨ:95011-00062**

ਦੇ ਬਰਾਬਰ ਸੀ। ਪਰ ਜਦੋਂ ਮੈਂ ਡੀ.ਐਸ.ਪੀ. ਪ੍ਰਮੋਟ ਹੋਇਆ ਤਾਂ ਉਸ ਵੇਲੇ ਹਾਲਾਤ ਬਦਲ ਗਏ ਸਨ। 1997 ਵਿਚ ਅਕਾਲੀ ਸਰਕਾਰ ਬਣ ਗਈ ਸੀ ਤੇ ਸਾਰੀਆਂ ਪੋਸਟਿੰਗ ਅਜੋਕੇ ਸਮੇਂ ਵਾਂਗ ਸਿਆਸੀ ਸਿਫਾਰਸ਼ ਨਾਲ ਹੋਣ ਲੱਗ ਪਈਆਂ ਸਨ।

ਉਸ ਵੇਲੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ (ਪ੍ਰਧਾਨ ਐਸ ਜੀ ਪੀ ਸੀ) ਸਰਕਾਰ ਵਿਚ ਬਰਾਬਰ ਦੀ ਹੈਸੀਅਤ ਰੱਖਦੇ ਸਨ। ਸਾਡੇ ਰਿਸ਼ਤੇਦਾਰ ਸ. ਹਰਪਾਲ ਸਿੰਘ ਢਿੱਲੋਂ ਸਰਹੰਦ ਦੇ ਨਜ਼ਦੀਕ ਸੌਂਢਾ ਹੈੱਡ ਵਿਖੇ ਰਹਿੰਦੇ ਸਨ ਤੇ ਉਨ੍ਹਾਂ ਦੇ ਟੌਹੜਾ ਸਾਹਿਬ ਨਾਲ ਪਰਿਵਾਰਕ ਸਬੰਧ ਸਨ। ਟੌਹੜਾ ਸਾਹਿਬ ਬਾਰੇ ਇੱਕ ਗੱਲ ਦੱਸਣੀ ਬਣਦੀ ਹੈ ਕਿ ਉਹ ਪਬਲਿਕ ਨੂੰ ਲੀਡਰਾਂ ਵਾਲੇ ਲਾਰੇ ਨਹੀਂ ਸੀ ਲਾਉਂਦੇ ਹੁੰਦੇ। ਜੇ ਕੰਮ ਕਰਨਾ ਹੈ ਤਾਂ ਹਾਂ ਤੇ ਜੇ ਨਹੀਂ ਕਰਨਾ ਤਾਂ ਮੌਕੇ 'ਤੇ ਹੀ ਨਾਂਹ ਕਰ ਦੇਂਦੇ ਸਨ। ਪ੍ਰਮੋਸ਼ਨ ਵੇਲੇ ਮੈਂ ਸੀ.ਆਈ.ਏ. ਇੰਚਾਰਜ ਸਰਹੰਦ ਸੀ ਤੇ ਮੈਂ ਸੋਚਿਆ ਕਿ ਟੌਹੜਾ ਸਾਹਿਬ ਤੋਂ ਪੋਸਟਿੰਗ ਵਾਸਤੇ ਸਿਫਾਰਸ਼ ਕਰਵਾ ਲੈਂਦੇ ਹਾਂ। ਸ. ਹਰਪਾਲ ਸਿੰਘ ਦੀ ਇੱਕ ਕੋਠੀ ਹਿਮਾਚਲ ਪ੍ਰਦੇਸ਼ ਵਿਚ ਬਹੁਤ ਹੀ ਰਮਣੀਕ ਸਥਾਨ ਬੜੋਗ (ਨਜ਼ਦੀਕ ਸੋਲਨ) ਵਿਖੇ ਸੀ, ਜਿੱਥੇ ਉਹ ਗਰਮੀਆਂ ਗੁਜ਼ਾਰਦੇ ਹੁੰਦੇ ਸਨ। ਉਹ ਕਿਸੇ ਤਰ੍ਹਾਂ ਹਿਮਾਚਲ ਦੇ ਵਸਨੀਕ ਬਣ ਗਏ ਸਨ ਕਿਉਂਕਿ ਉਸ ਵੇਲੇ ਕੋਈ ਵੀ ਗੈਰ ਹਿਮਾਚਲੀ ਉਥੇ ਜਾਇਦਾਦ ਨਹੀਂ ਸੀ ਖਰੀਦ ਸਕਦਾ। ਉਨ੍ਹਾਂ ਨੇ ਟੌਹੜਾ ਸਾਹਿਬ ਨੂੰ ਵੀ ਉਥੇ ਆਪਣੇ ਨਾਮ 'ਤੇ ਰਿਹਾਇਸ਼ ਖਰੀਦ ਕੇ ਦਿੱਤੀ ਹੋਈ ਸੀ। ਉਸ ਵੇਲੇ ਗਰਮੀਆਂ ਸਨ ਤੇ ਸ. ਹਰਪਾਲ ਸਿੰਘ ਬੜੋਗ ਵਿਖੇ ਸਨ।

ਮੈਂ ਉਨ੍ਹਾਂ ਦੇ ਬੇਟੇ ਗੁਰਦਮਨ ਸਿੰਘ ਨਾਲ ਗੱਲ ਕੀਤੀ ਤਾਂ ਉਹ ਬੋਲਿਆ ਕਿ ਤੇਰੀ ਕਿਸਮਤ ਤੇਜ਼ ਲੱਗਦੀ ਹੈ, ਟੌਹੜਾ ਸਾਹਿਬ ਵੀ ਦੋ ਦਿਨ ਲਈ ਬੜੋਗ ਗਏ ਹੋਏ ਹਨ। ਅਸੀਂ ਉਸੇ ਵੇਲੇ ਗੱਡੀ ਬੜੋਗ ਨੂੰ ਖਿੱਚ ਦਿੱਤੀ ਤੇ ਸ਼ਾਮ ਤੱਕ ਉਥੇ ਪਹੁੰਚ ਗਏ। ਕੁਦਰਤੀ ਸ. ਹਰਪਾਲ ਸਿੰਘ ਤੇ ਟੌਹੜਾ ਸਾਹਿਬ ਇਕੱਠੇ ਸੈਰ ਕਰ ਰਹੇ ਹਨ। ਗੁਰਦਮਨ ਮੈਨੂੰ ਕਹਿਣ ਲੱਗਾ ਕਿ ਤੂੰ ਵੀ ਚੱਲ ਕੇ ਟੌਹੜਾ ਸਾਹਿਬ ਦੇ ਗੋਡੀਂ ਹੱਥ ਲਗਾ ਲੈ। ਮੈਂ ਉਸ ਨੂੰ ਕਿਹਾ ਕਿ ਮੈਂ ਸ਼ੇਵ ਕਰਾਈ ਹੋਈ ਹੈ ਤੇ ਟੌਹੜਾ ਸਾਹਿਬ ਇਸ ਗੱਲ ਨੂੰ ਬਹੁਤ ਬੁਰਾ ਸਮਝਦੇ ਹਨ ਜੇ ਕਿਸੇ ਸਿੱਖ ਨੇ ਇਹ ਕੰਮ ਕੀਤਾ ਹੋਵੇ। ਗੁਰਦਮਨ ਨੇ ਮੈਨੂੰ ਬਹੁਤ ਮਜਬੂਰ ਕੀਤਾ ਪਰ ਮੈਂ ਨਾ ਮੰਨਿਆ। ਹਾਰ ਕੇ ਉਹ ਇਕੱਲਾ ਹੀ ਚਲਾ ਗਿਆ ਤੇ ਟੌਹੜਾ ਸਾਹਿਬ ਨੂੰ ਸਲਾਮ ਦੁਆ ਕੀਤੀ। ਮੇਰੇ ਬਾਰੇ ਗੱਲ ਪਹਿਲਾਂ ਹੀ ਹੋ ਚੁੱਕੀ ਸੀ ਸੋ ਉਨ੍ਹਾਂ ਨੇ ਮੇਰੇ ਨਾਮ ਨੰਬਰ ਵਾਲੀ ਪਰਚੀ ਗੁਰਦਮਨ



ਤੋਂ ਫੜ ਲਈ। ਇਸ ਤੋਂ ਬਾਅਦ ਉਹ ਸੈਰ ਕਰਨ ਲੱਗ ਪਏ ਤੇ ਅਸੀਂ ਵਾਪਸੀ ਲਈ ਚੱਲ ਪਏ। ਮੇਰਾ ਮਨ ਘਾਊਂ-ਮਾਊਂ ਹੋ ਰਿਹਾ ਸੀ ਕਿ ਪਤਾ ਨਹੀਂ ਕੰਮ ਹੋਵੇਗਾ ਕਿ ਨਹੀਂ ਕਿਉਂਕਿ ਲੀਡਰ ਤਾਂ ਕਿਸੇ ਦਾ ਕੰਮ 10-15 ਗੇੜੇ ਮਰਵਾਉਣ ਤੋਂ ਬਗੈਰ ਕਰਦੇ ਹੀ ਨਹੀਂ। ਜਦੋਂ ਮੈਂ ਆਪਣੀ ਇਹ ਸ਼ੰਕਾ ਗੁਰਦਮਨ ਨਾਲ ਸਾਂਝੀ ਕੀਤੀ ਤਾਂ ਉਸ ਨੇ ਹੱਸ ਕੇ ਕਿਹਾ ਕਿ ਤੂੰ ਟੌਹੜਾ ਸਾਹਿਬ ਨੂੰ ਨਹੀਂ ਜਾਣਦਾ, ਜੇ ਕੰਮ ਨਾ ਕਰਨਾ ਹੁੰਦਾ ਤਾਂ ਉਨ੍ਹਾਂ ਨੇ ਪਰਚੀ ਫੜਨੀ ਹੀ ਨਹੀਂ ਸੀ।

ਵਾਕਿਆ ਹੀ ਉਸ ਦੀ ਗੱਲ ਸੋਲਾਂ ਆਨੇ ਸਹੀ ਸਾਬਤ ਹੋਈ ਤੇ ਅਗਲੇ ਦਿਨ 11 ਵਜੇ ਮੇਰੇ ਡੀ.ਐਸ.ਪੀ ਸਬ ਡਵੀਜ਼ਨ ਪਾਇਲ ਦੇ ਆਰਡਰ ਹੋ ਗਏ। ਸ. ਸਾਧੂ ਸਿੰਘ ਘੁਡਾਣੀ (ਹੁਣ ਸਵਰਗਵਾਸੀ) ਉਸ ਵੇਲੇ ਪਾਇਲ ਤੋਂ ਐਮ.ਐਲ.ਏ. ਸਨ ਤੇ ਵਾਕਿਆ ਹੀ ਸਾਧੂ ਸੁਭਾਅ, ਇਮਾਨਦਾਰ ਅਤੇ ਕੱਟੜ ਟਕਸਾਲੀ ਅਕਾਲੀ ਸਨ। ਭਾਵੇਂ ਕਿ ਮੇਰੀ ਪੋਸਟਿੰਗ ਵੇਲੇ ਉਨ੍ਹਾਂ ਤੋਂ ਪੁੱਛਿਆ ਨਹੀਂ ਸੀ ਗਿਆ, ਪਰ ਉਨ੍ਹਾਂ ਨਾਲ ਮੇਰੇ ਬਹੁਤ ਚੰਗੇ ਸਬੰਧ ਬਣ ਗਏ ਤੇ ਨੌਕਰੀ ਬਿਨਾਂ ਕਿਸੇ ਵਾਦ-ਵਿਵਾਦ ਤੋਂ ਚੱਲਣ ਲੱਗ ਪਈ। ਡੇਢ ਕੁ ਮਹੀਨੇ ਬਾਅਦ ਗੁਰਦਮਨ ਦਾ ਫੋਨ ਆਇਆ ਕਿ ਕਿਸੇ ਦਿਨ ਜਾ ਕੇ ਟੌਹੜਾ ਸਾਹਿਬ ਦਾ ਧੰਨਵਾਦ ਕਰ ਆਈਏ। ਮੈਂ ਉਨ੍ਹਾਂ ਨੂੰ ਬਹੁਤ ਸਮਝਾਇਆ ਕਿ ਮਾਮਲਾ ਪੁੱਠਾ ਪੈ ਸਕਦਾ ਹੈ, ਚੁੱਪ ਰਹਿਣ ਵਿਚ ਹੀ ਭਲਾਈ ਹੈ। ਪਰ ਉਹ ਨਾ ਮੰਨਿਆ ਤੇ ਇੱਕ ਦਿਨ ਅਸੀਂ ਟੌਹੜੇ ਪਿੰਡ ਵੱਲ ਚੱਲ ਪਏ। ਟੌਹੜਾ ਸਾਹਿਬ ਦਾ ਇੱਕ ਅਸੂਲ ਸੀ ਕਿ ਉਹ ਗਰਮੀਆਂ ਵਿਚ ਪੰਜ ਵਜੇ ਤੇ ਸਰਦੀਆਂ ਵਿਚ 6-7 ਵਜੇ ਤਿਆਰ ਬਰ ਤਿਆਰ ਹੋ ਕੇ ਬੈਠਕ ਵਿਚ ਬੈਠ ਜਾਂਦੇ ਸਨ ਤੇ ਲੋਕਾਂ ਨੂੰ ਮਿਲਣਾ-ਗਿਲਣਾ ਸ਼ੁਰੂ ਕਰ ਦਿੰਦੇ ਸਨ। ਮੈਂ ਰਸਤੇ ਵਿਚ ਗੁਰਦਮਨ ਨੂੰ ਸਮਝਾ ਦਿੱਤਾ ਕਿ ਜੇ ਟੌਹੜਾ ਸਾਹਿਬ ਨੇ ਕੁਝ ਕਿੰਤੂ-ਪ੍ਰੰਤੂ ਕੀਤਾ ਤਾਂ ਕਹਿ ਦਿਉ ਕਿ ਇਹ ਭਲਵਾਨ ਹੈ ਜਿਸ ਕਾਰਨ ਸ਼ੇਵ ਕੀਤੀ ਹੋਈ ਹੈ। ਗੁਰਦਮਨ ਨੇ ਹੱਸ ਕੇ ਗੱਲ ਟਾਲ ਦਿੱਤੀ।

ਅਸੀਂ ਸਾਢੇ ਕੁ ਪੰਜ ਵਜੇ ਟੌਹੜਾ ਸਾਹਿਬ ਦੇ ਘਰ ਪਹੁੰਚ ਗਏ। ਟੌਹੜਾ ਸਾਹਿਬ ਦੇ ਗੰਨਮੈਨ ਅਤੇ ਡਰਾਈਵਰ ਗੁਰਦਮਨ ਨੂੰ ਜਾਣਦੇ ਸਨ ਜਿਸ ਕਾਰਨ ਅਸੀਂ ਭੀੜ ਨੂੰ ਚੀਰਦੇ ਹੋਏ ਪੰਜ ਕੁ ਮਿੰਟਾਂ ਵਿਚ ਹੀ ਟੌਹੜਾ ਸਾਹਿਬ ਕੋਲ ਪਹੁੰਚ ਗਏ ਤੇ ਉਨ੍ਹਾਂ ਦੇ ਗੋਡੀਂ ਹੱਥ ਲਗਾ ਕੇ ਖੜ੍ਹੇ ਹੋ ਗਏ। ਗੁਰਦਮਨ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਜਿਹੜੇ ਡੀ.ਐਸ.ਪੀ. ਬਲਰਾਜ ਸਿੰਘ ਦੀ ਪੋਸਟਿੰਗ ਕਰਵਾਈ ਸੀ, ਉਹ ਅਸ਼ੀਰਵਾਦ ਲੈਣ ਲਈ ਆਇਆ ਹੈ। ਮੈਂ ਉਨ੍ਹਾਂ ਦੇ ਸਾਹਮਣੇ ਖੜ੍ਹਾ ਸੀ ਪਰ ਉਨ੍ਹਾਂ ਨੇ ਮੈਨੂੰ ਨਾ ਗੌਲਿਆ ਤੇ ਗੁਰਦਮਨ ਨੂੰ ਕਿਹਾ ਕਿ ਬਲਰਾਜ ਸਿੰਘ ਨੂੰ ਬੁਲਾ ਲਵੋ। ਗੁਰਦਮਨ ਨੇ ਮੇਰੇ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਇਹੀ ਬਲਰਾਜ ਸਿੰਘ ਹੈ। ਟੌਹੜਾ ਸਾਹਿਬ ਦੇ ਮੱਥੇ 'ਤੇ ਵੱਟ ਪੈ ਗਏ ਤੇ ਸੱਜਾ ਹੱਥ ਜੋ ਉਨ੍ਹਾਂ ਨੇ ਆਸ਼ੀਰਵਾਦ ਦੇਣ ਲਈ ਚੁੱਕਿਆ ਸੀ, ਥੱਲੇ ਕਰ ਲਿਆ। ਉਨ੍ਹਾਂ ਨੇ ਸਿੰਘ ਸ਼ਬਦ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਬਲਰਾਜ ਸਿੰਘ ਕਿਵੇਂ ਹੋ ਸਕਦਾ ਹੈ? ਇਸ ਦੀ ਤਾਂ ਸ਼ਕਲ ਹੀ ਤੁਰਕਾਂ ਵਰਗੀ ਹੈ।

ਇਹ ਸੁਣ ਕੇ ਮੈਨੂੰ ਤੇ ਗੁਰਦਮਨ ਨੂੰ ਤਰੇਲੀਆਂ ਆਉਣ ਲੱਗ ਪਈਆਂ। ਉਸ ਨੇ ਬਹੁਤ ਮੁਸ਼ਕਿਲ ਨਾਲ ਮੌਕਾ ਸੰਭਾਲਿਆ ਤੇ ਕਹਿ ਦਿੱਤਾ ਕਿ ਇਹ ਭਲਵਾਨ ਹੈ ਜਿਸ ਕਾਰਨ ਸ਼ੇਵ ਕਰਵਾਈ ਹੋਈ ਹੈ। ਟੌਹੜਾ ਸਾਹਿਬ ਨੇ ਦੁਬਾਰਾ ਸਾਡੇ ਵੱਲ ਵੇਖਿਆ ਵੀ ਨਾ ਤੇ ਕਹਿ ਦਿੱਤਾ ਕਿ ਕੋਈ ਗੱਲ ਨਹੀਂ, ਜਦੋਂ ਇਹ ਸਿੰਘ ਬਣ ਗਿਆ ਉਦੋਂ ਆਸ਼ੀਰਵਾਦ ਦੇ ਦੇਵਾਂਗੇ। ਅਸੀਂ ਦੋਵੇਂ ਏ.ਸੀ. ਕਮਰੇ ਵਿਚੋਂ ਮੁੜ੍ਹਕੋ-ਮੜ੍ਹਕੀ ਹੋਏ ਬਾਹਰ ਨਿਕਲੇ। ਗੁਰਦਮਨ ਨੇ ਮੈਨੂੰ ਕਿਹਾ ਕਿ ਜੇ ਤੂੰ ਬਚਣਾ ਹੈ ਤਾਂ ਇੱਕ ਮਹੀਨੇ ਦੇ ਅੰਦਰ ਦਾੜ੍ਹੀ ਰੱਖ ਲੈ ਤੇ ਪਗੜੀ ਬੰਨ੍ਹ ਲੈ। ਪਰ ਕੁਦਰਤੀ ਥੋੜ੍ਹੇ ਹੀ ਸਮੇਂ ਬਾਅਦ ਟੌਹੜਾ ਸਾਹਿਬ ਅਤੇ ਬਾਦਲ ਸਾਹਿਬ ਵਿਚ ਜ਼ਬਰਦਸਤ ਸਿਆਸੀ ਵਿਵਾਦ ਪੈਦਾ ਹੋ ਗਿਆ ਤੇ ਟੌਹੜਾ ਸਾਹਿਬ ਨੇ ਪਾਰਟੀ ਛੱਡ ਦਿੱਤੀ। ਇਸ ਨੂੰ ਮੌਕਾਪ੍ਰਸਤੀ ਹੀ ਕਿਹਾ ਜਾ ਸਕਦਾ ਹੈ ਕਿ ਮੈਂ ਦੋਬਾਰਾ ਉਨ੍ਹਾਂ ਕੋਲੋਂ ਆਸ਼ੀਰਵਾਦ ਲੈਣ ਲਈ ਨਹੀਂ ਗਿਆ।

---

*(ਪਿਛਲੇ ਸਫੇ ਦਾ ਬਾਕੀ)*

ਕੇਂਦਰ ਦੀ ਭਗਵਾ ਹਕੂਮਤ ਅਤੇ ਪੰਜਾਬ ਵਿਚ 'ਆਮ ਆਦਮੀ ਪਾਰਟੀ' ਦੀ ਹਕੂਮਤ ਦੋਵੇਂ ਕਿਸਾਨ ਅੰਦੋਲਨ ਵਿਰੁੱਧ ਵੱਖ-ਵੱਖ ਤਰੀਕਿਆਂ ਨਾਲ ਭੰਡੀ ਮੁਹਿੰਮ ਚਲਾ ਕੇ ਇਸ ਦੇ ਅਕਸ ਨੂੰ ਖ਼ਤਮ ਕਰ ਦੇਣ ਲਈ ਸਰਗਰਮ ਹਨ। ਨਵਾਂ ਬਣਿਆ ਭਾਜਪਾਈ ਰਵਨੀਤ ਬਿੱਟੂ ਤਾਂ 2027 'ਚ ਸਰਕਾਰ ਬਣਾ ਕੇ ਕਿਸਾਨ ਆਗੂਆਂ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਭੇਜਣ ਦੀਆਂ ਧਮਕੀਆਂ ਵੀ ਦੇ ਰਿਹਾ ਹੈ। ਇਹ ਸਾਰੇ ਹਾਕਮ ਜਮਾਤੀ ਟੋਲੇ ਮਿਲ ਕੇ ਕਿਸਾਨ ਅੰਦੋਲਨ ਉੱਪਰ ਬੱਜਰ ਸੱਟਾਂ ਮਾਰਕੇ ਕਿਸਾਨੀ ਦੀ ਜਥੇਬੰਦਕ ਤਾਕਤ ਨੂੰ ਪ੍ਰਭਾਵਹੀਣ ਬਣਾ ਦੇਣ ਅਤੇ ਫਿਰ ਕਿਸਾਨੀ ਨੂੰ ਕੁਚਲ ਕੇ ਖੇਤੀਬਾੜੀ ਤੇ ਸਮੁੱਚੀ ਆਰਥਿਕਤਾ ਉੱਪਰ ਸਾਲਮ ਕਾਰਪੋਰੇਟ ਮਾਡਲ ਥੋਪਣ ਲਈ ਯਤਨਸ਼ੀਲ ਹਨ। ਖੁੱਲ੍ਹੀ ਮੰਡੀ ਦੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਦਾ ਪੈਰੋਕਾਰ ਇਹ ਸਮੁੱਚਾ ਹਾਕਮ ਜਮਾਤੀ ਕੋੜਮਾ ਕਿਸਾਨ ਅੰਦੋਲਨ ਨੂੰ ਆਪਣੇ 'ਵਿਕਾਸ' ਪ੍ਰੋਜੈਕਟ ਦੇ ਰਾਹ ਵਿਚ ਵੱਡਾ ਅੜਿੱਕਾ ਸਮਝਦਾ ਹੈ ਜਿਸਦੇ ਸੰਘਰਸ਼ ਦੀ ਲਗਾਤਾਰਤਾ ਅਤੇ ਦ੍ਰਿੜਤਾ ਆਪਣੀਆਂ ਘਾਟਾਂ-ਕਮੀਆਂ ਦੇ ਬਾਵਜੂਦ ਨਾ ਸਿਰਫ਼ ਪੰਜਾਬ ਦੇ ਲੋਕਾਂ ਸਗੋਂ ਪੂਰੇ ਮੁਲਕ ਦੇ ਮਿਹਨਤਕਸ਼ ਹਿੱਸਿਆਂ ਨੂੰ ਸੰਘਰਸ਼ ਦੇ ਰਾਹ ਪੈ ਕੇ ਆਪਣੇ ਹਿਤਾਂ ਨੂੰ ਬਚਾਉਣ ਦੀ ਪ੍ਰੇਰਨਾ ਬਣ ਰਹੀ ਹੈ। ਇਸ ਕਰਕੇ, ਸਾਰੀਆਂ ਲੋਕ ਹਿਤੈਸ਼ੀ ਤਾਕਤਾਂ ਨੂੰ ਆਪਣਾ ਸਮੁੱਚਾ ਤਾਣ ਇਸ ਹਾਕਮ ਜਮਾਤੀ ਹੱਲੇ ਦਾ ਮੁਕਾਬਲਾ ਕਰਨ ਲਈ ਪੰਜਾਬ ਦੇ ਹਰ ਦੱਬੇ-ਕੁਚਲੇ ਵਰਗ ਨੂੰ ਜਾਗਰੂਕ ਕਰਕੇ ਸੰਘਰਸ਼ਾਂ ਲਈ ਪ੍ਰੇਰਿਤ ਕਰਨ ਅਤੇ ਸਰਕਾਰੀ ਅਤੇ ਕਾਰਪੋਰੇਟ ਪੱਖੀ ਬਿਰਤਾਂਤਾਂ ਨੂੰ ਬੇਅਸਰ ਬਣਾਉਣ ਲਈ ਲੋਕਾਂ ਦੀ ਧਿਰ ਦੀ ਦਲੀਲਬਾਜ਼ੀ ਨੂੰ ਤਕੜਾ ਕਰਨ ਉੱਪਰ ਕੇਂਦਰਤ ਕਰਨਾ ਚਾਹੀਦਾ ਹੈ।

---

*(ਪਿਛਲੇ ਸਫੇ ਦਾ ਬਾਕੀ)*

ਸੀ, ਜਿਸ ਦੀ ਅਗਵਾਈ ਤਾਂ ਕਾਂਗਰਸ ਕਰ ਰਹੀ ਸੀ ਪਰ ਜਿਹੜਾ ਕਾਂਗਰਸ ਦੇ ਕੰਮ ਕਰਨ ਦੀ ਸ਼ੈਲੀ ਤੇ ਢੰਗ ਤਰੀਕਿਆਂ ਤੋਂ ਕਿਤੇ ਅਗਾਂਹ ਨਿਕਲ ਗਿਆ ਸੀ; ਇਸ ਵਿਚ ਲੋਕ-ਸਮੂਹਾਂ ਦੀ ਸ਼ਮੂਲੀਅਤ ਬਹੁਤ ਵੱਡੀ ਸੀ; ਉਸ ਸਮੇਂ ਕਾਂਗਰਸ ਦੇ ਸਿਖਰਲੇ ਲੀਡਰ ਜੇਲ੍ਹ ਵਿਚ ਸਨ ਤੇ ਅੰਦੋਲਨ ਸਥਾਨਕ ਆਗੂਆਂ ਤੇ ਲੋਕਾਂ ਦੇ ਦਬਾਅ ਹੇਠ ਚੱਲਿਆ ਪਰ ਇਸ ਦੇ ਨਾਲ ਨਾਲ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਅੰਦੋਲਨ ਤੋਂ ਬਾਅਦ ਕਾਂਗਰਸ ਦੇ ਸਿਖਰਲੀ ਲੀਡਰਸ਼ਿਪ ਤੇ ਜਥੇਬੰਦੀ ਅਜਿਹੀ ਸਥਿਤੀ ਵਿਚ ਨਹੀਂ ਸਨ ਕਿ ਉਹ ਮੁਸਲਿਮ ਲੀਗ ਅਤੇ ਅੰਗਰੇਜ਼ ਸਰਕਾਰ ਦੀ ਦੇਸ਼ ਨੂੰ ਵੰਡਣ ਦੀ ਕਵਾਇਦ ਵਿਰੁੱਧ ਇਕ ਹੋਰ ਲੋਕ-ਅੰਦੋਲਨ ਖੜ੍ਹਾ ਕਰ ਸਕਦੀ; ਅਜਿਹਾ ਲੋਕ-ਅੰਦੋਲਨ ਸੰਭਵ ਹੀ ਨਹੀਂ ਸੀ ਅਤੇ ਜੇ ਅਜਿਹਾ ਲੋਕ-ਅੰਦੋਲਨ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਸੰਭਾਵਨਾ ਇਹ ਸੀ ਧਰੁਵੀਕਰਨ ਹੋਰ ਵਧਦਾ; ਇਸ ਤਰ੍ਹਾਂ ਕਾਂਗਰਸ ਦੇ ਆਗੂ ਵੰਡ ਦਾ ਵਿਰੋਧ ਤਾਂ ਕਰਦੇ ਰਹੇ ਪਰ ਉਹ ਇਸ ਨੂੰ ਵੰਡ ਵਿਰੁੱਧ ਜਨ-ਅੰਦੋਲਨ ਚਲਾਉਣ ਤੇ ਵੰਡ ਨੂੰ ਰੋਕਣ ਦੇ ਅਸਮਰੱਥ ਰਹੇ। ਹਰ ਆਗੂ ਤੇ ਜਥੇਬੰਦੀ ਆਪਣੀ ਤਾਕਤ ਤੇ ਸਮਰੱਥਾ ਅਨੁਸਾਰ ਹੀ ਇਤਿਹਾਸ-ਨਿਰਮਾਣ ਵਿਚ ਹਿੱਸਾ ਪਾ ਸਕਦੀ ਹੈ ਕਿ ਜੇ ਵੰਡ ਵਿਰੁੱਧ ਜਨਤਕ ਅੰਦੋਲਨ ਲਾਮਬੰਦ ਕੀਤਾ ਜਾਂਦਾ ਤਾਂ ਬਟਵਾਰੇ ਨੂੰ ਰੋਕਣ ਦੀ ਸੰਭਾਵਨਾ ਬਣ ਸਕਦੀ ਸੀ; ਅਜਿਹੀ ਦਲੀਲ ਬਾਰੇ ਆਦਰਸ਼ਮਈ ਕਥਨ ਜਿਵੇਂ ਲੋਕਾਂ ਦੀ ਤਾਕਤ, ਸਾਂਝੀਵਾਲਤਾ ਦੀ ਸ਼ਕਤੀ, ਸਮਾਜਿਕ ਏਕਤਾ ਦਾ ਜਲੌਅ ਵਰਤੇ ਜਾ ਸਕਦੇ ਹਨ ਪਰ ਉਸ ਸਮੇਂ ਦੀਆਂ ਸਿਆਸੀ ਤਾਕਤਾਂ 'ਤੇ ਨਜ਼ਰ ਮਾਰਦਿਆਂ ਅਜਿਹਾ ਇਤਿਹਾਸਕ ਜਨ-ਅੰਦੋਲਨ ਲਾਮਬੰਦ ਕਰਨ ਵਾਲੀ ਕੋਈ ਤਾਕਤ ਨਜ਼ਰ ਨਹੀਂ ਆਉਂਦੀ; ਨਾ ਹੀ ਕਾਂਗਰਸ, ਨਾ ਹੀ ਕਮਿਊਨਿਸਟ ਜਾਂ ਸੋਸ਼ਲਿਸਟ; ਅਖੰਡ ਭਾਰਤ ਦਾ ਨਾਅਰਾ ਦੇਣ ਵਾਲੀ ਹਿੰਦੂ ਮਹਾਂਸਭਾ ਨੇ ਤਾਂ ਕੀ ਕਰਨਾ ਸੀ ਕਿਉਂਕਿ ਉਸ ਦਾ ਜਨ-ਅੰਦੋਲਨਾਂ ਨਾਲ ਕੋਈ ਵਾਸਤਾ ਹੀ ਨਹੀਂ ਸੀ; ਉਹ ਤੇ ਮੁਸਲਿਮ ਲੀਗ ਦੇ ਬਰਾਬਰ ਸਮਾਜ ਵਿਚ ਫਿਰਕਾਪ੍ਰਸਤੀ ਭਰ ਰਹੀ ਸੀ ਤੇ ਜੇ ਕਿਤੇ ਉਹ ਕਿਸੇ ਅੰਦੋਲਨ ਦਾ ਯਤਨ ਵੀ ਕਰਦੀ ਤਾਂ ਉਹ ਅੰਦੋਲਨ ਧਰਮ-ਆਧਾਰਿਤ ਹੋਣਾ ਸੀ। ਉਸ ਸਮੇਂ ਮੁਸਲਿਮ ਲੀਗ ਨੇ ਧਰਮ-ਆਧਾਰਿਤ ਡਾਇਰੈਕਟ ਐਕਸ਼ਨ ਕੀਤੇ ਜਿਨ੍ਹਾਂ ਨੇ ਫ਼ਿਰਕਾਪ੍ਰਸਤੀ ਦੀ ਅੱਗ 'ਤੇ ਤੇਲ ਪਾਇਆ। ਕਾਂਗਰਸ ਦੇ ਦਵੰਦ ਦੀ ਗਵਾਹੀ ਸੋਸ਼ਲਿਸਟ ਆਗੂ ਰਾਮ ਮਨੋਹਰ ਲੋਹੀਆ, ਜੋ ਉਸ ਸਮੇਂ ਕਾਂਗਰਸ ਵਿਚ ਸਨ, ਦੇ ਕਥਨ ਤੋਂ ਮਿਲਦੀ ਹੈ, "ਵੰਡ ਵਿਰੁੱਧ ਮੇਰਾ ਵਿਰੋਧ ਲਗਾਤਾਰ ਤੇ ਉੱਚੀ ਸੁਰ ਵਾਲਾ ਸੀ ਪਰ ਇਹ ਏਨਾ ਗੰਭੀਰ ਨਹੀਂ ਸੀ ਕਿਉਂਕਿ ਮੈਨੂੰ ਹੁਣ ਯਾਦ ਆਉਂਦਾ ਹੈ ਕਿ ਉਸ (ਜੋ ਲੋਹੀਆ ਨੇ ਕਿਹਾ) ਵਿਚ ਕਈ ਊਣਤਾਈਆਂ ਸਨ।" ਲੋਹੀਆ ਅਨੁਸਾਰ ਕਿਸੇ ਵੀ ਹਾਲਾਤ ਵਿਚ ਉਨ੍ਹਾਂ ਦੇ ਵਿਰੋਧ ਨੇ ਪਹਾੜ ਨਹੀਂ ਸਨ ਉਥੱਲ ਦੇਣੇ (ਬਹੁਤਾ ਫ਼ਰਕ ਨਹੀਂ ਸੀ ਪਾਉਣਾ); ਇਹ ਸਿਰਫ਼ ਇਕ ਅਜਿਹੇ ਆਜ਼ਾਦੀ ਘੁਲਾਟੀਏ ਦਾ ਵਿਰੋਧ ਹੀ ਸੀ ਜਿਸ ਦਾ ਅਸਰ-ਰਸੂਖ ਕੋਈ ਜ਼ਿਆਦਾ ਨਹੀਂ ਸੀ। ਲੋਹੀਆ ਲਿਖਦੇ ਹਨ, "ਫਿਰ ਵੀ ਮੇਰੇ ਜਿਹੇ ਆਦਮੀ, ਜਿਸ ਦਾ ਕੋਈ ਨਿੱਜੀ ਸਵਾਰਥ ਨਹੀਂ ਸੀ, ਤੋਂ ਗੰਭੀਰ ਵਿਰੋਧ ਦੀ ਗ਼ੈਰ-ਹਾਜ਼ਰੀ ਸਾਡੇ ਲੋਕਾਂ ਵਿਚ ਕਮਜ਼ੋਰੀ ਤੇ ਡਰ ਦੀ ਗਹਿਰਾਈ ਦੀ ਗਵਾਹੀ ਸੀ ਅਤੇ ਮੈਂ ਉਨ੍ਹਾਂ ਵਿਚੋਂ ਇਕ ਸਾਂ, ਜੋ ਕਮਜ਼ੋਰੀ ਤੇ ਡਰ ਵਿਚ ਗ੍ਰਸੇ ਹੋਏ ਸਨ।"

ਲੋਹੀਆ ਦੇ ਇਹ ਸ਼ਬਦ ਕਾਂਗਰਸ ਦੀ ਕਾਰਜਕਾਰੀ (ਵਰਕਿੰਗ) ਕਮੇਟੀ ਦੀ ਉਸ ਮੀਟਿੰਗ ਬਾਰੇ ਸਨ ਜਿਸ ਵਿਚ ਵੰਡ ਨੂੰ ਸਵੀਕਾਰ ਕਰਨ ਦਾ ਫ਼ੈਸਲਾ ਲਿਆ ਗਿਆ। ਇਸ ਮੀਟਿੰਗ ਵਿਚ ਦੋ ਸਮਾਜਵਾਦੀ ਆਗੂਆਂ ਜੈ ਪ੍ਰਕਾਸ਼ ਨਰਾਇਣ ਤੇ ਲੋਹੀਆ ਨੂੰ ਸੱਦਿਆ ਗਿਆ ਸੀ। ਲੋਹੀਆ ਅਨੁਸਾਰ ਜੈ ਪ੍ਰਕਾਸ਼ ਨਰਾਇਣ ਨੇ ਵੰਡ ਦੇ ਵਿਰੋਧ ਵਿਚ ਬਹੁਤ ਛੋਟੀ ਟਿੱਪਣੀ ਕੀਤੀ ਅਤੇ ਬਾਕੀ ਦੀ ਮੀਟਿੰਗ ਵਿਚ ਚੁੱਪ ਰਿਹਾ। ਲੋਹੀਆ ਲਿਖਦਾ ਹੈ ਕਿ ਉਹ ਦੋਵੇਂ (ਲੋਹੀਆ ਤੇ ਜੈ ਪ੍ਰਕਾਸ਼ ਨਰਾਇਣ), ਮਹਾਤਮਾ ਗਾਂਧੀ ਤੇ ਖ਼ਾਨ ਅਬਦੁਲ ਗੁਫ਼ਾਰ ਖ਼ਾਨ ਹੀ ਵੰਡ ਦੇ ਵਿਰੁੱਧ ਬੋਲੇ। ਲੋਹੀਆ ਅਨੁਸਾਰ ਕਾਂਗਰਸ ਦਾ ਉਸ ਵੇਲੇ ਦਾ ਪ੍ਰਧਾਨ ਅਚਾਰੀਆ ਕਿਰਪਲਾਨੀ ਇਕ ਤਰਸਯੋਗ ਹਾਲਤ ਵਿਚ ਸੀ। (ਰਾਮ ਮਨੋਹਰ ਲੋਹੀਆ: ਗਿਲਟੀ ਮੈਨ ਆਫ਼ ਇੰਡੀਆ'ਜ਼ ਪਾਰਟੀਸ਼ਨ) ਇਸ ਮੀਟਿੰਗ ਬਾਰੇ ਨਹਿਰੂ ਨੇ 1960 ਵਿਆਂ ਵਿਚ ਕਿਹਾ, "ਸੱਚ ਇਹ ਹੈ ਕਿ ਅਸੀਂ ਥੱਕੇ ਹੋਏ ਆਦਮੀ ਸਾਂ ਤੇ ਬੁੱਢੇ ਹੋ ਰਹੇ ਸਾਂ...ਸਾਡੇ ਸਾਹਮਣੇ ਵੰਡ ਦੀ ਯੋਜਨਾ ਰੱਖੀ ਗਈ ਅਤੇ ਅਸੀਂ ਉਸ ਨੂੰ ਸਵੀਕਾਰ ਕਰ ਲਿਆ।"

ਇਹ ਥਕਾਣ ਇਤਿਹਾਸਕ ਥਕਾਣ ਸੀ; ਸਭ ਸਿਆਸੀ ਪਾਰਟੀਆਂ ਤੇ ਜਥੇਬੰਦੀਆਂ ਨੂੰ ਇਹਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਦੋਂ ਸੰਘਰਸ਼ ਦੀ ਅਗਵਾਈ ਕਰਨ ਵਾਲੇ ਆਗੂ ਇਕ ਇਹੋ ਜਿਹੀ ਮਾਨਸਿਕ ਹਾਲਤ ਵਿਚ ਪਹੁੰਚ ਜਾਂਦੇ ਹਨ ਕਿ ਉਹ ਸਕਾਰਾਤਮਕ ਤਰੀਕੇ ਨਾਲ ਲੋਕਾਂ ਦੀ ਅਗਵਾਈ ਨਹੀਂ ਕਰ ਸਕਦੇ ਅਤੇ ਨਵੀਂ ਲੀਡਰਸ਼ਿਪ ਸਾਹਮਣੇ ਨਹੀਂ ਹੁੰਦੀ; ਆਗੂਆਂ ਦੀ ਸਥਿਤੀ ਇਹ ਹੁੰਦੀ ਹੈ ਕਿ ਨਾ ਤਾਂ ਉਹ ਅਗਵਾਈ ਵਾਲੀਆਂ ਪੁਜ਼ੀਸ਼ਨਾਂ ਤੋਂ ਲਾਂਭੇ ਹੋ ਸਕਦੇ ਹਨ ਅਤੇ ਨਾ ਹੀ ਉਹ ਪ੍ਰਾਪਤ ਕਰ ਸਕਦੇ ਹਨ ਜੋ ਉਨ੍ਹਾਂ ਨੇ ਕਰਨਾ ਸੀ; ਪੈਟਰਿਸ ਲੰਮੂਬਾ, ਨੈਲਸਨ ਮਾਂਡੇਲਾ, ਯਾਸਰ ਅਰਾਫ਼ਾਤ ਅਤੇ ਕਈ ਹੋਰ ਆਗੂਆਂ ਨਾਲ ਵੀ ਇਹੀ ਹੋਣੀ ਵਾਪਰੀ। ਲੋਕਾਂ ਵਿਚ ਤਾਂ ਊਰਜਾ ਹੁੰਦੀ ਹੈ ਪਰ ਆਗੂਆਂ ਵਿਚ ਉਸ ਊਰਜਾ ਨੂੰ ਵੇਗਮਈ, ਇਤਿਹਾਸਕ ਤੇ ਤਵਾਜ਼ਨ ਵਾਲੇ ਰਾਹਾਂ 'ਤੇ ਤੋਰਨ ਦੀ ਸਮਰੱਥਾ ਘਟ ਗਈ ਹੁੰਦੀ ਹੈ; 1947 ਵਿਚ ਵੀ ਅਜਿਹਾ ਹੀ ਹੋਇਆ ਅਤੇ ਕਾਂਗਰਸ, ਮੁਸਲਿਮ ਲੀਗ, ਕਮਿਊਨਿਸਟਾਂ, ਸੋਸ਼ਲਿਸਟਾਂ, ਅਕਾਲੀ ਦਲ ਅਤੇ ਹੋਰ ਪਾਰਟੀਆਂ ਨੇ ਉਸ ਨੂੰ ਹੋਣੀ/ਭਾਵੀ ਮੰਨ ਲਿਆ, ਸਵੀਕਾਰ ਕਰ ਲਿਆ।

ਸਾਹਿਤ ਅਤੇ ਇਤਿਹਾਸਕਾਰੀ ਵਿਚਲਾ ਰਿਸ਼ਤਾ ਬਹੁਤ ਅਜੀਬ ਹੈ। ਕਈ ਵਾਰ ਸਾਹਿਤ ਉਨ੍ਹਾਂ ਫੱਟਾਂ ਤੇ ਨਾਸੂਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਨ੍ਹਾਂ ਨੂੰ ਇਤਿਹਾਸਕਾਰੀ ਨੇ ਵਿਸਥਾਰ ਦਿੱਤਾ ਹੁੰਦਾ ਹੈ। 1947 ਦੀ ਕਤਲੋਗਾਰਤ ਅਤੇ ਅਣਮਨੁੱਖੀ ਘਟਨਾਵਾਂ ਦੇ ਸਾਹਿਤ ਵਿਚ ਹੋਏ ਚਿਤਰਣ ਨੇ ਪਹਿਲਾਂ ਪਹਿਲਾਂ ਹੋਈ ਇਤਿਹਾਸਕਾਰੀ ਵਿਚਲੇ ਖੱਪਿਆਂ ਨੂੰ ਪੂਰਿਆ; ਮੁੱਖ ਤੌਰ 'ਤੇ ਸਆਦਤ ਹਸਨ ਮੰਟੋ ਦੀਆਂ 'ਟੋਬਾ ਟੇਕ ਸਿੰਘ' ਤੇ 'ਖੋਲ ਦੋ' ਜਿਹੀਆਂ ਕਹਾਣੀਆਂ ਨੂੰ ਅਜਿਹਾ ਨੁਮਾਇੰਦਾ ਸਾਹਿਤ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਜ਼ਖ਼ਮਾਂ ਤੇ ਜ਼ੁਲਮਾਂ 'ਤੇ ਉਂਗਲ ਧਰੀ ਜਿਹੜੇ ਇਤਿਹਾਸਕਾਰੀ ਵਿਚ ਉੱਭਰ ਨਹੀਂ ਰਹੇ ਹਨ; ਹੋਰ ਸਾਹਿਤਕਾਰਾਂ ਦੀਆਂ ਰਚਨਾਵਾਂ ਨੇ ਵੀ ਅਜਿਹੀ ਭੂਮਿਕਾ ਨਿਭਾਈ।

ਇਸ ਸਭ ਦੇ ਨਾਲ-ਨਾਲ ਵੰਡ ਬਾਰੇ ਸਾਹਿਤ ਵਿਚ ਇਹ ਰੁਝਾਨ ਵੀ ਉਭਰਿਆ ਕਿ ਦੁਖਾਂਤ ਨੂੰ ਤਾਂ ਉਭਾਰਿਆ ਗਿਆ ਪਰ ਜਬਰ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਕਰਨ ਵੇਲੇ ਸਾਰੇ ਕਸੂਰ ਦਾ ਭਾਂਡਾ ਗਲੀ-ਮੁਹੱਲੇ ਜਾਂ ਪਿੰਡ ਦੇ ਬਦਮਾਸ਼ਾਂ (ਉਦਾਹਰਣ ਵਜੋਂ ਅਸ਼ਫ਼ਾਕ ਅਹਿਮਦ ਦੀ ਮਸ਼ਹੂਰ ਕਹਾਣੀ 'ਗਡਰੀਆ' ਤੇ ਮੋਹਨ ਰਾਕਸ਼ੇ ਦੀ ਕਹਾਣੀ 'ਮਲਬੇ ਦਾ ਮਾਲਿਕ' ਵਿਚ) ਸਿਰ ਭੰਨਿਆ ਗਿਆ। 1980ਵਿਆਂ ਤੋਂ ਬਾਅਦ ਹੋਈ ਇਤਿਹਾਸਕਾਰੀ ਖ਼ਾਸ ਕਰਕੇ ਇਸ਼ਤਿਆਕ ਅਹਿਮਦ ਦੁਆਰਾ ਇਕੱਠੇ ਕੀਤੇ ਗਏ ਵੇਰਵਿਆਂ ਤੇ ਉਸ ਤੋਂ ਬਾਅਦ ਲਿਖੇ ਗਏ ਇਤਿਹਾਸ ਵਿਚ ਇਹ ਸਪਸ਼ਟ ਹੋਇਆ ਕਿ ਏਨੀ ਵਿਆਪਕ ਪੱਧਰ 'ਤੇ ਹੋਈ ਹਿੰਸਾ ਲਈ ਕੁਲੀਨ ਵਰਗ ਦੇ ਨੁਮਾਇੰਦੇ, ਅਫ਼ਸਰ, ਰਾਜੇ-ਰਜਵਾੜੇ ਤੇ ਸਿਆਸੀ ਤੇ ਧਾਰਮਿਕ ਆਗੂ ਜ਼ਿੰਮੇਵਾਰ ਸਨ। ਸਥਾਨਕ ਹਿੰਸਕ ਘਟਨਾਵਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਦੀ ਬਜਾਏ ਕੁਲੀਨ ਵਰਗ ਦੇ ਨੁਮਾਇੰਦਿਆਂ ਤੇ ਸਿਆਸੀ ਧਾਰਮਿਕ ਆਗੂਆਂ ਨੇ ਸਥਾਨਕ ਹਿੰਸਾ ਨੂੰ ਕਈ ਮਹੀਨੇ ਜਾਰੀ ਰਹਿਣ ਵਾਂਗ ਕਤਲੇਆਮ ਬਣਾ ਦਿੱਤਾ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਨਵੀਆਂ ਵਜ਼ਾਰਤਾਂ ਵਜ਼ੀਰਾਂ ਆਪਣੇ ਜ਼ਿੰਮੇਵਾਰੀ ਦੇ ਇਲਾਕਿਆਂ ਵਿਚ ਹਿੰਸਾ ਬੰਦ ਕਰਵਾਉਣ ਦੀ ਥਾਂ, ਹਿੰਸਾ ਭੜਕਾਉਣ ਜਾਂ ਹੋ ਰਹੀ ਹਿੰਸਾ ਵੱਲੋਂ ਅੱਖਾਂ ਮੀਟਣ ਵਾਲੀ ਭੂਮਿਕਾ ਨਿਭਾਈ।

ਵੰਡ ਬਾਰੇ ਸੈਂਕੜੇ ਕਿਤਾਬਾਂ ਲਿਖੀਆਂ ਗਈਆਂ ਹਨ; ਉਨ੍ਹਾਂ ਦਾ ਲੇਖਾ-ਜੋਖਾ ਕਰਨਾ ਇਹ ਆਲੇਖ ਦੀ ਸੀਮਾ ਤੋਂ ਬਾਹਰ ਹੈ। ਮਹੱਤਵਪੂਰਨ ਇਹ ਹੈ ਕਿ ਇਤਿਹਾਸਕਾਰ ਹੁਣ ਵੰਡ ਦੇ ਵੱਖ-ਵੱਖ ਪਹਿਲੂਆਂ, ਜਟਿਲਤਾਵਾਂ ਅਤੇ ਘਟਨਾਵਾਂ ਦੇ ਅੰਤਰ-ਸੰਬੰਧਾਂ ਵੱਲ ਜ਼ਿਆਦਾ ਧਿਆਨ ਦੇ ਰਹੇ ਹਨ। ਸਿੰਧ, ਬੰਗਾਲ, ਸਰਹੱਦੀ ਸੂਬੇ ਤੇ ਬਲੋਚਿਸਤਾਨ, ਕਸ਼ਮੀਰ ਨਾਲ ਸੰਬੰਧਤ ਹੋਣ ਦੇ ਨਾਲ-ਨਾਲ ਵੰਡ ਪੰਜਾਬ ਲਈ ਅਜਿਹਾ ਦੁਖਾਂਤ ਹੈ, ਜਿਸ ਨੇ ਪੰਜਾਬ ਦੀ ਆਤਮਾ ਸਦਾ ਲਈ ਵੰਡ ਦਿੱਤੀ ਹੈ। ਹੁਣ ਚੜ੍ਹਦੇ ਪੰਜਾਬ ਦੇ ਧਾਰਮਿਕ ਹਲਕਿਆਂ ਵਿਚ ਪ੍ਰਮਾਤਮਾ ਤੋਂ ਕੀਤੀ ਜਾਂਦੀ ਮੰਗ ਗੁਰਧਾਮਾਂ ਦੀ ਸੇਵਾ-ਸੰਭਾਲ ਬਾਰੇ ਹੈ, ਪੰਜਾਬ ਦੀ ਏਕਤਾ ਨੂੰ ਬਹਾਲ ਕਰਨ ਬਾਰੇ ਨਹੀਂ; ਬਸਤੀਵਾਦੀ ਨਿਰਣੇ ਨੂੰ ਧਾਰਮਿਕ ਸ਼ਬਦਾਵਲੀ ਵਿਚ ਅਸਿੱਧੇ ਢੰਗ ਨਾਲ ਸਵੀਕਾਰ ਕਰ ਲਿਆ ਗਿਆ ਹੈ। ਦਲੀਲ ਦਿੱਤੀ ਜਾ ਸਕਦੀ ਹੈ ਵੰਡ ਅਜਿਹਾ ਇਤਿਹਾਸਕ ਤੱਥ ਬਣ ਚੁੱਕਾ ਹੈ ਜਿਸ ਨੂੰ ਸਵੀਕਾਰ ਕਰ ਲੈਣਾ ਹੀ ਸਹੀ ਹੈ ਪਰ ਵਿਰੋਧੀ ਦਲੀਲ ਇਹ ਹੈ ਕਿ ਕੀ ਸਾਂਝੀ ਪੰਜਾਬੀ ਕੌਮ ਦੀ ਹਸਤੀ ਬਿਲਕੁਲ ਖ਼ਤਮ ਹੋ ਚੁੱਕੀ ਹੈ; ਕੀ ਖ਼ਿਆਲਾਂ ਦੀ ਪੱਧਰ 'ਤੇ ਵੀ ਉਸਦੀ ਸਾਂਝੀਵਾਲਤਾ ਨੂੰ ਮੋੜ ਲਿਆਉਣ ਤੇ ਕਾਇਮ ਕਰਨ ਦੀ ਅਰਦਾਸ ਨਹੀਂ ਕੀਤੀ ਜਾ ਸਕਦੀ।

ਇਤਿਹਾਸ ਵਿਚ ਜਦੋਂ ਕੋਈ ਕਾਰਜ ਨਾਮੁਮਕਿਨ ਹੋ ਜਾਵੇ ਤਾਂ ਉਨ੍ਹਾਂ ਸਮਿਆਂ ਦੀ ਮੰਗ ਇਹ ਹੁੰਦੀ ਹੈ ਕਿ ਉਸ ਕਾਰਜ ਨੂੰ ਵੱਖਰੀ ਤਰ੍ਹਾਂ ਨਾਲ ਕੀਤਾ ਜਾਏ; ਪੰਜਾਬ ਦੀ ਵੰਡ ਕਾਰਨ ਹੋਇਆ ਸਾਂਝੀਵਾਲਤਾ ਦਾ ਘਾਣ ਮੰਗ ਕਰਦਾ ਹੈ ਕਿ ਅਸੀਂ ਇਸ ਦੁਖਦਾਈ ਇਤਿਹਾਸ ਦੀਆਂ ਪਰਤਾਂ ਫਰੋਲੀਏ ਜਿਵੇਂ ਜੋਗਿੰਦਰ ਸਿੰਘ ਤੂਰ ਹੋਰਾਂ ਨੇ ਫਰੋਲੀਆਂ ਨੇ ਅਤੇ ਫਿਰ ਅਜਿਹੇ ਕਾਰਜ ਕਰੀਏ ਜਿਨ੍ਹਾਂ ਨਾਲ ਪੰਜਾਬੀਅਤ ਦੇ ਅਜਿਹੇ ਨਕਸ਼ ਕਾਇਮ ਹੋਣ, ਜਿਨ੍ਹਾਂ ਨੇ ਸਾਂਝੀਵਾਲਤਾ ਨੂੰ ਨਵੇਂ ਰੂਪ ਵਿਚ ਅਮਲ ਵਿਚ ਲਿਆਂਦਾ ਜਾ ਸਕੇ। ਚੜ੍ਹਦੇ ਪੰਜਾਬ ਵਿਚ ਇਹ ਕਾਰਜ ਕਿਸਾਨ ਅੰਦੋਲਨ ਨੇ 2020-21 ਵਿਚ ਕੀਤਾ ਜਿਸ ਨਾਲ ਨਾ ਸਿਰਫ਼ ਚੜ੍ਹਦੇ ਪੰਜਾਬ ਨੂੰ ਸਾਂਝੀਵਾਲਤਾ ਅਤੇ ਨਾਬਰੀ ਦੀਆਂ ਰਵਾਇਤਾਂ ਨੂੰ ਬਹਾਲ ਕੀਤਾ ਸਗੋਂ ਭਾਰਤ ਦੇ ਹੋਰ ਸੂਬਿਆਂ ਤੇ ਲਹਿੰਦੇ ਪੰਜਾਬ ਵਿਚ ਵੀ ਨਵੀਂ ਊਰਜਾ ਪੈਦਾ ਕੀਤੀ।

ਚੜ੍ਹਦੇ ਪੰਜਾਬ ਤੇ ਲਹਿੰਦੇ ਪੰਜਾਬ ਦੇ ਲੋਕਾਂ ਦਰਮਿਆਨ ਰਿਸ਼ਤੇ ਵਧਾਉਣੇ ਲਾਜ਼ਮੀ ਹਨ, ਲਾਜ਼ਮੀ ਹੈ, ਦੋਹਾਂ ਪੰਜਾਬਾਂ ਵਿਚ ਪੰਜਾਬੀ ਭਾਸ਼ਾ ਨੂੰ ਲੋਕਾਂ ਦੇ ਸੰਗਰਾਮਾਂ ਦੀ ਭਾਸ਼ਾ ਬਣਾਉਣਾ; ਲਾਜ਼ਮੀ ਹੈ, ਵਖਰੇਵਿਆਂ ਨੂੰ ਘਟਾਉਣਾ ਅਤੇ ਆਸਾਂ-ਉਮੀਦਾਂ ਦੇ ਸੰਸਾਰਾਂ ਨੂੰ ਕਾਇਮ ਰੱਖਣਾ; ਲਾਜ਼ਮੀ ਹੈ, ਪੰਜਾਬ ਦੇ ਵਿਰਸੇ ਵਿਚ ਪਈ ਸਮਾਜਿਕ ਬਰਾਬਰੀ ਅਤੇ ਅਨਿਆਂ ਵਿਰੁੱਧ ਲੜਣ ਦੀ ਨਾਬਰੀ ਦੀ ਰਵਾਇਤ ਨੂੰ ਕਾਇਮ ਰੱਖਦੇ ਹੋਏ ਸੰਘਰਸ਼ ਕਰਨਾ। ਅਜਿਹੇ ਕਦਮ ਹੀ 1947 ਦੀ ਵੰਡ ਵੇਲੇ ਹੋਏ ਘਾਣ ਤੋਂ ਉਪਜੇ ਨੁਕਸਾਨ ਨੂੰ ਘਟਾ ਸਕਦੇ ਹਨ। ***(ਸਮਾਪਤ)***

# ਮਹਾਰਾਜਾ ਰਿਪੁਦਮਨ ਸਿੰਘ ਦੀ ਅਸਤ-ਭੂਮੀ ਦੀ ਭਾਲ ਵਿਚ ਕੋਡਾਈ ਕਨਾਲ

ਸੰਨ 2023 ਵਿਚ ਪੰਜਾਬ ਵਿਚ ਜੈਤੋ ਮੋਰਚੇ ਦੀ ਪਹਿਲੀ ਸ਼ਤਾਬਦੀ ਮਨਾਉਣ ਮੌਕੇ ਮੈਨੂੰ ਵੀ ਸ਼ਾਮਲ ਹੋਣ ਲਈ ਕੈਨੇਡਾ ਸੱਦਾ ਭੇਜਿਆ ਗਿਆ। ਇਸ ਮੌਕੇ ਆਯੋਜਿਤ ਸਮਾਗਮਾਂ ਵਿਚ ਸ਼ਮੂਲੀਅਤ ਸਮੇਂ ਮਹਾਰਾਜਾ (ਨਾਭਾ ਰਿਆਸਤ) ਰਿਪੁਦਮਨ ਸਿੰਘ ਦੇ ਸ਼ਾਹੀ ਪਰਿਵਾਰ ਅਤੇ ਵਿਦਵਾਨ-ਇਤਿਹਾਸਕਾਰਾਂ ਨਾਲ ਮਿਲ-ਬੈਠਣ ਅਤੇ ਵਿਚਾਰ-ਵਟਾਂਦਰੇ ਦਾ ਮੌਕਾ ਮਿਲਿਆ ਹਾਲਾਂਕਿ ਮੈਂ ਇਸ ਮੋਰਚੇ ਸੰਬੰਧੀ ਪਹਿਲਾਂ ਹੀ ਲੋੜ ਜੋਗਾ ਸੁਣਿਆ-ਜਾਣਿਆ ਸੀ। ਮੈਨੂੰ ਇਹ ਵੀ ਪਤਾ ਹੈ ਕਿ 1923 ਵਿਚ ਵੀ ਇਸ ਜੈਤੋ ਦੇ ਮੋਰਚੇ ਲਈ ਕੈਨੇਡਾ ਤੋਂ ਜੋਸ਼ੀਲੇ ਪੰਜਾਬੀ ਹਿੱਸਾ ਲੈਣ ਲਈ ਹੁੱਭ ਕੇ ਪਹੁੰਚੇ ਸਨ। ਸ਼ੁਰੂ ਵਿਚ ਇਹ ਮੋਰਚਾ ਅੰਗਰੇਜ਼ ਸਰਕਾਰ ਵੱਲੋਂ ਨਾਭਾ ਰਿਆਸਤ ਦੇ ਮਹਾਰਾਜੇ ਨਾਲ ਕੀਤੇ ਅਨਿਆਂ ਦੇ ਵਿਰੋਧ ਵਿਚ ਵਿੱਢਿਆ ਗਿਆ ਸੀ

**ਇੰਦਰਜੀਤ ਸਿੰਘ ਬੱਲ**
**ਫੋਨ: 001-416-666-7655**

ਜਿਸਨੂੰ ਸਾਜ਼ਿਸ਼ ਅਧੀਨ ਗੱਦੀਓਂ ਲਾਂਭੇ ਕਰ ਦਿੱਤਾ ਗਿਆ ਸੀ। ਚਲਾਕ ਸਾਮਰਾਜ ਵੱਲੋਂ ਪੇਸ਼ ਇਸ ਤਰ੍ਹਾਂ ਕੀਤਾ ਗਿਆ ਸੀ ਕਿ ਮਹਾਰਾਜੇ ਨੇ ਆਪਣੀ ਇੱਛਾ ਨਾਲ ਆਪਣੇ ਪੁੱਤਰ ਪਰਤਾਪ ਸਿੰਘ ਨੂੰ ਟਿੱਕਾ ਮੁਕੱਰਰ ਕਰ ਕੇ ਆਪਣੇ ਆਪ ਨੂੰ ਲਾਂਭੇ ਕਰ ਲਿਆ ਹੈ, ਪਰ ਲੋਕ ਜਾਣਦੇ ਸਨ ਕਿ ਅਜਿਹਾ ਮਹਾਰਾਜੇ ਦੀ ਧੌਣ 'ਤੇ ਗੋਡਾ ਰੱਖ ਕੇ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਕਰ ਕੇ ਕੀਤਾ ਜਾ ਰਿਹਾ ਸੀ। ਮਹਾਰਾਜਾ ਰਿਪੁਦਮਨ ਸਿੰਘ ਦੇ ਪਿਤਾ ਮਹਾਰਾਜਾ ਹੀਰਾ ਸਿੰਘ ਲੋਕ-ਪਸੰਦੀਦਾ ਮਹਾਰਾਜਾ ਸੀ ਅਤੇ ਮਹਾਰਾਜ ਰਿਪੁਦਮਨ ਸਿੰਘ ਖੁਦ ਵੀ ਕੌਮੀ ਜਜ਼ਬਾ ਰੱਖਦੇ ਸਨ। ਉਹ ਗੁਰਦੁਆਰਾ ਸੁਧਾਰ ਲਹਿਰ ਵਿਚ ਅਕਾਲੀਆਂ ਦੇ ਹੱਕ ਵਿਚ ਭੁਗਤੇ ਸਨ ਅਤੇ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਉਨ੍ਹਾਂ ਖੁਦ ਕਾਲੀ ਪਗੜੀ ਬੰਨ੍ਹ ਕੇ ਜ਼ਾਹਰਾ ਰੋਸ ਕੀਤਾ ਸੀ। ਬਹੁਤ ਪਹਿਲਾਂ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਹੁੰਦਿਆਂ ਉਨ੍ਹਾਂ 'ਅਨੰਦ ਮੈਰਿਜ ਬਿੱਲ' ਪਾਸ ਕਰਵਾਉਣ ਲਈ ਯਤਨ ਕੀਤੇ ਸਨ।

ਇਹ ਸਹੀ ਹੈ ਕਿ ਜੈਤੋ ਦਾ ਮੋਰਚਾ ਅੰਗਰੇਜ਼ਾਂ ਵੱਲੋਂ ਇਸ ਤਰ੍ਹਾਂ ਉਲਝਾਇਆ ਗਿਆ ਕਿ ਇਹ ਮਹਾਰਾਜਾ ਰਿਪੁਦਮਨ ਸਿੰਘ ਦੀ ਤਾਜ-ਬਹਾਲੀ ਦੀ ਬਜਾਏ ਗੁਰਦੁਆਰਾ ਗੰਗਸਰ ਸਾਹਿਬ ਅਤੇ ਟਿੱਬੀ ਸਾਹਿਬ ਨੂੰ ਛੁਡਵਾਉਣ ਅਤੇ ਅਖੰਡ-ਪਾਠ ਦੀ ਬੇਅਦਬੀ ਵਿਰੁੱਧ ਕੇਂਦਰਿਤ ਹੋ ਗਿਆ ਅਤੇ 7 ਜੁਲਾਈ 1925 ਨੂੰ ਸਿੱਖ ਗੁਰਦੁਆਰਾ ਬਿੱਲ ਪਾਸ ਹੋਣ ਨਾਲ ਜੈਤੋ ਮੋਰਚਾ ਸਫਲ ਹੋ ਗਿਆ ਸਮਝਿਆ ਗਿਆ।

ਉਧਰ, ਮਹਾਰਾਜਾ ਰਿਪੁਦਮਨ ਸਿੰਘ ਨੂੰ ਕੁਝ ਸ਼ਰਤਾਂ ਸਹਿਤ ਤਿੰਨ ਲੱਖ ਸਾਲਾਨਾ ਪੈਨਸ਼ਨ ਦੇ ਕੇ 'ਦੇਸ਼-ਨਿਕਾਲਾ' ਦੇ ਕੇ ਦੇਹਰਾਦੂਨ ਭੇਜ ਦਿੱਤਾ ਗਿਆ। ਇਸੇ ਦੌਰਾਨ ਉਨ੍ਹਾਂ ਹਜ਼ੂਰ ਸਾਹਿਬ ਜਾ ਕੇ ਅੰਮ੍ਰਿਤ-ਪਾਨ ਕਰ ਲਿਆ ਅਤੇ ਆਪਣਾ ਨਾਂ ਗੁਰਚਰਨ ਸਿੰਘ ਰਖਾ ਲਿਆ। ਇਸ ਤੋਂ ਬਾਅਦ ਤਕਰੀਬਨ ਲਗਾਤਾਰਤਾ ਵਿਚ ਉਹ ਹਜ਼ੂਰ ਸਾਹਿਬ ਦਸਵੰਧ ਦੀ ਰਕਮ ਭੇਜਦੇ ਰਹੇ। ਸ਼ਾਇਦ ਇਨ੍ਹਾਂ ਕਾਰਨਾਂ ਕਰਕੇ ਅਤੇ ਆਜ਼ਾਦੀ ਲਈ ਸੰਘਰਸ਼ ਕਰ ਰਹੇ ਕੌਮੀ ਆਗੂਆਂ ਦੇ ਨਾਲ ਸੰਬੰਧ ਬਣਾਈ ਰੱਖਣ ਕਰਕੇ, ਉਨ੍ਹਾਂ ਨੂੰ ਹੋਰ ਪਰੇਸ਼ਾਨ ਕਰਨ ਲਈ ਉਨ੍ਹਾਂ ਨੂੰ ਦੇਹਰਾਦੂਨ ਤੋਂ ਮਦਰਾਸ (ਹੁਣ ਤਾਮਿਲ ਨਾਡੂ) ਕੋਡਾਈ ਕਨਾਲ ਵਿਖੇ ਭੇਜ ਦਿੱਤਾ ਗਿਆ। ਮਹਾਰਾਜਾ ਦੀ ਬੜੀ ਖਾਹਿਸ਼ ਸੀ ਕਿ ਉਨ੍ਹਾਂ ਦਾ ਬੇਟਾ ਟਿੱਕਾ ਪ੍ਰਤਾਪ ਸਿੰਘ ਵੀ ਸਿੱਖ-ਮਰਿਆਦਾ ਅਨੁਸਾਰ ਜੀਵਨ ਜੀਵੇ ਅਤੇ ਸਿੱਖੀ ਵਾਤਾਵਰਣ ਵਿਚ ਵਧੇ ਫੁੱਲੇ ਪਰ ਅੰਗਰੇਜ਼ਾਂ ਨੇ ਉਸਨੂੰ ਉੱਚ-ਵਿਦਿਆ ਪ੍ਰਾਪਤੀ ਦੇ ਬਹਾਨੇ ਉਸਦੀ ਮਾਤਾ ਸਮੇਤ ਇੰਗਲੈਂਡ ਭੇਜ ਦਿੱਤਾ, ਜਿੱਥੇ ਜਾ ਕੇ ਉਹ ਸਿੱਖੀ ਤੋਂ ਦੂਰ ਹੋ ਗਿਆ। ਮਾਸਟਰ ਤਾਰਾ ਸਿੰਘ ਅਕਸਰ ਕਿਹਾ ਕਰਦੇ ਸਨ ਕਿ ਮਹਾਰਾਜਾ ਰਿਪੁਦਮਨ ਸਿੰਘ ਨਾਲ ਵੀ ਮਹਾਰਾਜਾ ਦਲੀਪ ਸਿੰਘ ਵਾਲੀ ਹੀ ਹੋਈ।

ਜੈਤੋ-ਮੋਰਚੇ ਦੀ ਸ਼ਤਾਬਦੀ ਮਨਾਉਂਦਿਆਂ ਮੇਰੇ ਮਨ ਵਿਚ ਮਹਾਰਾਜਾ ਰਿਪੁਦਮਨ ਸਿੰਘ ਦੇ ਆਖਰੀ ਜੀਵਨ ਬਾਰੇ ਕਈ ਹਾਵ-ਭਾਵ ਉਠਦੇ ਰਹੇ। ਕਿਹੀ ਸ਼ਖਸੀਅਤ ਸੀ ਜਿਸਨੇ ਆਪਣੀ ਬਾਦਸ਼ਾਹੀਅਤ ਗੁਆ ਲਈ, ਕਈ ਕਿਸਮ ਦੀਆਂ



ਤਕਲੀਫਾਂ ਸਹਿ ਲਈਆਂ, ਜਲਾ-ਵਤਨੀ ਮਨਜ਼ੂਰ ਕਰ ਲਈ ਪਰ ਆਪਣੀ ਅਣਖ ਅਤੇ ਗੌਰਵ ਨੂੰ ਕਦੀ ਆਂਚ ਨਾ ਆਉਣ ਦਿੱਤੀ!

ਕੈਨੇਡਾ ਰਹਿੰਦਿਆਂ ਪਿਛਲੇ ਦੋ ਸਾਲ ਤੋਂ ਮੇਰੇ ਦਿਮਾਗ ਵਿਚ ਮਹਾਰਾਜਾ ਸਾਹਿਬ ਦੀ ਆਖਰੀ ਕਿਆਮਗਾਹ ਘਰ ਕਰੀ ਬੈਠੀ ਸੀ। ਇਸ ਸਾਲ ਲੰਬੀ ਪੰਜਾਬ-ਫੇਰੀ ਦੌਰਾਨ ਪਿਛਲੇ ਦਿਨੀਂ (ਹੋਲੇ-ਮਹੱਲੇ 'ਤੇ) ਮੈਂ ਆਪਣੀ ਪਤਨੀ ਸੁਰਿੰਦਰ ਕੌਰ ਸਮੇਤ ਮਹਾਰਾਜਾ ਸਾਹਿਬ ਦੀ ਅਸਤ-ਭੂਮੀ ਦੀ ਭਾਲ ਵਿਚ ਤਾਮਿਲਨਾਡੂ ਨੂੰ ਚੱਲ ਪਿਆ। ਮੈਨੂੰ ਪੂਰਨ ਉਮੀਦ ਸੀ ਕਿ ਦਸੰਬਰ 1943 ਵਿਚ ਸੁਰਗਵਾਸ ਹੋਏ ਇਸ ਗੌਰਵਮਈ ਅਤੇ ਅਣਖੀ ਮਹਾਰਾਜੇ ਦੀ ਓਥੇ ਜ਼ਰੂਰ ਹੀ ਕਿਸੇ ਨਾ ਕਿਸੇ ਸੂਰਤ ਵਿਚ ਯਾਦਗਾਰ ਮਿਲ ਜਾਵੇਗੀ ਕਿਉਂਕਿ ਮਹਾਰਾਜਾ ਕੇਵਲ ਇੱਕ ਸਿਦਕੀ ਪੰਜਾਬੀ ਹੀ ਨਹੀਂ ਸੀ ਸਗੋਂ ਉਸਦੇ ਸੰਬੰਧ ਤਾਂ ਜੀ.ਕੇ. ਗੋਖਲੇ, ਆਰ.ਬੀ.ਘੋਸ਼ ਅਤੇ ਮਦਨ ਮੋਹਨ ਮਾਲਵੀਆ ਵਰਗੇ ਕੌਮੀ ਨੇਤਾਵਾਂ ਨਾਲ ਰਹੇ ਸਨ। ਅਗਾਊਂ ਕੁਝ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਰਾਣੀ ਪਰੀਤੀ ਸਿੰਘ, ਹੀਰਾ ਮਹਿਲ, ਨਾਭਾ ਨਾਲ ਸੰਪਰਕ ਕੀਤਾ ਪਰ ਉਹ ਵੀ ਬਹੁਤਾ ਕੁਝ ਨਾ ਦੱਸ ਸਕੇ। ਮਿੱਤਰ-ਸਹਿਪਾਠੀ ਡਾਕਟਰ ਆਸਾ ਸਿੰਘ ਘੁੰਮਣ ਦੇ ਇੱਕ ਬੇਰਿੰਗ ਕਾਲਜ (ਬਟਾਲਾ) ਸਮੇਂ ਦੇ ਮਿੱਤਰ-ਸਹਿਪਾਠੀ ਸਤੀਸ਼ ਡੋਗਰਾ ਤਾਮਿਲ ਨਾਡੂ ਦੇ ਡੀ.ਜੀ.ਪੀ. ਪੁਲੀਸ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਕੋਡਾਈ ਕਨਾਲ ਦੇ ਰੈਸਟ ਹਾਊਸ ਵਿਚ ਸ਼ੇਖ ਅਬਦੁੱਲਾ ਦੀ ਨਜ਼ਰਬੰਦੀ ਬਾਰੇ ਤਾਂ ਉਹ ਜਾਣਦੇ ਹਨ ਪਰ ਮਹਾਰਾਜਾ ਰਿਪੁਦਮਨ ਸਿੰਘ ਬਾਰੇ ਕੁਝ ਨਹੀਂ ਜਾਣਦੇ।

ਕੋਡਾਈ ਕਨਾਲ ਪਹੁੰਚ ਕੇ ਮੈਨੂੰ ਬੇਹੱਦ ਨਿਰਾਸ਼ਾ ਹੋਈ ਕਿਉਂਕਿ ਮਹਾਰਾਜਾ ਰਿਪੁਦਮਨ ਸਿੰਘ ਬਾਰੇ ਕੋਈ ਕੁਝ ਨਹੀਂ ਸੀ ਜਾਣਦਾ। ਮੈਂ ਡਾਇਰੈਕਟਰ, ਤਾਮਿਲਨਾਡੂ ਟੂਰਿਜ਼ਮ ਨਾਲ ਵੀ ਸੰਪਰਕ ਕੀਤਾ ਪਰ ਕੋਈ ਫਾਇਦਾ ਨਹੀਂ ਸੀ ਹੋਇਆ। ਅਖੀਰ, ਮੇਰਾ ਸੰਪਰਕ ਇਕ ਲੋਕਲ ਕਲੱਬ ਦੇ ਕਾਰਕੁਨ ਮਿਸਟਰ ਰੌਬਿਨ ਨਾਲ ਕਰਾਇਆ ਗਿਆ, ਜਿਸਨੇ ਦੱਸਿਆ ਕਿ, ਸੁਰਜੀਤ ਸਿੰਘ ਬਰਨਾਲਾ ਨੇ ਆਪਣੇ ਰਾਜਪਾਲ ਕਾਲ ਦੌਰਾਨ ਉਸ ਖੇਤਰ ਦੀ ਨਿਸ਼ਾਨਦੇਹੀ ਕੀਤੀ ਸੀ ਅਤੇ ਓਸ ਜਗ੍ਹਾ ਇੱਕ ਵਾਰ ਇਕ ਸਮਾਗਮ ਵੀ ਰਚਾਇਆ ਗਿਆ ਸੀ। ਉਹ ਸਾਨੂੰ ਇੱਕ ਬੇ-ਆਬਾਦ ਅਤੇ ਸਰਕਣੇ ਜਿਹੇ ਵਾਲੇ ਖੇਤਰ ਵਿਚ ਲੈ ਕੇ ਗਿਆ। ਉਥੇ ਸਾਨੂੰ ਇਕ ਕੁਦਰਤ-ਪ੍ਰੇਮੀ ਅਮਰੀਕਨ ਔਰਤ ਨੇ ਵੀ ਦੱਸਿਆ ਕਿ ਇਸ ਜਗ੍ਹਾ ਦਾ ਸੰਬੰਧ ਮਹਾਰਾਜਾ ਰਿਪੁਦਮਨ ਸਿੰਘ ਨਾਲ ਦੱਸਿਆ ਜਾਂਦਾ ਹੈ। ਮਿਸਟਰ ਰੌਬਿਨ ਨੇ ਇੱਕ ਪੱਥਰ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਇਹ ਉਹ ਸਥਾਨ ਹੈ ਜਿੱਥੇ ਮਹਾਰਾਜਾ ਰਿਪੁਦਮਨ ਸਿੰਘ ਦਾ ਸਸਕਾਰ ਕੀਤਾ ਗਿਆ ਦੱਸਿਆ ਜਾਂਦਾ ਹੈ। ਮੈਂ ਭਾਵੁਕ ਹੋ ਗਿਆ ਅਤੇ ਨਿਮਰਤਾ ਸਹਿਤ ਝੁਕ ਕੇ ਉਸ ਪੱਥਰ ਨੂੰ ਚੁੰਮਿਆ, ਕਲੇਜੇ ਨਾਲ ਲਾਇਆ। ਉਸ ਗਜ਼ਬ ਦੀ ਸ਼ਖ਼ਸੀਅਤ ਦੀ ਅਕੀਦਤ ਵਿਚ ਮੇਰੀਆਂ ਅੱਖਾਂ ਉੱਛਲ ਗਈਆਂ। ਇਹ ਉਸ ਮਹਾਨ ਵਿਅਕਤੀ ਦਾ ਆਖਰੀ ਸਥਾਨ ਸੀ ਜੋ ਬਹੁਤ ਮੁੱਦਤ ਤੱਕ ਆਪਣੀ ਮਾਂ-ਭੂਮੀ ਨੂੰ ਤਰਸਦਾ ਰਿਹਾ ਅਤੇ ਆਪਣੀ ਅਸੂਲ-ਪ੍ਰਸਤੀ ਕਰਕੇ ਗੁੰਮਨਾਮ ਹੀ ਇਸ ਦੁਨੀਆਂ ਤੋਂ ਤੁਰ ਗਿਆ। ਕੈਮਲੂਪਸ ਦੀਆਂ ਮੱਛੀਆਂ ਵਾਂਗ ਉਹ ਵੀ ਚਾਹੁੰਦਾ ਤਾਂ ਹੋਵੇਗਾ ਕਿ ਉਸਨੂੰ ਆਖਰੀ ਮਰਲਾ ਉਸਦੀ ਜਨਮ-ਭੂਮੀ 'ਤੇ ਨਸੀਬ ਹੋਵੇ!

ਕਿੰਨੀ ਦੇਰ ਮਨ ਦੁਖੀ ਹੋਇਆ ਰਿਹਾ। ਯਾਰੋ ਏਨੀ ਬੇ-ਕਦਰੀ! ਇੰਝ ਤਾਂ ਨਹੀਂ ਸੀ ਹੋਣਾ ਚਾਹੀਦਾ! ਸਮਾਰਕ ਨਾ ਸਹੀ, ਲਾਇਬਰੇਰੀ ਨਾ ਸਹੀ, ਕੋਈ ਅਜਾਇਬ-ਘਰ ਨਾ ਸਹੀ। ਕੋਈ ਥੜ੍ਹਾ, ਕੋਈ ਜੰਗਲਾ, ਕੋਈ ਬੋਰਡ, ਕੋਈ ਪਲੇਕ/ਪਲੇਟ...ਕੁਝ ਤਾਂ ਹੋਣਾ ਚਾਹੀਦਾ ਸੀ। ਆਪਣੀ ਇੰਟਲੈਕਚੁਅਲ ਪ੍ਰਾਪਰਟੀ ਪ੍ਰਤੀ ਪੰਜਾਬੀਆਂ, ਹਿੰਦੁਸਤਾਨੀਆਂ ਅਤੇ ਖਾਸ ਤੌਰ 'ਤੇ ਸਿੱਖਾਂ ਦੀ ਘੋਰ ਲਾਪ੍ਰਵਾਹੀ ਦੀ ਇੱਕ ਹੋਰ ਉਦਾਹਰਣ ਮੇਰੇ ਸਾਹਮਣੇ ਸੀ।

ਉਹ ਮੰਜ਼ਰ ਮੇਰੇ ਮਨ ਨੂੰ ਹਮੇਸ਼ਾਂ ਦੁਖੀ ਰੱਖੇਗਾ। ਪਰ, ਫਿਰ ਵੀ ਮੈਂ ਬੇ-ਉਮੀਦ ਨਹੀਂ ਹਾਂ...।

# ਘੋੜੀਆਂ ਤੇ ਸੁਹਾਗ: ਮੱਧਕਾਲ ਤੋਂ ਸਮਕਾਲ ਤੱਕ ਦਾ ਸਫ਼ਰ

ਮਨੁੱਖ ਦੀ ਜ਼ਿੰਦਗੀ ਵਿਚ ਤਿੰਨ ਸੰਸਕਾਰ ਬਹੁਤ ਮਹੱਤਵਪੂਰਨ ਮੰਨੇ ਜਾਂਦੇ ਹਨ। ਜਨਮ ਸੰਸਕਾਰ, ਅਨੰਦ ਸੰਸਕਾਰ ਅਤੇ ਅੰਤਿਮ ਸੰਸਕਾਰ। ਧਾਰਮਿਕ ਦ੍ਰਿਸ਼ਟੀ ਤੋਂ ਕੁਝ ਹੋਰ ਰਹੁ-ਰੀਤਾਂ ਵੀ ਹੁੰਦੀਆਂ ਹਨ, ਪ੍ਰੰਤੂ ਲੋਕ-ਧਾਰਾਈ ਪਰਿਪੇਖ ਦੇ ਅੰਤਰਗਤ ਉਪਰੋਕਤ ਤਿੰਨ ਸੰਸਕਾਰ ਲਾਜ਼ਮੀ ਅਤੇ ਵਿਸ਼ੇਸ਼ ਅਹਿਮੀਅਤ ਰੱਖਦੇ ਹਨ। ਜਨਮ ਵੇਲੇ ਵੀ ਕਈ ਕਾਰ-ਵਿਹਾਰ ਕੀਤੇ ਜਾਂਦੇ ਹਨ। ਜਿਵੇਂ ਨਵ-ਜੰਮੇ ਬਾਲ ਨੂੰ ਗੁੜ੍ਹਤੀ ਦੇਣ ਦਾ ਸੰਸਕਾਰ ਅਤੇ ਨਾਮ ਰੱਖਣ ਦਾ ਸੰਸਕਾਰ ਆਦਿਕ।

ਮੌਤ ਵੇਲੇ ਤਤਕਾਲੀਨ ਪ੍ਰਸਥਿਤੀਆਂ ਮੁਤਾਬਕ ਅਗਨ-ਭੇਟ ਜਾਂ ਜਲ-ਪ੍ਰਵਾਹ ਕਰਨ ਦਾ ਵਿਧਾਨ ਹੈ। ਵੈਣ ਅਤੇ ਕੀਰਨੇ ਆਦਿਕ ਪਾ

**ਡਾ. ਨਿਸ਼ਾਨ ਸਿੰਘ**
**ਫੋਨ: 90414-98009**

ਕੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਖ਼ੈਰ, ਇਹ ਵੱਖਰਾ ਵਿਸ਼ਾ ਹੈ। ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਅਨੰਦ (ਵਿਆਹ) ਸੰਸਕਾਰ ਦੀ ਲੋਕਧਾਰਾਈ ਪਰਿਪੇਖ ਵਿਚ ਚਰਚਾ ਕਰਨਾ ਹੈ। ਅਨੰਦ (ਵਿਆਹ) ਸੰਸਕਾਰ ਮਨੁੱਖੀ ਜੀਵਨ ਦਾ ਅਹਿਮ ਸੰਸਕਾਰ ਮੰਨਿਆ ਜਾਂਦਾ ਹੈ। ਇਸ ਮੌਕੇ ਜਿੱਥੇ ਸਮਾਜਿਕ ਸੰਦਰਭ ਮੁਤਾਬਕ ਕਾਰਜ ਕੀਤੇ ਜਾਂਦੇ ਹਨ ਉੱਥੇ ਹੀ ਧਾਰਮਿਕ ਦ੍ਰਿਸ਼ਟੀਕੋਣ ਮੁਤਾਬਕ ਵੀ ਕਈ ਪ੍ਰਕਾਰ ਦੇ ਰੀਤੀ-ਰਿਵਾਜ਼ ਨੇਪਰੇ ਚਾੜ੍ਹੇ ਜਾਂਦੇ ਹਨ।

ਵਿਆਹ ਦਾ ਸਮਾਂ ਹਰ ਮਨੁੱਖ ਦੇ ਜੀਵਨ ਦਾ ਅਹਿਮ ਸਮਾਂ ਹੁੰਦਾ ਹੈ। ਪੰਜਾਬੀ ਲੋਕਧਾਰਾ ਦੇ ਅੰਤਰਗਤ ਮੁੰਡੇ ਦੇ ਵਿਆਹ 'ਤੇ ਘੋੜੀਆਂ ਅਤੇ ਕੁੜੀ ਦੇ ਵਿਆਹ 'ਤੇ ਸੁਹਾਗ ਗਾਏ ਜਾਣ ਦਾ ਵਿਧਾਨ ਪ੍ਰਚੱਲਤ ਹੈ;

'ਵਿਆਹ ਦੇ ਗੀਤਾਂ ਨੂੰ ਅਸੀਂ ਚਾਰ ਰੂਪਾਂ ਵਿਚ ਵੰਡਦੇ ਹਾਂ- ਘੋੜੀਆਂ, ਸੁਹਾਗ, ਸਿੱਠਣੀਆਂ ਤੇ ਹੇਰੇ। ਘੋੜੀਆਂ ਮੁੰਡੇ ਦੇ ਵਿਆਹ 'ਤੇ ਗਾਈਆਂ ਜਾਂਦੀਆਂ ਹਨ, ਕੁੜੀ ਦੇ ਵਿਆਹ ਸਮੇਂ ਗਾਏ ਜਾਂਦੇ ਗੀਤਾਂ ਨੂੰ ਸੁਹਾਗ ਆਖਦੇ ਹਨ। ਹੇਰੇ ਅਤੇ ਸਿੱਠਣੀਆਂ ਮੁੰਡੇ-ਕੁੜੀ ਦੇ ਵਿਆਹ ਸਮੇਂ ਇੱਕਠੇ ਹੀ ਗਾਏ ਜਾਂਦੇ ਹਨ।' (ਪੰਜਾਬੀ ਸਭਿਆਚਾਰ ਦਾ ਆਰਸੀ, ਪੰਨਾ 48)

ਇੱਥੇ ਖ਼ਾਸ ਗੱਲ ਇਹ ਹੈ ਕਿ ਇਹ ਲੋਕਗੀਤ ਕਿਸੇ ਖ਼ਾਸ ਧਰਮ, ਫਿਰਕੇ ਜਾਂ ਮਜ਼ਹਬ ਲਈ ਰਾਖਵੇਂ ਨਹੀਂ ਹਨ ਬਲਕਿ ਇਲਾਕੇ, ਖ਼ਿੱਤੇ ਦੇ ਮੁਤਾਬਕ ਹਰ ਧਰਮ, ਫਿਰਕੇ ਤੇ ਮਜ਼ਹਬ ਵਿਚ ਗਾਏ ਜਾਂਦੇ ਹਨ। ਮਸਲਨ, ਜਿਹੜੇ ਲੋਕ-ਗੀਤ ਚੜ੍ਹਦੇ ਪੰਜਾਬ 'ਚ ਕੁੜੀਆਂ ਤੇ ਔਰਤਾਂ ਮੁੰਡੇ ਦੇ ਵਿਆਹ 'ਤੇ ਗਾਉਂਦੀਆਂ ਹਨ ਉਹੀ ਲਹਿੰਦੇ ਪੰਜਾਬ ਵਿਚ ਵੀ ਗਾਏ ਜਾਂਦੇ ਹਨ। ਇੰਝ ਹੀ ਕੁੜੀ ਦੇ ਵਿਆਹ 'ਤੇ ਸੁਹਾਗ ਵੀ ਦੋਹੀਂ ਪਾਸੀਂ ਇੱਕੋ ਜਿਹੇ ਹੀ ਗਾਏ ਜਾਂਦੇ ਹਨ। ਇਹ ਖ਼ਿੱਤੇ ਦਾ ਪ੍ਰਭਾਵ ਕਿਹਾ ਜਾਂਦਾ ਹੈ ਅਤੇ ਇਹੋ ਲੋਕਧਾਰਾ ਦੀ ਵਿਲੱਖਣਤਾ ਅਤੇ ਖ਼ੂਬਸੂਰਤੀ ਹੈ;

'ਹੇਰੇ, ਸਿੱਠਣੀਆਂ, ਸੁਹਾਗ ਅਤੇ ਘੋੜੀਆਂ ਮੰਗਣੇ ਅਤੇ ਵਿਆਹ ਦੀਆਂ ਰਸਮਾਂ ਨਾਲ ਸੰਬੰਧ ਰੱਖਦੇ ਗੀਤ ਹਨ। ਮੁੰਡੇ ਦੇ ਘਰ ਘੋੜੀਆਂ ਗਾਈਆਂ ਜਾਂਦੀਆਂ ਹਨ ਤੇ ਕੁੜੀ ਵਾਲੇ ਘਰ ਸੁਹਾਗ ਗਾਉਣ ਦੀ ਪਰੰਪਰਾ ਹੈ। ਇਹ ਦੋਨੋਂ ਸ਼ਗਨਾਂ ਦੇ ਗੀਤ ਹਨ।' (ਲੋਕ ਗੀਤਾਂ ਦੀ ਸਮਾਜਿਕ ਵਿਆਖਿਆ, ਪੰਨਾ15)

ਮੁੰਡੇ ਦੇ ਵਿਆਹ 'ਤੇ ਗਾਏ ਜਾਂਦੇ ਗੀਤਾਂ ਨੂੰ ਘੋੜੀਆਂ ਅਤੇ ਕੁੜੀ ਦੇ ਵਿਆਹ 'ਤੇ ਗਾਏ ਜਾਂਦੇ ਗੀਤਾਂ ਨੂੰ ਸੁਹਾਗ ਕਿਉਂ ਕਿਹਾ ਜਾਂਦਾ ਹੈ? ਇਸ ਸੰਬੰਧੀ ਚਰਚਾ ਕਰਦਿਆਂ 'ਸੁਖਦੇਵ ਮਾਦਪੁਰੀ' ਲਿਖਦੇ ਹਨ;

'ਮੱਧਕਾਲੀਨ ਸਮਿਆਂ ਵਿਚ ਪੰਜਾਬ ਵਿਚ ਆਉਣ-ਜਾਣ ਦੇ ਸਾਧਨ ਜੋਖ਼ਮ ਭਰੇ ਸਨ। ਕੱਚੇ ਤੇ ਉਭੜ-ਖੁਭੜੇ ਰਾਹ, ਕੋਈ ਸੜਕ ਨਹੀਂ, ਨਦੀਆਂ-ਨਾਲੇ ਬਿਨਾ ਪੁਲ ਤੋਂ; ਰਾਹੀਂ ਜੰਗਲ ਬੀਆਬਾਨਾਂ 'ਚੋਂ ਲੰਘਦੇ ਡਰਦੇ ਸਨ; ਲੋਕ ਪੈਦਲ ਸਫਰ ਕਰਦੇ ਸਨ ਜਾਂ ਘੋੜੀਆਂ-ਊਠਾਂ ਦੀ ਸਵਾਰੀ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਬਰਾਤਾਂ ਸੱਜ-ਧੱਜ ਕੇ ਘੋੜੀਆਂ, ਊਠਾਂ ਤੇ ਬੈਲ ਗੱਡੀਆਂ 'ਤੇ ਸਵਾਰ ਹੋ ਕੇ ਮੁੰਡੇ ਨੂੰ ਵਿਆਹੁਣ ਜਾਂਦੀਆਂ ਸਨ। ਲਾੜੇ ਨੂੰ ਘੋੜੀ ਚੜ੍ਹਾਉਣ ਦੀ ਕੇਂਦਰੀ ਰਸਮ ਹੁੰਦੀ ਸੀ। ਇਸ ਰਸਮ ਸਮੇਂ ਜਿਹੜੇ ਗੀਤ ਗਾਏ ਜਾਂਦੇ ਸਨ ਉਨ੍ਹਾਂ ਦਾ ਨਾਂ ਘੋੜੀ ਦੇ ਨਾਂ 'ਤੇ ਘੋੜੀਆਂ ਪ੍ਰਚੱਲਿਤ ਹੋ ਗਿਆ। ਲਾੜੇ ਦੀ ਜੰਞ ਦੀ ਤਿਆਰੀ ਅਤੇ ਜੰਞ ਚੜ੍ਹਨ ਸਮੇਂ ਦੇ ਸ਼ਗਨਾਂ ਵੇਲੇ ਗਾਏ ਜਾਣ ਵਾਲੇ ਗੀਤਾਂ ਨੂੰ ਵੀ ਘੋੜੀਆਂ ਹੀ ਆਖਦੇ ਹਨ।' (ਸੁਖਦੇਵ ਮਾਦਪੁਰੀ, ਲੇਖ— ਵਿਆਹ ਦੇ ਗੀਤ)

ਇਸੇ ਤਰ੍ਹਾਂ ਕੁੜੀ ਦੇ ਵਿਆਹ 'ਤੇ ਸੁਹਾਗ ਗਾਏ ਜਾਂਦੇ ਹਨ। ਸੁਹਾਗ ਦਾ ਸ਼ਾਬਦਿਕ ਅਰਥ ਹੁੰਦਾ ਹੈ-ਸਿਰ ਦਾ ਸਾਈਂ, ਮਾਲਕ, ਪਤੀ, ਕੰਤ। ਕੁੜੀ ਨੂੰ ਇਨ੍ਹਾਂ ਗੀਤਾਂ ਦੇ ਮਾਧਿਅਮ ਰਾਹੀਂ ਬੁੱਢ-ਸੁਹਾਗਣ ਹੋਣ ਦੀ ਅਸੀਸ ਦਿੱਤੀ ਜਾਂਦੀ ਹੈ ਭਾਵ ਇਨ੍ਹਾਂ ਸੁਹਾਗਾਂ ਰਾਹੀਂ ਵਿਆਹ ਵਾਲੀ ਕੁੜੀ ਨੂੰ ਅਸੀਸ ਦਿੱਤੀ ਜਾਂਦੀ ਹੈ ਕਿ ਉਸਦਾ ਆਉਣ ਵਾਲਾ ਵਿਆਹੁਤਾ ਜੀਵਨ ਖ਼ੁਸ਼ੀਆਂ ਭਰਿਆ ਹੋਵੇ; ਉਹ ਆਪਣੇ ਸਹੁਰੇ ਘਰ ਸੁਖੀ ਵਸੇ ਅਤੇ ਖ਼ੁਸ਼ ਰਹੇ।

ਵਿਆਹ ਮੌਕੇ ਮੁੰਡੇ ਦੀਆਂ ਭੈਣਾਂ (ਕੁੜੀਆਂ) ਆਪਣੇ ਭਰਾ ਦੇ ਪ੍ਰਤੀ ਪ੍ਰੇਮ ਅਤੇ ਅਪਣੱਤ ਨੂੰ ਪ੍ਰਗਟਾਉਣ ਲਈ ਘੋੜੀਆਂ ਗਾਉਂਦੀਆਂ ਹਨ। ਇਨ੍ਹਾਂ ਘੋੜੀਆਂ ਵਿਚ ਜਿੱਥੇ ਮੋਹ-ਮੁਹੱਬਤ ਦਾ ਪ੍ਰਗਟਾਵਾ ਹੁੰਦਾ ਹੈ ਉੱਥੇ ਹੀ ਸਖ਼ਤ ਤਾੜਨਾ ਵੀ ਕੀਤੀ ਜਾਂਦੀ ਹੈ ਕਿ ਉਹ (ਵਿਆਹ ਵਾਲਾ ਮੁੰਡਾ) ਵਿਆਹ ਤੋਂ ਬਾਅਦ ਵੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਂਦਾ ਰਹੇਗਾ। ਉਹ ਕਦੇ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬੇਮੁੱਖ ਨਹੀਂ ਹੋਵੇਗਾ। ਵਿਆਹ ਵਾਲੇ ਦਿਨ ਘੋੜੀ ਚੜ੍ਹੇ ਆਪਣੇ ਵੀਰ ਨੂੰ ਸੰਬੋਧਨ ਕਰਦਿਆਂ ਭੈਣਾਂ ਕਹਿੰਦੀਆਂ ਹਨ;

'ਘੋੜੀ ਅਟਕ ਚਲੇ, ਘੋੜੀ ਮਟਕ ਚਲੇ
ਮੇਰੇ ਲਾਡਲੇ ਦੇ ਮਾਮੇ
ਵੇ ਤੂੰ ਨਾ ਡੋਲੀਂ,
ਮਾਂ ਦੇ ਲਾਡਲਿਆ, ਦਮ ਖਰਚਣਗੇ ਤੇਰੇ ਮਾਮੇ
ਸ਼ੋਭਾ ਖੱਟਣਗੇ, ਘੋੜਾ ਬੀੜਣਗੇ, ਵਾਗਾਂ ਮੋੜਨਗੇ
ਡੋਲਾ ਲਈ ਵੇ ਘਰਾਂ ਨੂੰ ਆਏ।'
(ਲੋਕਗੀਤ)

ਵਿਆਹੁਣ ਗਏ ਵੀਰ ਦੀ ਉਡੀਕ ਕਰਦੀਆਂ ਭੈਣਾਂ ਲੋਕ-ਗੀਤਾਂ ਰਾਹੀਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੀਆਂ ਹਨ ਅਤੇ ਚੰਨ ਜਿਹੀ ਸੋਹਣੀ ਭਾਬੀ ਦੀ ਉਡੀਕ ਕਰਦੀਆਂ ਹਨ ਜਿਸ ਦੇ ਆਉਣ ਨਾਲ ਉਨ੍ਹਾਂ ਦੇ ਬਾਬਲ ਦਾ ਵਿਹੜਾ ਖ਼ੁਸ਼ੀਆਂ ਨਾਲ ਭਰ ਜਾਣਾ ਹੁੰਦਾ ਹੈ;

'ਲਾਲ ਵੇ, ਮੈਂ ਖੜੀ ਹਵੇਲੀ ਵੇ
ਲਾਲ ਵੇ, ਤੇਰੇ ਸਾਥੀ ਤੇ ਬੇਲੀ ਵੇ

ਜੇ ਟੁਰ ਚੱਲਿਆ ਉਏ
ਲਾਲ ਵੇ ਮੈਂ ਪਾਈ ਮਧਾਣੀ ਉਏ
ਪੀਣੀ ਸੀ ਲੱਸੀ ਉਏ
ਪੀ ਚੱਲਿਆਂ ਏਂ ਪਾਣੀ ਉਏ।

ਜੇ ਟੁਰ ਚੱਲਿਆ ਉਏ
ਲਾਲ ਵੇ ਮੈਂ ਚੜੀ ਚੁਬਾਰੇ ਵੇ
ਨਰਮੇ ਦਾ ਲੀੜਾ ਉਏ, ਸੋਹਣਿਆ
ਘੁੰਡ ਲੈਂਦਾ ਹੁਲਾਰੇ ਉਏ

ਜੇ ਟੁਰ ਚੱਲਿਆਂ ਵੇ
ਲਾਲ ਵੇ ਮੈਂ ਚੜੀ ਚੁਬਾਰੇ ਵੇ
ਮੁੜ ਕੇ ਨਾ ਵੇਖੀਂ
ਸੋਹਣਿਆ ਗੁਠ ਲਿੰਬਣੀ ਬਨ੍ਹੇਰੇ ਉਏ
ਲਾਲ ਗੁਠ ਲਿਬਣੀ ਬਨ੍ਹੇਰੇ ਉਏ।'
(ਲੋਕਗੀਤ)

ਦੂਜੇ ਪਾਸੇ, ਸੁਹਾਗ ਗਾਉਂਦਿਆਂ ਕੁੜੀਆਂ ਆਪਣੇ ਬਾਬਲ ਦੇ ਵਿਹੜੇ ਨੂੰ ਛੱਡ ਜਾਣ ਦੇ ਦੁੱਖ ਨੂੰ ਬਿਆਨ ਕਰਦੀਆਂ ਹਨ। ਜਿਸ ਘਰ ਵਿਚ ਜੰਮੀਆਂ ਅਤੇ ਜੁਆਨ ਹੋਈਆਂ ਹੁਣ ਉਹ ਬਾਬਲ ਦਾ ਵਿਹੜਾ ਛੱਡ ਕੇ ਸਹੁਰੇ ਘਰ ਜਾਣ ਦਾ ਗ਼ਮ ਸੁਹਾਗ ਦਾ ਮੁੱਖ ਵਿਸ਼ਾ ਹੁੰਦਾ ਹੈ;

'ਹਰੀਏ ਨੀ ਰਸ ਭਰੀਏ ਖਜੂਰੇ, ਕਿਨ ਦਿੱਤਾ ਐਡੀ ਦੂਰੇ।
ਬਾਬਲ ਮੇਰਾ ਦੇਸਾਂ ਦਾ ਰਾਜਾ, ਓਸ ਦਿੱਤਾ ਐਡੀ ਦੂਰੇ।
ਮਾਤਾ ਮੇਰੀ ਮਹਿਲਾਂ ਦੀ ਰਾਣੀ, ਦਾਜ ਦਿੱਤਾ ਗੱਡ ਪੂਰੇ।'

ਜਿਸ ਵੇਲੇ ਵਿਆਹ ਦੀ ਤਾਰੀਕ ਮਿੱਥ (ਤੈਅ) ਕਰ ਲਈ ਜਾਂਦੀ ਹੈ ਤਾਂ ਧੀ ਦੇ ਕਾਲਜੇ 'ਚ ਧੂਹ ਪੈਂਦੀ ਹੈ ਅਤੇ ਉਹ ਆਪਣੇ ਬਾਬਲ ਨੂੰ ਸੰਬੋਧਨ ਹੁੰਦਿਆਂ ਆਖਦੀ ਹੈ;

'ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਵੇ ਜਾਣਾ।
ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਵੇ ਜਾਣਾ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ
ਬਾਬਲ ਡੋਲਾ ਨਹੀਂ ਲੰਘਦਾ।
ਇੱਕ ਇੱਟ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ।' (ਸੁਹਾਗ)

ਸੁਹਾਗ ਅਤੇ ਘੋੜੀਆਂ ਵਿਆਹ ਤੋਂ ਇੱਕੀ ਦਿਨ ਪਹਿਲਾਂ, ਗਿਆਰਾਂ ਦਿਨ ਜਾਂ ਫਿਰ ਸੱਤ ਦਿਨ ਪਹਿਲਾਂ ਕੁੜੀਆਂ ਅਤੇ ਔਰਤਾਂ ਰਲ ਕੇ ਗਾਉਂਦੀਆਂ ਹਨ। ਇਨ੍ਹਾਂ ਲੋਕ-ਗੀਤਾਂ ਵਿਚ ਲੰਮੀ ਹੇਕ ਅਤੇ ਸ਼ਬਦਾਂ ਦਾ ਦੁਹਰਾਉ ਹੁੰਦਾ ਹੈ। ਕਈ ਵਾਰ ਕੁਝ ਸ਼ਬਦ ਉਚਾਰਨ ਪੱਖੋਂ ਬਦਲ ਵੀ ਜਾਂਦੇ ਹਨ। ਜਿਵੇਂ-ਨਿਵਿਆਂ ਤੋਂ ਨਿਮਿਆਂ, ਸਾਡੜੇ (ਸਾਡੇ) ਹੁੰਦੜੀ (ਹੁੰਦੀ) ਆਦਿਕ ਸ਼ਬਦ ਵੀ ਵਰਤ ਲਏ ਜਾਂਦੇ ਹਨ। ਅਸਲ ਵਿਚ ਇਹ ਲੋਕ-ਗੀਤ (ਘੋੜੀਆਂ ਅਤੇ ਸੁਹਾਗ) ਬਣਤਰ ਅਤੇ ਉਚਾਰਨ ਦੇ ਪੱਖ ਤੋਂ ਸਰਲ ਅਤੇ ਸਹਿਜ ਹੁੰਦੇ ਹਨ ਅਤੇ ਸਹਿਜੇ ਹੀ ਜ਼ੁਬਾਨ 'ਤੇ ਚੜ੍ਹ ਜਾਂਦੇ ਹਨ।

ਇਸ ਤਰ੍ਹਾਂ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਲੋਕ-ਗੀਤ ਸਾਡੀ ਸਭਿਆਚਾਰਕ ਪਰੰਪਰਾ ਦੀ ਸਹੀ ਅਰਥਾਂ ਵਿਚ ਤਰਜਮਾਨੀ ਕਰਦੇ ਹਨ। ਇਨ੍ਹਾਂ ਵਿਚ ਸਾਡੇ ਮਨੋਭਾਵਾਂ ਦੀ ਸਹੀ ਅਤੇ ਦਰੁਸਤ ਬਿਆਨੀ ਹੁੰਦੀ ਰਹੀ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਆਖ਼ਰੀ ਸਾਹ ਤੱਕ ਲੋਕ-ਗੀਤ ਨਾਲ-ਨਾਲ ਤੁਰਦੇ ਹਨ। ਜਿੰਨਾ ਚਿਰ ਲੋਕ-ਗੀਤ ਸਾਡੇ ਸਮਾਜ ਵਿਚ ਜਿਉਂਦੇ ਹਨ ਓਨਾ ਚਿਰ ਸੱਭਿਆਚਾਰ ਅਤੇ ਸੰਸਕ੍ਰਿਤੀ ਜਿਉਂਦੀ ਹੈ, ਲੋਕ-ਗੀਤਾਂ ਬਿਨਾਂ ਨਰੋਏ ਸਮਾਜ ਦੀ ਕਲਪਨਾ ਨਿਰੀ ਮੂਰਖ਼ਤਾ ਹੋਵੇਗੀ।

## ਪੁਰਾਣਾ ਸ਼ਹਿਦ

**ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ**

# ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ

ਚਾਰ ਕੁ ਸਾਲ ਪਹਿਲਾਂ ਜਦ ਪਿੰਡਾਂ ਵੱਲ ਫੇਰਾ ਲੱਗਾ ਤਾਂ ਆਪਣੇ ਦੋਸਤ ਅਮਰ ਸਿੰਘ ਮਾੜੀ-ਮੇਘਾ ਦੀ ਪਤਨੀ ਦੇ ਚਲਾਣੇ ਦਾ ਅਫ਼ਸੋਸ ਕਰਨ ਤੋਂ ਬਾਅਦ ਜਦ ਅਗਲੀ ਸਵੇਰ ਵਾਪਸ ਆ ਰਹੇ ਸਾਂ ਤਾਂ ਭਿੱਖੀਵਿੰਡ-ਖਾਲੜਾ ਰੋਡ 'ਤੇ ਚੜ੍ਹਦਿਆਂ ਹੀ ਮੈਂ ਘਰਵਾਲੀ ਨੂੰ ਕਿਹਾ, 'ਆਪਾਂ ਸੂਏ-ਸੂਏ ਪੈ ਕੇ ਪੂਹਲਿਆਂ ਰਾਹੀਂ ਪਿੰਡ ਵੱਲ ਨਿਕਲ ਜਾਵਾਂਗੇ।'

ਪੂਹਲਿਆਂ ਨੂੰ ਜਾਣ ਬਾਰੇ ਮੈਂ ਜਲੰਧਰੋਂ ਹੀ ਸੋਚ ਕੇ ਤੁਰਿਆ ਸਾਂ, ਪਰ ਰਜਵੰਤ ਨਾਲ ਗੱਲ ਨਹੀਂ ਸੀ ਕੀਤੀ।

ਪੂਹਲਾ ਭਾਈ ਤਾਰੂ ਸਿੰਘ ਮੇਰਾ ਗਵਾਂਢੀ ਪਿੰਡ ਹੈ। ਦੋਵਾਂ ਪਿੰਡਾਂ ਦੀ ਜ਼ਮੀਨ ਨਾਲ ਜ਼ਮੀਨ ਲੱਗਦੀ ਹੈ। ਇਸ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਮੈਂ ਐਨ 19 ਸਾਲ ਦੀ ਉਮਰੇ, (10-09-1964) ਆਪਣੇ ਜਨਮ-ਦਿਹਾੜੇ ਅਧਿਆਪਨ ਦੀ ਸੇਵਾ ਸੰਭਾਲੀ ਸੀ। ਮਹੀਨੇ ਦੇ ਅਖ਼ੀਰ 'ਤੇ ਇੱਕ ਰੁਪੈ ਦਾ ਨੋਟ ਕੋਲੋਂ ਦੇ ਕੇ ਸੌ ਦਾ ਨੋਟ ਤਨਖ਼ਾਹ ਵਜੋਂ ਹਾਸਲ ਕੀਤਾ ਸੀ।

ਇਸ ਪਿੰਡ ਅਤੇ ਸਕੂਲ ਨਾਲ ਮੇਰੇ ਜੀਵਨ ਦੀਆਂ ਅਨੇਕਾਂ ਸੁਨਹਿਰੀ ਯਾਦਾਂ ਜੁੜੀਆਂ ਹੋਈਆਂ ਨੇ। ਏਥੇ ਪੜ੍ਹਾਉਂਦਿਆਂ ਹੀ ਮੇਰਾ ਲਿਖਣ-ਕਾਰਜ ਅੱਗੇ ਤੁਰਿਆ। ਪ੍ਰਾਈਵੇਟ ਪੜ੍ਹ ਕੇ ਅੱਗੇ ਵਧਣ ਦਾ ਮੌਕਾ ਵੀ ਏਸੇ ਸਕੂਲ ਵਿਚ ਬਣਿਆ। ਏਥੋਂ ਹੀ ਮੈਂ ਬਿਨ-ਤਨਖ਼ਾਹੋਂ ਛੁੱਟੀ ਲੈ ਕੇ ਖ਼ਾਲਸਾ ਕਾਲਜ ਦੇ ਟਰੇਨਿੰਗ ਕਾਲਜ ਵਿਚ ਬੀ ਐੱਡ ਕਰਨ ਲਈ ਦਾਖ਼ਲ ਹੋਇਆ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਤੇ ਬੀ ਐੱਡ ਕਰਨ ਦੇ ਨਾਲ-ਨਾਲ ਮੋਗਾ-ਐਜੀਟੇਸ਼ਨ ਵਿਚ ਗ੍ਰਿਫ਼ਤਾਰ ਹੋ ਕੇ ਨਵਾਂ ਅਨੁਭਵ ਲੈ ਕੇ ਪਰਤਿਆ। ਏਥੋਂ ਹੀ ਮੈਂ ਪੰਜਾਬ ਯੂਨੀਵਰਸਿਟੀ ਵਿਚ ਐਮ ਫ਼ਿਲ ਕਰ ਕੇ ਪੰਜਾਬ ਦੇ ਸਕੂਲਾਂ ਵਿਚੋਂ ਪਹਿਲਾ ਐਮ ਫ਼ਿਲ ਕਰਨ ਵਾਲਾ 'ਵਿਦਿਆਰਥੀ' ਬਣਿਆ। ਕਿਉਂਕਿ, ਸਾਡੇ ਸੈਸ਼ਨ ਨਾਲ ਹੀ ਪੰਜਾਬ ਵਿਚ ਐਮ ਫ਼ਿਲ ਦੀ ਸ਼ੁਰੂਆਤ ਹੋਈ ਸੀ।

ਇਸ ਸਕੂਲ ਵਿਚ ਹੀ ਮੇਜ਼ 'ਤੇ ਟਰਾਂਜ਼ਿਸਟਰ ਰੱਖ ਕੇ ਟੋਕੀਓ ਓਲੰਪਿਕ ਵਿਚ ਹੋਏ ਭਾਰਤ-ਪਾਕਿ ਫ਼ਾਈਨਲ ਹਾਕੀ ਮੈਚ ਦੀ ਕੁਮੈਂਟਰੀ ਸੁਣੀ। ਜਸਦੇਵ ਸਿੰਘ ਦੇ ਬੋਲਣ ਦੇ ਅੰਦਾਜ਼ ਨੇ ਅੱਖਾਂ ਅੱਗੇ ਮੈਚ ਹੁੰਦਾ ਵਿਖਾ ਦਿੱਤਾ।

ਏਥੇ ਹੀ ਸਾਂ ਜਦੋਂ 5 ਸਤੰਬਰ 1965 ਵਾਲੇ ਦਿਨ ਅਧਿਆਪਕ ਯੂਨੀਅਨ ਦੇ ਵੱਡੇ ਇਕੱਠ ਵਿਚ, 20 ਸਾਲ ਦੀ ਉਮਰੇ, ਮੈਂ ਅਧਿਆਪਕ ਅਤੇ ਅਧਿਆਪਨ ਦੇ ਮਹੱਤਵ ਬਾਰੇ ਯਾਦਗਾਰੀ ਭਾਸ਼ਨ ਦੇ ਕੇ ਪੂਰੇ ਭਿੱਖੀਵਿੰਡ ਬਲਾਕ ਵਿਚ ਆਪਣੀ 'ਸਿਆਣਪ' ਦੀ ਪੈਂਠ ਬਣਾ ਲਈ। ਅਧਿਆਪਕਾਂ ਦੇ ਮਨਾਂ ਵਿਚ ਇਸ ਸਿਆਣਪ ਦਾ ਰੰਗ ਹੋਰ ਵੀ ਗੂੜ੍ਹਾ ਹੋ ਗਿਆ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਓਸੇ ਦਿਨ 'ਅਜੀਤ' ਦੇ ਐਡੀਟੋਰੀਅਲ ਸਫ਼ੇ 'ਤੇ ਏਸੇ ਵਿਸ਼ੇ 'ਤੇ ਲੇਖ ਲਿਖਣ ਵਾਲਾ ਵੀ ਮੈਂ ਹੀ ਹਾਂ। ਇਸ ਸਮਾਗਮ ਤੋਂ ਅਗਲੇ ਦਿਨ ਹੀ ਭਾਰਤ-ਪਾਕਿ ਜੰਗ ਲੱਗ ਗਈ ਤੇ ਭਾਰਤ ਦੀਆਂ ਫੌਜਾਂ ਸਰਹੱਦ ਪਾਰ ਕਰ ਕੇ ਈਚੋਗਿੱਲ ਨਹਿਰ ਤੱਕ ਪਹੁੰਚ ਗਈਆਂ। ਸਾਡੇ ਸਕੂਲ ਦੇ ਮੈਦਾਨ ਵਿਚ ਫੌਜ ਨੇ ਮੋਰਚੇ ਪੁੱਟ ਕੇ ਤੰਬੂਆਂ ਵਿਚ ਡੇਰਾ ਲਾ ਲਿਆ ਸੀ। ਆਪਣੇ ਬਾਲ-ਬੱਚਿਆਂ ਤੋਂ ਵਿਛੜੇ ਫੌਜੀ ਬੱਚੇ-ਬੱਚੀਆਂ ਨੂੰ ਪਿਆਰ ਕਰਦੇ। ਛੋਟੂ ਰਾਮ ਬੱਚਿਆਂ ਨੂੰ ਗਾ ਕੇ ਦੇਸ਼ ਭਗਤੀ ਦੇ ਗੀਤ ਸੁਣਾਉਂਦਾ, 'ਜੋਤ ਸੇ ਜੋਤ ਜਗਾਤੇ ਚਲੋ, ਪ੍ਰੇਮ ਕੀ ਗੰਗਾ ਬਹਾਤੇ ਚਲੋ!' ਦੂਜਾ ਫੌਜੀ ਤੋਮਰ ਉਹਨੂੰ ਕਮਲ਼ਾ ਤੇ ਸਿੱਧੜ ਆਖਦਾ ਤੇ ਉਹਦੀ ਦੇਸ਼-ਭਗਤੀ ਦਾ ਮਜ਼ਾਕ ਉਡਾਉਂਦਾ, 'ਕੌਨ ਸਾ ਦੇਸ਼, ਔਰ ਕੌਨ ਸਾ ਦੇਸ਼ ਪ੍ਰੇਮ, ਗੁਰੂ ਜੀ। ਸਭ ਕੁਰਸੀ ਵਾਲੋਂ ਕੇ ਮਸਲੇ ਹੈਂ। ਹਮ ਤੋ ਖਾਜਾ ਹੈਂ ਉਨ ਕਾ!'

ਏਥੇ ਹੀ ਸਾਂ ਜਦੋਂ ਭਿੱਖਿਵਿੰਡ ਵਿਚ ਬਣਿਆ ਪੈਟਨ ਟੈਂਕਾਂ ਦਾ ਕਬਰਿਸਤਾਨ ਵੇਖਣ ਪ੍ਰਧਾਨ-ਮੰਤ੍ਰੀ, ਰਾਸ਼ਟਰਪਤੀ ਤੇ ਹੋਰ ਲੀਡਰ ਆਉਂਦੇ ਰਹੇ ਤੇ ਤਾਸ਼ਕੰਦ ਸਮਝੌਤੇ ਲਈ ਗਏ ਲਾਲ ਬਹਾਦਰ ਸ਼ਾਸ਼ਤਰੀ ਦੀ ਰਹੱਸਮਈ ਮੌਤ ਦੀ ਦੁਖਦਾਈ ਖ਼ਬਰ ਸੁਣੀ।

ਏਥੇ ਹੀ ਸਾਂ ਜਦੋਂ ਮੈਂ ਹਰਭਜਨ ਹਲਵਾਰਵੀ ਤੇ ਅਮਰਜੀਤ ਚੰਦਨ ਦੇ ਮਿਲਾਪ ਤੋਂ ਬਾਅਦ ਨਕਸਲੀ ਲਹਿਰ ਨਾਲ ਜੁੜਿਆ।

ਏਸੇ ਸਕੂਲ ਵਿਚ ਮੇਰੇ ਨਾਲ ਹਰਭਜਨ ਹਲਵਾਰਵੀ ਅਤੇ ਅਜਮੇਰ ਸਿੰਘ (ਗੋਬਿੰਦਰ ਸਿੰਘ), ਸਰਵਣ ਸੈਣੀ ਤੇ ਹੋਰ ਨਕਸਲੀ ਆਗੂ ਜਾਂਦੇ ਰਹੇ। ਇਹ ਤਾਂ ਕਈ-ਕਈ ਦਿਨ ਮੇਰੇ ਪਿੰਡ ਵੀ ਮੇਰੇ ਕੋਲ ਠਹਿਰਦੇ ਰਹੇ। ਅਸੀਂ ਸਕੂਲ ਵਿਚ ਜ਼ਿਦ-ਜ਼ਿਦ ਗੋਲਾ ਸੁੱਟਦੇ ਰਹੇ। ਹਲਵਾਰਵੀ ਤੋਂ ਤਾਂ ਗੱਲ ਨਾ ਬਣਦੀ ਪਰ ਮੈਂ ਤੇ ਅਜਮੇਰ ਅਕਸਰ ਬਰਾਬਰ ਤੁੱਲ ਜਾਂਦੇ। ਛੁੱਟੀ ਤੋਂ ਬਆਦ ਕਦੀ-ਕਦੀ ਘੁਲਣ ਵੀ ਲੱਗਦੇ। ਨੇੜੇ ਹੀ ਸਾਡੇ ਨਕਸਲੀ ਸਹਿਯੋਗੀ ਤੇ ਮੇਰੇ ਅਜ਼ੀਜ ਰਘਬੀਰ ਕੀ ਬੰਬੀ ਸੀ। ਓਥੇ ਨਹਾਉਂਦੇ। ਏਸੇ ਬੰਬੀ ਦੇ ਕੋਠੇ ਵਿਚ ਕਈ ਵਾਰ ਰਾਤ ਨੂੰ ਪਾਰਟੀ 'ਸਕੂਲਿੰਗ' ਵੀ ਹੁੰਦੀ ਰਹੀ। ਏਥੇ ਹੀ ਇੱਕ ਵਾਰ ਪਾਰਟੀ ਦੇ ਸੂਬਾ ਸਕੱਤਰ ਬਲਦੇਵ ਸਿੰਘ ਉੱਚਾ ਪਿੰਡ ਨੇ 'ਸਕੂਲ' ਲਾਇਆ।

ਇਸ ਸਕੂਲ ਵਿਚ ਹੀ ਸਵੇਰ ਦੀ ਬਾਲ-ਸਭਾ ਵਿਚ ਉਦਾਸੀ, ਪਾਸ਼, ਮੋਹਣ ਸਿੰਘ ਤੇ ਹੋਰ ਨਾਮਵਰ ਕਵੀਆਂ ਦੇ ਗੀਤ ਤੇ ਕਲਾਮ ਬੱਚੇ ਗਾ ਕੇ ਸੁਣਾਉਂਦੇ। ਮੈਂ ਕਈ ਵਿਦਿਆਰਥੀਆਂ ਦੇ ਨਾਂ ਉਨ੍ਹਾਂ ਦੀ ਸ਼ਕਲ ਮੁਤਾਬਕ 'ਨਿਕਸਨ', 'ਮਾਉ' ਤੇ 'ਬ੍ਰਿਜ਼ਨੇਵ' ਵਗੈਰਾ ਰੱਖੇ। ਉਨ੍ਹਾਂ ਦੇ ਘੋਲ ਕਰਵਾਉਂਦਾ ਤੇ ਵੇਖਦਾ ਕਿ ਕਿਹੜਾ 'ਭਲਵਾਨ' ਜਿੱਤਦਾ ਹੈ! ਏਥੇ ਹੀ ਇੱਕ ਦਿਨ ਪਹਿਲੀ ਦੇ ਬੱਚਿਆਂ ਦਾ ਘੋਲ ਸੀ। ਸੁਖਬੀਰ ਭੈਣ ਜੀ ਨੇ ਗੋਲ-ਮਟੋਲ ਦੀਨੇ ਨੂੰ ਮੇਰੇ 'ਭਲਵਾਨ' ਨਾਲ ਘੁਲਣ ਲਈ ਘੱਲਿਆ। ਮੇਰੇ ਭਲਵਾਨ ਨੇ ਪੱਟ 'ਤੇ ਥਾਪੀ ਮਾਰ ਕੇ, 'ਯਾ ਮੇਰੇ ਮੌਲਾ!' ਕਿਹਾ ਤੇ ਫੇਰ ਦੀਨੇ ਨੂੰ ਲਲਕਾਰਿਆ, 'ਆ ਜਾ ਅੱਗੇ! ਮੈਂ ਸਾਨ੍ਹ ਜੱਟ ਉਏ!' ਦੀਨੇ ਵੀ ਪੱਟ 'ਤੇ ਥਾਪੀ ਮਾਰੀ ਤੇ ਓਸੇ ਦੀ ਨਕਲ ਕਰਦਿਆਂ ਲਲਕਾਰਿਆ, 'ਮੈਂ ਵੀ ਛਾਨ੍ਹ ਜੱਤ ਉਏ!' ਪਰ ਏਸੇ ਵੇਲੇ ਉਹਨੂੰ 'ਗਲਤੀ' ਦਾ ਅਹਿਸਾਸ ਹੋਇਆ। ਢੈਲਾ ਜਿਹਾ ਪੈ ਕੇ ਕਹਿੰਦਾ, 'ਪੜ ਮੈਂ ਤੇ ਖੱਤੜੀ ਆਂ!' ਦੀਨੇ ਦੀ ਏਸੇ ਗੱਲ ਨੂੰ ਮੈਂ ਥੋੜੇ ਵੱਖਰੇ ਪ੍ਰਸੰਗ ਵਿਚ ਕਹਾਣੀ 'ਮੈਂ ਰੋ ਨਾ ਲਵਾਂ ਇੱਕ ਵਾਰ!' ਵਿਚ ਵਰਤਿਆ ਜਦੋਂ ਕਹਾਣੀ ਦਾ ਪਾਤਰ ਨਿੰਦਰ ਪੱਟ 'ਤੇ ਥਾਪੀ ਮਾਰ ਕੇ ਪਹਿਲਾਂ ਕਹਿੰਦਾ ਹੈ, 'ਮੈਂ ਸਾਨ੍ਹ ਜੱਟ ਉਏ!' ਪਰ ਤੁਰਤ ਭੁੱਲ ਨੂੰ ਸੋਧ ਕੇ ਕਹਿੰਦਾ ਹੈ, 'ਪਰ ਮੈਂ ਤਾਂ ਮਜਬ੍ਹੀ ਆਂ!'

ਏਸੇ ਪਿੰਡ ਨੇ ਮੈਨੂੰ, 'ਸੁਨਹਿਰੀ ਕਿਣਕਾ' ਵਰਗੀ ਕਹਾਣੀ ਦਿੱਤੀ। 'ਉੱਚੀ ਧੌਣ' ਅਤੇ 'ਲੋਹੇ ਦੇ ਹੱਥ' ਦੀਆਂ ਕਹਾਣੀਆਂ ਵੀ ਏਸੇ ਦੌਰ ਵਿਚ ਲਿਖੀਆਂ ਗਈਆਂ। ਏਥੇ ਹੀ ਮੁਖ਼ਤਾਰ ਗਿੱਲ, ਗੁਰਸ਼ਰਨ ਭਾਅ ਜੀ ਵੱਲੋਂ ਛਾਪੇ ਮੇਰੇ ਪਹਿਲੇ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ' ਦੀਆਂ ਸੌ ਕਾਪੀਆਂ ਰਾਇਲਟੀ ਵਜੋਂ ਦੇਣ ਆਇਆ ਸੀ। ਇਸ ਸ਼ੁਰੂਆਤ ਤੋਂ ਬਾਅਦ 'ਲੋਹੇ ਦੇ ਹੱਥ' ਵਾਂਙ ਹੀ ਮੇਰੀਆਂ ਸਾਰੀਆਂ ਕਿਤਾਬਾਂ ਬਿਨਾਂ ਪੈਸੇ ਦਿੱਤਿਆਂ ਛਪਦੀਆਂ ਰਹੀਆਂ ਤੇ ਰਾਇਲਟੀ ਵੀ ਲਗਾਤਾਰ ਮਿਲਦੀ ਰਹੀ। ਏਥੇ ਹੀ ਸਾਂ ਜਦੋਂ 1966-67 ਵਿਚ ਮੇਰੀ ਅਗਵਾਈ ਵਿਚ 'ਸਾਹਿਤ ਕੇਂਦਰ ਭਿੱਖੀਵਿੰਡ' ਨਾਂ ਦੀ ਸਾਹਿਤ-ਸਭਾ ਬਣਾਈ ਗਈ। ਕਈ ਦੋਸਤਾਂ ਨੂੰ ਲਿਖਣ ਲਾਇਆ। ਏਥੇ ਹੀ ਦੇਵਿੰਦਰ ਸਤਿਆਰਥੀ, ਕੁਲਬੀਰ ਸਿੰਘ ਕਾਂਗ, ਜੋਗਿੰਦਰ ਕੈਰੋਂ, ਨਿਰਮਲ ਅਰਪਨ ਵਰਗੇ ਲੇਖਕ ਸਾਡੀ ਸਭਾ ਵਿਚ ਹਾਜ਼ਰੀ ਭਰਦੇ ਰਹੇ। ਸਾਡੀਆਂ ਮਹੀਨਾਂ-ਵਾਰ ਮੀਟਿੰਗਾਂ ਦੀਆਂ ਚਿੱਠੀਆਂ ਬਾਅਦ ਵਿਚ ਬਣੇ ਵੱਡੇ ਆਲੋਚਕ ਤੇ ਪ੍ਰੋਫ਼ੈਸਰ ਸੁਖਦੇਵ ਖਾਹਰਾ ਤੇ ਬਲਦੇਵ ਗਿੱਲ ਵਰਗੇ ਭਿੱਖੀਵਿੰਡ ਸਕੂਲ ਵਿਚ ਪੜ੍ਹਨ ਵਾਲੇ ਵਿਦਿਆਰਥੀ ਲਿਖਦੇ। ਏਸੇ ਸਭਾ ਵੱਲੋਂ ਅਸੀਂ 'ਜੁਝਾਰ' ਨਾਂ ਦਾ ਨਿੱਕਾ ਮੈਗਜ਼ੀਨ ਕੱਢ ਕੇ 1971 ਵਿਚ ਅੰਬਰਸਰ ਹੋਈ 'ਪ੍ਰੀਤ-ਮਿਲਣੀ' 'ਤੇ ਤਕਸੀਮ ਕੀਤਾ ਜਿਸ ਦੇ ਪਹਿਲੇ ਸਫ਼ੇ 'ਤੇ ਮੇਰੀ ਨਜ਼ਮ ਛਪੀ ਸੀ, ਜਿਸਦੀਆਂ ਪਹਿਲੀਆਂ ਸਤਰਾਂ ਸਨ:

ਦੀਵਾਰ 'ਤੇ ਲਟਕਿਆ ਲੈਨਿਨ ਬੁੱਢਾ ਹੋ ਰਿਹਾ ਹੈ
ਸੀਸ ਲਈ ਮੰਗ ਕਰਦੀ ਗੋਬਿੰਦ ਦੀ ਤਣੀ ਉਂਗਲ ਥੱਕ ਚੱਲੀ ਹੈ
ਤੁਸੀਂ ਰੰਗਲੇ ਬੰਗਲਿਆਂ ਵਿਚ ਬਹਿ ਕੇ ਪ੍ਰੀਤਾਂ ਦਾ ਮਿਲਣ ਚਾਹੁੰਦੇ ਹੋ।
ਤੁਸੀਂ ਕਿਹੜੇ ਝਨਾਵਾਂ ਨੂੰ ਪਾਰ ਕੀਤਾ ਹੈ!

ਏਸੇ ਪਰਚੇ ਵਿਚ ਲੋਕ ਨਾਥ ਦੀ , 'ਜੰਗਲ 'ਚੋਂ ਚਲਾ ਦਿਆਂਗੇ ਐਟਮ ਬੰਬ!' ਨਜ਼ਮ ਛਪੀ ਸੀ।

ਇਹ ਮੈਗਜ਼ੀਨ ਸੀ ਆਈ ਡੀ ਦੇ ਹੱਥ ਆ ਗਿਆ ਤੇ ਮੇਰਾ ਨਾਂ ਖ਼ਤਰਨਾਕ 'ਨਕਸਲੀਆਂ' ਵਿਚ ਸ਼ਾਮਲ ਕਰ ਲਿਆ ਗਿਆ, ਜਿਸਦੀ ਬਦੌਲਤ ਕਈ ਵਾਰ ਜੇਲ੍ਹ ਯਾਤਰਾ ਕਰਨੀ ਪਈ। ਐਮਰਜੈਂਸੀ ਵਿਚ ਡੀ ਆਈ ਆਰ ਅਧੀਨ ਗ੍ਰਿਫ਼ਤਾਰੀ ਤੇ ਇੰਟੈਰੋਗੇਸ਼ਨ ਦਾ ਸਵਾਦ ਵੀ ਚੱਖਿਆ। ਏਥੇ ਹੀ ਮੈਂ ਹੋਰਨਾਂ ਸਕੂਲਾਂ ਦੇ ਯਾਰ ਅਧਿਆਪਕਾਂ ਦੇ ਸਾਥ-ਸਹਿਯੋਗ ਨਾਲ ਹਰੇਕ ਸਾਲ ਗੁਰੂ ਨਾਨਕ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਅਤੇ ਭਗਤ ਸਿੰਘ ਦੇ ਜਨਮ ਦਿਹਾੜੇ ਮਨਾਉਣ ਲਈ ਸਮਾਗਮ ਕਰਦਾ। ਆਪ ਵੀ ਭਾਸ਼ਨ ਕਰਨ ਦਾ 'ਝੱਸ' ਪੂਰਾ ਕਰਦਾ ਤੇ ਹੋਰਨਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਬੋਲਣ ਦਾ ਮੌਕਾ ਦਿੰਦਾ। ਸਪੀਕਰ ਰਾਹੀਂ ਸਾਰੇ ਪਿੰਡ ਵਿਚ ਆਵਾਜ਼ ਸੁਣਦੀ। ਲੋਕ ਮੇਰੀ 'ਸਿਆਣਪ' ਨੂੰ ਸਲਾਹੁੰਦੇ। ਏਸੇ ਦਿਨ ਸਕੂਲਾਂ ਦੇ ਵਿਦਿਆਰਥੀਆਂ ਦੇ ਖੇਡ-ਮੁਕਾਬਲੇ ਵੀ ਕਰਵਾਉਂਦਾ। ਪਿੰਡ ਦੇ ਲੋਕ ਹੁੰਮ-ਹੁੰਮਾ ਕੇ ਸ਼ਮੂਲੀਅਤ ਕਰਦੇ। ਪੂਰਾ ਮੇਲਾ ਬਣ ਜਾਂਦਾ।

ਮੇਰੀ ਪਿੰਡ ਅਤੇ ਇਲਾਕੇ ਵਿਚ ਬੜੀ ਭੱਲ ਬਣੀ ਹੋਈ ਸੀ। ਭਾਈ ਤਾਰੂ ਸਿੰਘ ਦੀ ਯਾਦ ਵਿਚ ਮਨਾਏ ਜਾਂਦੇ ਸਾਲਾਨਾ ਜੋੜ-ਮੇਲੇ ਦੀ ਸਟੇਜ ਦਾ ਪ੍ਰਬੰਧ ਵੀ ਮੇਰੇ ਕੋਲ ਹੁੰਦਾ। ਆਪਣੀ ਸਟੇਜ ਸਕੱਤਰੀ ਵਿਚ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਫ਼ਤਿਹ ਸਿੰਘ ਤੋਂ ਇਲਾਵਾ ਜੀਵਨ ਸਿੰਘ ਉਮਰਾ ਨੰਗਲ, ਜਗਮੀਤ ਬਰਾੜ ਦੇ ਪਿਤਾ ਗੁਰਮੀਤ ਸਿੰਘ, ਮੇਜਰ ਸਿੰਘ ਉੱਬੋਕੇ ਵਰਗੇ ਅਕਾਲੀ ਆਗੂਆਂ ਨੂੰ ਸਟੇਜ 'ਤੇ ਪੇਸ਼ ਕਰਦਾ ਰਿਹਾ। ਆਸਟ੍ਰੇਲੀਆ ਵਾਲਾ ਮੇਰਾ ਯਾਰ ਗਿਆਨੀ ਸੰਤੋਖ ਸਿੰਘ ਵੀ ਮੇਰੇ ਨਾਲ ਇੱਕ ਮੇਲੇ ਵਿਚ ਸ਼ਾਮਲ ਹੋਇਆ, ਯਾਦ ਹੈ। ਪਿੰਡ ਦੇ ਲੋਕਾਂ ਅਤੇ ਪੜ੍ਹਾਕੂਆਂ ਦਾ ਅਥਾਹ ਪਿਆਰ/ਸਤਿਕਾਰ ਮਿਲਦਾ ਰਿਹਾ। ਇਹ ਸਾਰੀਆਂ ਯਾਦਾਂ ਮੇਰੇ ਮਨ ਅੰਦਰ ਖ਼ੌਰੂ ਪਾ ਰਹੀਆਂ ਸਨ।

ਕਿੰਨੀਆਂ ਗੱਲਾਂ ਨੇ ਦੱਸਣ ਵਾਲੀਆਂ। ਨਹੀਂ ਦੱਸੀਆਂ ਜਾਣੀਆਂ। ਪੂਹਲਿਆਂ ਦਾ ਸਕੂਲ ਵੇਖ ਕੇ ਅੱਗੇ ਚਲੇ ਜਾਣ ਦੀ ਕਾਹਲੀ ਵਾਂਙ ਗੱਲ ਮੁਕਾਉਣ ਦੀ ਵੀ ਕਾਹਲੀ ਹੈ।

ਪਤਨੀ ਨੂੰ ਕਿਹਾ, 'ਆਪਾਂ ਸਕੂਲ ਅੱਗੇ ਖਲੋ ਕੇ ਝਾਤੀ ਮਾਰਨੀ ਹੈ। ਯਾਦ ਤਾਜ਼ਾ ਕਰਨ ਲਈ ਇਕ ਤਸਵੀਰ ਖਿੱਚਾਂਗੇ। ਤੇ ਅੱਗੇ ਚਲੇ ਜਾਵਾਂਗੇ।'

ਉਹਨੂੰ ਵੀ ਏਸੇ ਸਕੂਲ ਵਿਚ ਪੜ੍ਹਾਉਣ ਸਮੇਂ ਵਿਆਹ ਕੇ ਲਿਆਇਆ ਸਾਂ। ਉਹ ਵੀ ਉਨ੍ਹਾਂ ਸਮਿਆਂ ਵਿਚ ਪਿੰਡ ਦੀਆਂ ਔਰਤਾਂ ਦੀ ਮੰਗ 'ਤੇ (ਆਪਣੇ ਵਰਿਆਮ ਸੁੰਹ' ਦੀ ਵਹੁਟੀ ਨੂੰ ਵੇਖ ਸਕਣ ਦੀ ਰੀਝ ਪੂਰੀ ਕਰਨ ਲਈ) ਇਸ ਪਿੰਡ ਆਈ ਸੀ ਤੇ ਪਿੰਡ ਵਿਚਲੇ ਨੇੜਲੇ ਪਰਿਵਾਰਾਂ ਨੇ ਉਹਦਾ ਬੜਾ ਹੁੱਬ ਕੇ ਮਾਣ ਕੀਤਾ ਸੀ। ਉਹ ਮੇਰੀ ਭਾਵਕੁਤਾ ਸਮਝ ਕੇ ਮੰਨ ਤਾਂ ਗਈ, ਪਰ ਉਹਨੂੰ ਰਾਤ ਪੈਣ ਤੋਂ ਪਹਿਲਾਂ ਜਲੰਧਰ ਪਹੁੰਚਣ ਦਾ ਫ਼ਿਕਰ ਵੀ ਸੀ। ਉਸਤੋਂ ਪਹਿਲਾਂ ਸੁਰ ਸਿੰਘ ਆਪਣੇ ਧਰਮ-ਪੁੱਤਰ ਪ੍ਰਮਿੰਦਰ ਤੇ ਉਹਦੇ ਪਰਿਵਾਰ ਸਮੇਤ ਕੁਝ ਸਨੇਹੀਆਂ ਨੂੰ ਵੀ ਮਿਲਣਾ ਸੀ। ਪਿੰਡ ਦੇ ਦੋਵਾਂ ਸਕੂਲਾਂ ਵਿਚ ਅਧਿਆਪਕ/ਅਧਿਅਪਕਾਵਾਂ ਨੂੰ ਮਿਲਣਾ ਸੀ। ਰਜਵੰਤ ਦੀ ਭਤੀਜ-ਨੂੰਹ ਮਨਜੀਤ, ਜੋ ਕੁੜੀਆਂ ਦੇ ਸਕੂਲ ਵਿਚ ਲੈਕਚਰਾਰ ਹੈ, ਦੇ ਦੱਸਣ ਤੇ ਸਾਰਾ ਸਟਾਫ਼ ਸਾਨੂੰ ਉਡੀਕ ਰਿਹਾ ਸੀ। ਬਾਅਦ ਵਿਚ ਸਹੁਰੇ ਘਰ ਝਬਾਲ ਵੀ ਜਾਣਾ ਸੀ। ਸਮਾਂ ਬਹੁਤ ਸੰਕੋਚਵਾਂ ਸੀ। ਅਸੀਂ ਪੂਹਲਿਆਂ ਵਾਲੇ ਸਕੂਲ ਦੇ ਗੇਟ ਬਾਹਰ ਕਾਰ ਰੋਕੀ। ਇਹ ਸਕੂਲ ਹੁਣ ਸਮਾਰਟ ਮਿਡਲ ਸਕੂਲ ਬਣ ਚੁੱਕਾ ਹੈ। ਰਜਵੰਤ ਗੇਟ ਦੇ ਬਾਹਰ ਖਲੋਤੇ ਦੀ ਤਸਵੀਰ ਖਿੱਚਣ ਲੱਗੀ ਤਾਂ ਇੱਕ 'ਬਜ਼ੁਰਗ' ਨੇ ਆਪਣਾ ਮੋਟਰ-ਸਾਈਕਲ ਖੜਾ ਕੀਤਾ। ਪਿੱਛੇ ਉਹਦੀ ਮੁਟਿਆਰ ਧੀ ਬੈਠੀ ਸੀ। ਖਲੋਤੇ-ਖਲੋਤੇ ਨੇ ਸਵਾਲ ਕੀਤਾ, 'ਤੁਸੀਂ ਭਾ ਜੀ ਵਰਿਆਮ ਸਿੰਘ ਜੇ?'

ਮੇਰਾ 'ਹਾਂ' ਵਿਚ ਜਵਾਬ ਸੁਣ ਕੇ ਉਹਦੀਆਂ ਖ਼ੁਸ਼ੀ ਵਿਚ ਵਰਾਛਾਂ ਖਿੜ ਗਈਆਂ। ਆਪ ਹੀ ਕਹਿੰਦਾ, 'ਮੇਰਾ ਨਾਂ ਜੰਗਾ ਹੈ।' ਉਹਨੇ 'ਜੰਗਾ ਸਿੰਘ' ਨਹੀਂ, ਸਿਰਫ਼ 'ਜੰਗਾ' ਆਖਣਾ ਬਿਹਤਰ ਜਾਤਾ ਤਾਕਿ ਮੈਂ ਉਸਨੂੰ ਪਛਾਣ ਲਵਾਂ!

ਪਰ ਮੈਂ ਉਹਦੇ ਚਿੱਟੇ ਦਾੜ੍ਹੇ ਵਿਚੋਂ ਸਕੂਲ ਪੜ੍ਹਦੇ ਜੰਗੇ ਦਾ ਨਿੱਕਾ ਜਿਹਾ ਮੂੰਹ ਪਛਾਣ ਨਾ ਸਕਿਆ। ਜੰਗੇ ਨੇ ਝੁਕ ਕੇ ਗੋਡਿਆਂ ਨੂੰ ਹੱਥ ਲਾਇਆ ਤੇ ਬੜਾ ਹੁੱਬ ਕੇ ਕਹਿਣ ਲੱਗਾ, 'ਚਲੋ ਭਾ ਜੀ! ਘਰ ਨੂੰ ਚੱਲੀਏ। ਜਲ-ਪਾਣੀ ਛਕੇ ਤੋਂ ਬਿਨਾਂ ਮੈਂ ਨਹੀਂ ਜਾਣ ਦੇਣਾ।' ਮੈਂ ਨਿਮਰਤਾ-ਸਹਿਤ 'ਨਾਂਹ' ਕੀਤੀ ਤਾਂ ਉਹ ਤਰਲਿਆਂ 'ਤੇ ਉੱਤਰ ਆਇਆ। ਮੈਂ ਬੜੇ ਪਿਆਰ ਨਾਲ ਸਮਝਾਇਆ ਕਿ ਅਸੀਂ ਤਾਂ ਸਿਰਫ਼ ਦੋ ਕੁ ਮਿੰਟ ਲਈ ਰੁਕੇ ਹਾਂ।

ਏਨੇ ਚਿਰ ਨੂੰ ਇੱਕ ਹੋਰ 'ਬਜ਼ੁਰਗ' ਵਿਦਿਆਰਥੀ ਨੇ ਆ ਫ਼ਤਿਹ ਬੁਲਾਈ। ਜੰਗੇ ਵਾਲੀ ਸੂਲਾਹ ਉਹ ਵੀ ਓਨੇ ਜ਼ੋਰ ਨਾਲ ਮਾਰਨ ਲੱਗਾ। ਉਸਨੂੰ ਵੀ ਆਪਣੀ ਬੇਬੱਸੀ ਦਾ ਵਾਸਤਾ ਪਾਇਆ।

ਮੈਂ ਰਜਵੰਤ ਨੂੰ ਕਿਹਾ ਕਿ ਉਹ ਇਨ੍ਹਾਂ ਦੋਵਾਂ ਵਿਦਿਆਰਥੀਆਂ ਨਾਲ ਮੇਰੀ ਯਾਦਗਾਰੀ ਤਸਵੀਰ ਖਿੱਚ ਦੇਵੇ। ਅਜੇ ਉਨ੍ਹਾਂ ਨਾਲ ਗੱਲਾਂ ਕਰ ਹੀ ਰਹੇ ਸਾਂ ਕਿ ਸਕੂਲ ਦਾ 'ਮਿੱਡ ਡੇਅ ਮੀਲ' ਬਣਾਉਣ ਵਾਲੀ ਬੀਬੀ ਕਾਹਲੇ ਕਦਮੀ ਆਈ। ਦੱਸਣ ਲੱਗੀ, 'ਭਾ ਜੀ! ਮੇਰੀ ਸੱਸ ਤੁਹਾਡੇ ਹੁੰਦਿਆਂ ਸਕੂਲ ਦੀ ਸਫ਼ਾਈ ਸੇਵਕਾ ਹੁੰਦੀ ਸੀ। ਅਸੀਂ ਤੁਹਾਨੂੰ ਉਦੋਂ 'ਤੋਂ ਜਾਣਦੇ ਹਾਂ। ਤੁਹਾਡੀ ਬੜੀ ਇੱਜ਼ਤ ਕਰਦੇ ਹਾਂ। ਸਾਰਾ ਪਿੰਡ ਹੀ ਤੁਹਾਡੇ ਸੋਹਿਲੇ ਗਾਉਂਦਾ ਹੈ। ਆਓ! ਸਕੂਲ ਅੰਦਰ ਆਓ। ਚਾਹ ਪੀਤੇ ਬਿਨਾਂ ਅਸੀਂ ਨਹੀਂ ਜਾਣ ਦੇਣਾ।'

ਮੈਂ ਜੰਗੇ ਤੇ ਦੂਜੇ ਸਾਥੀ ਨੂੰ ਹੱਥ ਮਿਲਾ ਕੇ, ਜੱਫੀ ਪਾ ਕੇ, ਵਿਦਾਈ ਲਈ ਤੇ ਬਾਹਰ ਤੁਰੀ ਆਉਂਦੀ ਸਕੂਲ ਦੀ ਇੰਚਾਰਜ ਦੀ 'ਫ਼ਤਿਹ' ਦਾ ਜਵਾਬ ਦੇਣ ਲੱਗਾ ਤਾਂ ਪਹਿਲੀ ਬੀਬੀ ਨੇ 'ਸਾਡੇ ਭਾ ਜੀ! ਸਾਡੇ ਭਾ ਜੀ' ਕਹਿ-ਕਹਿ ਕੇ ਮੇਰੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣੇ ਸ਼ੁਰੂ ਕਰ ਦਿੱਤੇ।

'ਮੈਡਮ ਆਹ ਬਿਲਿਡੰਗ ਤਾਂ ਬਾਅਦ ਵਿਚ ਬਣੀ ਹੈ। ਉਦੋਂ ਸਕੂਲ ਪਿੱਛੇ ਜਿਹੇ ਹੁੰਦਾ ਸੀ। ਭਾ ਜੀ ਨੇ ਸਾਰੇ ਸਕੂਲ ਵਿਚ ਸਫ਼ੈਦੇ 'ਤੇ ਟਾਹਲੀਆਂ ਲਾਈਆਂ ਸਨ। ਏਥੇ ਤਾਂ ਰੁੱਖਾਂ ਦਾ ਜੰਗਲ ਜਿਹਾ ਬਣ ਗਿਆ ਸੀ। ਲੋਕ ਵੇਖਦੇ ਤੇ ਇਨ੍ਹਾਂ ਦੀ ਬੱਲੇ! ਬੱਲੇ! ਕਰਦੇ। ਪਰ ਇਨ੍ਹਾਂ ਤੋਂ ਬਾਅਦ ਸਾਰੇ ਰੁੱਖ ਵਢਾ ਕੇ ਔਂਤਰੀ ਪੰਚਾਇਤ ਨੇ ਵੇਚ ਕੇ ਖਾ ਲਏ। ਮੇਰੀ ਸੱਸ ਤਾਂ ਇਨ੍ਹਾਂ ਨੂੰ ਭਰਾਵਾਂ ਵਾਂਙ ਪਿਆਰ ਕਰਦੀ ਸੀ। ਇਹ ਬੱਚਿਆਂ ਨੂੰ ਲੈਣ ਸਾਡੇ ਘਰਾਂ ਵਿਚ ਆਪ ਜਾਂਦੇ। ਬੜਾ ਪਿਆਰ ਕਰਦੇ ਸੀ ਬੱਚਿਆਂ ਨੂੰ। ਮੇਰੀ ਨਣਾਨ ਇਨ੍ਹਾਂ ਕੋਲੋਂ ਪੜ੍ਹਦੀ ਰਹੀ।' ਉਹਦੀਆਂ ਗੱਲਾਂ ਮੁੱਕਣ ਵਿਚ ਨਹੀਂ ਸਨ ਆ ਰਹੀਆਂ। ਸਮਾਂ ਥੋੜਾ ਹੋਣ ਕਰ ਕੇ ਮੈਂ ਅਧਿਆਪਕਾ ਨੂੰ ਆਪਣੇ ਬਾਰੇ ਦੱਸਿਆ ਤਾਂ ਉਹਨੇ ਸਕੂਲ ਅੰਦਰ ਆਉਣ ਲਈ ਪਿਆਰ ਨਾਲ ਸੱਦਾ ਦਿੱਤਾ। ਮੈਂ ਖਲੋਤੇ-ਖਲੋਤੇ ਇਕੱਠੀਆਂ ਹੋ ਗਈਆਂ ਸਕੂਲ ਅਧਿਆਪਕਾਵਾਂ ਨੂੰ ਆਪਣੇ ਇਸ ਸਕੂਲ ਵਿਚ ਗੁਜ਼ਾਰੇ ਸਮੇਂ ਬਾਰੇ ਸੰਖੇਪ ਵਿਚ ਦੱਸਣ ਲੱਗਾ।

ਓਧਰ ਜੰਗੇ ਨੇ ਪਿੰਡ ਵਿਚ ਜਾਂਦਿਆਂ ਰਾਹ ਵਿਚ ਜੋ-ਜੋ ਮਿਲਿਆ, ਉਹਨੂੰ ਮੇਰੇ ਆਉਣ ਦੀ ਖ਼ਬਰ ਕਰ ਦਿੱਤੀ ਤਾਂ ਉਹ ਕੋਈ ਪੈਦਲ, ਕੋਈ ਸਾਈਕਲ ਚੁੱਕ ਕੇ ਸਕੂਲ ਨੂੰ ਭੱਜਾ ਆਵੇ। ਮੇਰੇ ਗੋਡਿਆਂ ਨੂੰ ਹੱਥ ਲਾਵੇ। ਨਾਂ ਦੱਸ ਕੇ ਆਪਣੀ ਪਛਾਣ ਕਰਵਾਏ। ਅਧਿਆਪਕਾਵਾਂ ਨੂੰ ਮੇਰੇ ਬਾਰੇ ਦੱਸੇ। ਮੈਂ ਕਿਵੇਂ ਬੱਚਿਆਂ ਨੂੰ ਪਿਆਰ ਕਰਦਾ ਸਾਂ। ਕਿਵੇਂ ਬੱਚੇ ਤੇ ਬੱਚਿਆਂ ਦੇ ਮਾਪੇ ਮੈਨੂੰ ਪਿਆਰ ਕਰਦੇ ਸਨ! ਕਿਵੇਂ ਪੜ੍ਹਾਉਂਦਾ ਸਾਂ। ਕਿਵੇਂ ਇਲਾਕਾ ਮੇਰੀ ਇੱਜ਼ਤ ਕਰਦਾ ਸੀ।

ਉਨ੍ਹਾਂ ਸਭਨਾਂ ਦਾ ਚਾਅ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ। ਉਨ੍ਹਾਂ ਦੇ ਬੋਲ ਅਤੇ ਚਿਹਰੇ ਜਗ-ਮਘ ਰਹੇ ਸਨ। ਜਿਵੇਂ ਕੋਈ ਗਵਾਚੀ ਹੋਈ ਕੀਮਤੀ ਚੀਜ਼ ਲੱਭ ਗਈ ਹੋਵੇ! ਇਨ੍ਹਾਂ ਵਿਚੋਂ ਕਈ ਦਾਦੇ ਬਣ ਚੁੱਕੇ ਸਨ। ਆਪਣੇ ਘਰ ਦੇ ਜੀਆਂ ਬਾਰੇ ਹੁਲਾਸ ਨਾਲ ਦੱਸਣ ਲੱਗੇ। ਆਪੋ-ਆਪਣੇ ਘਰਾਂ ਵਿਚ ਜਾ ਕੇ ਜਲ-ਪਾਣੀ ਛਕਣ 'ਤੇ ਪਰਿਵਾਰ ਦੇ ਜੀਆਂ ਨਾਲ ਮਿਲ ਕੇ ਜਾਣ ਦੀ ਪਿਆਰੀ ਜ਼ਿਦ ਕਰਨ ਲੱਗੇ। ਨਾਲ-ਨਾਲ ਕੋਈ ਆਖੇ, 'ਜਦੋਂ ਭਾ ਜੀ ਸਾਡੇ ਸਕੂਲੇ ਆਏ, ਮੈਂ ਦੂਜੀ ਵਿਚ ਪੜ੍ਹਦਾ ਸਾਂ। ਪਹਿਲੇ ਮਾਸਟਰਾਂ ਨੇ ਮੁੰਡਿਆਂ ਦੇ ਘਰਾਂ ਵਿਚੋਂ ਦੁੱਧ/ਚਾਹ ਲੈ ਕੇ ਆਉਣ ਦੀਆਂ ਵਾਰੀਆਂ ਬੱਧੀਆਂ ਹੋਈਆਂ ਸਨ। ਜਦੋਂ ਭਾ ਜੀ ਆਏ ਤਾਂ ਸਾਰੇ ਪਿੰਡ ਵਿਚ ਪਤਾ ਲੱਗ ਗਿਆ ਕਿ ਨਵੇਂ ਭਾ ਜੀ ਕਹਿੰਦੇ ਨੇ ਕਿ ਮੈਂ ਘਰਾਂ 'ਚੋਂ ਇੰਝ ਦੁੱਧ/ਚਾਹ ਨਹੀਂ ਮੰਗਵਾਉਣੇ/ਪੀਣੇ। ਭਾ ਜੀ ਹੁਰਾਂ ਸਰਮੱਖ ਦੋਧੀ ਤੋਂ ਮੁੱਲ ਦਾ ਦੁੱਧ ਲਵਾ ਲਿਆ ਤੇ ਸਕੂਲੇ ਸਟੋਵ ਮੰਗਵਾ ਕੇ ਚਾਹ ਬਨਵਾਉਣੀ ਸ਼ੁਰੂ ਕਰ ਦਿੱਤੀ। ਸਾਰੇ ਪਿੰਡ ਵਿਚ ਬੜੀ ਸੋਭਾ ਹੋਈ।'

ਸਾਈਕਲ ਦੂਹੋ-ਦੂਹ ਚਲਾ ਕੇ, ਮਿਲਣ ਲਈ ਸਭ ਤੋਂ ਪਹਿਲਾਂ ਪਹੁੰਚਣ ਵਾਲੇ ਇੱਕ ਜਣੇ ਨੇ ਕਿਹਾ, 'ਮੈਂ ਸਕੂਲ ਆਉਣੋਂ ਡਰਦਾ ਸਾਂ। ਭਾ ਜੀ ਮੈਨੂੰ ਘਰ ਲੈਣ ਜਾਂਦੇ ਤੇ ਪਿਆਰ-ਪੁਚਕਾਰ ਕੇ ਸਕੂਲ ਲੈ ਜਾਂਦੇ। ਇਨ੍ਹਾਂ ਕਰ ਕੇ ਮੈਂ ਪੜ੍ਹ ਗਿਆ। ਫੌਜ ਵਿਚੋਂ ਸੂਬੇਦਾਰ ਰਿਟਾਇਰ ਹੋਇਆਂ।'

ਮੈਨੂੰ ਲੋਕਾਂ ਦੇ ਘਰਾਂ ਵਿਚੋਂ ਅਜਿਹੇ ਬੱਚਿਆਂ ਨੂੰ ਨਾਲ ਲੈ ਕੇ ਜਾਣ ਦੇ ਦ੍ਰਿਸ਼ ਚੇਤੇ ਆਉਣ ਲੱਗੇ। ਨਾਲ ਹੀ ਯਾਦ ਆਉਣ ਲੱਗੀਆਂ ਉਹ ਮਾਈਆਂ/ਬੀਬੀਆਂ ਜੋ ਮਾਣ ਵਿਚ ਭਰ ਕੇ ਕਹਿੰਦੀਆਂ, 'ਭਾ ਜੀ! ਅਸੀਂ ਨਹੀਂ ਸੁੱਚੇ ਮੂੰਹ ਜਾਣ ਦੇਣਾ। ਬੈਠੋ ਤੇ ਕੁਝ ਖਾ ਪੀ ਕੇ ਜਾਇਓ!' ਮੈਂ ਹੱਥ ਜੋੜ ਕੇ ਧੰਨਵਾਦ ਕਰਦਾ ਤੇ ਛੇਤੀ ਸਕੂਲੇ ਪਹੁੰਚਣ ਦਾ ਵਾਸਤਾ ਪਾਉਂਦਾ।

ਮੈਨੂੰ ਪਤਾ ਨਹੀਂ ਸੀ ਲੱਗ ਰਿਹਾ, ਕੌਣ ਕੀ ਕਹਿ ਰਿਹਾ ਹੈ। ਉਨ੍ਹਾਂ ਸਭਨਾਂ ਕੋਲ ਕਹਿਣ ਲਈ ਬਹੁਤ ਗੱਲਾਂ ਸਨ। ਪਰ ਸੁਣਨ ਵਾਲੇ ਘੱਟ ਸਨ। ਮੈਂ ਤਾਂ ਇੱਕ ਵੇਲੇ ਇੱਕ ਜਣੇ ਨੂੰ ਹੀ ਸੁਣ ਸਕਦਾ ਸਾਂ। ਪਰ ਡੁੱਲ੍ਹ-ਡੁੱਲ੍ਹ ਪੈਂਦੇ ਮਨ ਨੂੰ ਸਾਂਝਾ ਕਰਨ ਲਈ ਜੇ ਇੱਕ ਜਣਾ ਇੱਕ ਅਧਿਆਪਕਾ ਨਾਲ ਗੱਲ ਕਰ ਰਿਹਾ ਹੁੰਦਾ ਤਾਂ ਦੂਜਾ ਕਿਸੇ ਦੂਜੀ ਅਧਿਆਪਕਾ ਨੂੰ ਸਰੋਤਾ ਬਣਾ ਲੈਂਦਾ, 'ਹਰ ਮਹੀਨੇ ਸਾਡੇ ਸੈਂਟਰ ਸਕੂਲ ਵਿਚ ਪੜ੍ਹਾਈ ਦਾ ਮੁਕਾਬਲਾ ਹੁੰਦਾ। ਹਿਸਾਬ ਦੇ ਪੰਦਰਾਂ ਸਵਾਲ ਹੁੰਦੇ। ਦਸ ਕਰਨੇ ਹੁੰਦੇ। ਜਿਹਦੇ ਦਸ ਠੀਕ ਹੋ ਜਾਂਦੇ ਉਹਨੂੰ ਸੌ ਬਟਾ ਸੌ ਮਿਲਦੇ। ਪਰ ਭਾ ਜੀ ਕਹਿੰਦੇ, 'ਨੰਬਰ ਭਾਵੇਂ ਦਸਾਂ ਸਵਾਲਾਂ ਦੇ ਹੀ ਮਿਲਣੇ ਨੇ ਪਰ ਤੁਸੀਂ ਪੰਦਰਾਂ ਦੇ ਪੰਦਰਾਂ ਸਵਾਲ ਹੀ ਹੱਲ ਕਰਨੇ ਨੇ। ਤੇ ਪੰਦਰਾਂ ਹੀ ਠੀਕ ਹੋਣੇ ਚਾਹੀਦੇ ਨੇ। ਤੇ ਅਸੀਂ ਇੰਵ ਹੀ ਕਰਦੇ। ਮਿਲਦੇ ਤਾਂ ਸੌ ਨੰਬਰ ਹੀ ਪਰ ਸਾਡਾ ਸਾਰੇ ਸੈਂਟਰ ਵਿਚ ਇਸ ਗੱਲੋਂ ਵੱਜ ਬਣਦਾ ਕਿ ਪੂਹਲਿਆਂ ਦੇ ਮੁੰਡੇ ਇਕ ਵੀ ਸਵਾਲ ਗ਼ਲਤ ਨਹੀਂ ਕਰਦੇ।'

'ਜਦੋਂ ਭਾ ਜੀ ਸਕੂਲ ਵਿਚ ਸਫ਼ੈਦੇ ਤੇ ਟਾਹਲੀਆਂ ਲਵਾਏ ਤਾਂ ਸਫ਼ੈਦੇ ਦਾ ਬੂਟਾ ਟੋਏ ਵਿਚ ਲਾਉਂਦਿਆਂ ਦਰਸ਼ੂ ਕਹਿੰਦਾ, 'ਭਾ ਜੀ! ਜਦੋਂ ਇਹ ਸਫ਼ੈਦੇ ਰੱਬ ਜਿੱਡੇ ਉੱਚੇ ਹੋ ਗਏ ਤਾਂ ਪਹਿਲੇ ਤੋੜ ਦੀ ਬੋਤਲ ਜਿੰਨਾਂ ਨਸ਼ਾ ਹੋ ਜੂ...। ਫਿਰ ਸੱਚਮੁੱਚ ਸਫੈਦੇ ਤੇ ਟਾਹਲੀਆਂ ਰੱਬ ਨੂੰ ਲੱਗਣ ਲੱਗੇ। ਉਦੋਂ ਤੱਕ ਦਰਸ਼ੂ ਫੌਜ ਵਿਚ ਹੌਲਦਾਰ ਬਣ ਚੁੱਕਾ ਸੀ।'

ਸਕੂਲ ਦੀਆਂ ਅਧਿਆਪਕਾਵਾਂ ਕਦੀ ਇੱਕ ਦੇ ਮੂੰਹ ਵੱਲ ਵੇਖਦੀਆਂ, ਕਦੀ ਦੂਜੇ ਦੇ। ਉਨ੍ਹਾਂ ਸਭਨਾਂ ਕੋਲ ਮੇਰੇ ਬਾਰੇ ਦੱਸਣ ਲਈ ਪਤਾ ਨਹੀਂ ਕਿੰਨਾ ਕੁਝ ਸੀ। ਉਨ੍ਹਾਂ ਦੀ ਰੂਹ ਨੂੰ ਰੱਜ ਹੀ ਨਹੀਂ ਸੀ ਆ ਰਿਹਾ। ਉਨ੍ਹਾਂ ਦੀ ਖੁਸ਼ੀ ਤੇ ਚਾਅ ਵੇਖ ਕੇ ਚਾਹੁੰਦਾ ਤਾਂ ਮੈਂ ਵੀ ਸਾਂ ਕਿ ਮੈਂ ਰੁਕ ਜਾਵਾਂ। ਇੱਕ ਥਾਂ 'ਤੇ ਕੁਰਸੀ 'ਤੇ ਬਹਿ ਕੇ ਉਨ੍ਹਾਂ ਨੂੰ ਆਪਣੀ ਜਮਾਤ ਵਾਂਙ ਅੱਗੇ ਬਿਠਾ ਲਵਾਂ। ਇੱਕ-ਇੱਕ ਦਾ ਨਾਂ, ਮਾਂ-ਬਾਪ ਦਾ ਨਾਂ ਪੁੱਛਾਂ। ਪਿੰਡ ਦੇ ਹੋਰ ਬੰਦਿਆਂ ਬਾਰੇ, ਉਨ੍ਹਾਂ ਦੇ ਜਮਾਤੀਆਂ ਬਾਰੇ ਪੁੱਛਾਂ। ਮੈਨੂੰ ਪਹਿਲਾਂ ਹੀ ਕਾਫ਼ੀ ਸਮਾਂ ਰੱਖ ਕੇ ਏਥੇ ਆਉਣਾ ਚਾਹੀਦਾ ਸੀ। ਪਰ ਹੁਣ ਕੁਝ ਨਹੀਂ ਸੀ ਹੋ ਸਕਦਾ। ਮੈਨੂੰ ਭਰਿਆ ਮੇਲਾ ਛੱਡ ਕੇ ਜਾਣਾ ਪੈਣਾ ਸੀ।

ਜਾਣ ਦੀ ਮੇਰੀ ਕਾਹਲੀ ਵੇਖ ਕੇ ਮੁੱਖ-ਅਧਿਆਪਕਾ ਕਹਿੰਦੀ, 'ਸਰ! ਸਾਨੂੰ ਦੁਆਵਾਂ ਦਿਉ, ਤਾਕਿ ਅਸੀਂ ਵੀ ਇਸ ਸਕੂਲ ਵਿਚੋਂ ਤੁਹਾਡੇ ਵਾਂਙ ਤਰੱਕੀ ਕਰ ਕੇ ਅੱਗੇ ਵਧ ਸਕੀਏ।'

ਜੰਗਾ ਮੁੜ ਆਪਣੀ ਧੀ ਨਾਲ ਵਾਪਸ ਆਇਆ ਤੇ ਕਹਿੰਦਾ, 'ਮੇਰੀ ਧੀ ਕਹਿੰਦੀ ਸੀ ਕਿ ਤੁਹਾਡੇ ਸਰ ਨਾਲ ਤੁਹਾਡੀ ਫੋਟੋ ਖਿੱਚਣੀ ਹੈ। ਨਾਲੇ ਘਰ ਨੂੰ ਲੈ ਕੇ ਤਾਂ ਜਾਣਾ ਹੀ ਜਾਣਾ ਹੈ। ਮੈਂ ਘਰ ਦੀ ਰੋਟੀ ਬਨਾਉਣ ਲਈ ਆਖ ਆਇਆਂ।'

ਜਿਹੜੇ ਹੋਰ ਵਿਦਿਆਰਥੀ ਆਏ ਸਨ, ਉਹ ਵੀ ਮੁੜ ਤੋਂ ਜੰਗੇ ਵਾਂਙ ਹੀ ਘਰ ਖੜਨ ਦੀ ਜ਼ਿਦ ਕਰਨ ਲੱਗੇ। ਆਪਣੇ-ਆਪਣੇ ਮੋਬਾਈਲ ਦੂਜਿਆਂ ਨੂੰ ਫੜਾ ਕੇ ਮੇਰੇ ਨਾਲ ਤਸਵੀਰਾਂ ਖਿਚਾਉਣ ਲੱਗੇ। ਉਨ੍ਹਾਂ ਦੇ ਡੁੱਲ੍ਹ-ਡੁੱਲ੍ਹ ਪੈਂਦੇ ਉਤਸ਼ਾਹ ਤੇ ਮੋਹ ਵੱਲ ਵੇਖ ਕੇ ਮੈਨੂੰ ਲੱਗਦਾ ਸੀ ਕਿ ਜੇ ਕਿਧਰੇ ਜੰਗਾ ਪਿੰਡ ਵਿਚ ਮੋਟਰ ਸਾਈਕਲ ਦਾ ਇੱਕ ਗੇੜਾ ਕੱਢ ਦਿੰਦਾ, ਗੁਰਦਵਾਰੇ ਦੇ ਸਪੀਕਰ 'ਤੇ ਮੇਰੇ ਆਉਣ ਬਾਰੇ ਦੱਸ ਦਿੰਦਾ ਜਾਂ ਘੱਟੋ-ਘੱਟ ਤਖ਼ਤ-ਪੋਸ਼ 'ਤੇ ਬੈਠੈ ਬੰਦਿਆਂ ਨੂੰ ਹੀ ਸੂਚਨਾ ਦੇ ਦਿੰਦਾ ਤਾਂ ਪੂਰਾ ਨਹੀਂ ਤਾਂ ਘੱਟੋ-ਘੱਟ ਅੱਧਾ ਪਿੰਡ ਤਾਂ ਸਕੂਲ ਵਿਚ ਇਕੱਠਾ ਹੋ ਜਾਣਾ ਸੀ। ਮੈਂ ਸਭ ਨੂੰ ਪਿਆਰ ਨਾਲ ਜੱਫ਼ੀਆਂ ਪਾਈਆਂ। ਸਮੇਂ ਦੀ ਘਾਟ ਦਾ ਪਛਤਾਵਾ ਕੀਤਾ।

ਉਨ੍ਹਾਂ ਦੇ ਉਮਲਦੇ ਉੱਛਲਦੇ ਚਾਅ ਨੇ ਮੇਰਾ ਮਨ ਵੀ ਖ਼ੁਸ਼ੀ ਤੇ ਚਾਅ ਨਾਲ ਭਰ ਦਿੱਤਾ। ਇਹ ਆਪਣੇ-ਆਪ ਵਿਚ ਬੜਾ ਹੀ ਅਲੌਕਿਕ ਅਨੁਭਵ ਸੀ। ਇਹ ਹਸਰਤ ਮਨ ਵਿਚ ਰਹਿ ਗਈ ਕਿ ਕਾਸ਼! ਮੇਰੇ ਕੋਲ ਸਮਾਂ ਹੁੰਦਾ ਤੇ ਮੈਂ ਪਿੰਡ ਦੇ ਘਰ-ਘਰ ਵਿਚ ਗੇੜਾ ਮਾਰਦਾ, ਉਂਵ ਹੀ, ਜਿਵੇਂ ਮੈਂ ਗ਼ੈਰ-ਹਾਜ਼ਰ ਰਹਿਣ ਵਾਲੇ ਬੱਚਿਆਂ ਨੂੰ ਘਰਾਂ 'ਚੋਂ ਲੈਣ ਜਾਂਦਾ ਸਾਂ ਤੇ ਘਰ ਦੇ ਲੋਕ ਦੁੱਧ-ਚਾਹ ਤੋਂ ਬਿਨਾਂ ਅੱਗੇ ਤੁਰਨ ਨਹੀਂ ਸਨ ਦਿੰਦੇ। ਮੇਰੀਆਂ ਤਾਰੀਫਾਂ ਦੇ ਪੁ.ਲ ਬੰਨ੍ਹੀ ਜਾਂਦੇ ਕਿ ਕਿਵੇਂ ਮੈਂ ਸਕੂਲ ਦੀ ਕਾਇਆ-ਕਲਪ ਕਰ ਦਿੱਤੀ ਸੀ। ਕਿਵੇਂ ਬੱਚੇ-ਬੱਚੀਆਂ ਮੇਰੇ 'ਤੇ ਜਾਨ ਛਿੜਕਦੇ ਸਨ! ਇਲਾਕੇ ਵਿਚ ਸਾਡੇ ਸਕੂਲੋਂ ਪੜ੍ਹ ਕੇ ਗਏ ਬੱਚਿਆਂ ਦਾ 'ਨਾਂ' ਹੁੰਦਾ ਸੀ। ਸਮਾਂ ਹੁੰਦਾ ਤਾਂ ਜਾ ਕੇ ਪਤਾ ਕਰਦਾ ਕਿ ਉਨ੍ਹਾਂ 'ਬੱਚਿਆਂ' ਦੇ ਮਾਂ-ਬਾਪ ਹੁਣ ਜਿਊਂਦੇ ਵੀ ਹਨ! ਜੇ ਜਿਊਂਦੇ ਹਨ ਤਾਂ ਉਨ੍ਹਾਂ ਦੇ ਜਵਾਨੀ ਵਾਲੇ ਮੂੰਹ ਹੁਣ ਬੁਢਾਪੇ ਵਿਚ ਕਿਵੇਂ ਦੇ ਲੱਗਦੇ ਨੇ। ਕੀ ਉਨ੍ਹਾਂ ਦੇ ਚਿਹਰਿਆਂ 'ਤੇ ਮੈਨੂੰ ਵੇਖ ਕੇ ਉਸ ਤਰ੍ਹਾਂ ਦਾ ਹੀ ਖੇੜਾ ਆਉਂਦਾ ਹੈ, ਜਿਵੇਂ ਕਦੇ ਉਦੋਂ ਆਇਆ ਕਰਦਾ ਸੀ।

ਮੈਨੂੰ ਜਾਂਦਾ ਵੇਖ ਕੇ ਸਭ ਦੇ ਮਨ ਮਸੋਸੇ ਗਏ। ਜੰਗੇ ਨੇ ਢੱਠੇ ਦਿਲ ਨਾਲ ਆਖਿਆ, 'ਭਾ ਜੀ, ਧਾਡੀ ਮਰਜੀ। ਮੈਂ ਤਾਂ ਆਂਹਦਾ ਸਾਂ...।' ਮੈਂ ਉਨ੍ਹਾਂ ਵੱਲ ਹੱਥ ਜੋੜੇ। ਸਕੂਲ ਦੇ ਗੇਟ ਨੂੰ ਹੱਥ ਲਾ ਕੇ ਮੱਥੇ ਨੂੰ ਛੁਹਾਇਆ ਤੇ ਖਿੜੇ ਹੋਏ ਮਨ ਨਾਲ, ਸੁਨਹਿਰੀ ਯਾਦਾਂ ਸਮੇਤ ਸਰਸ਼ਾਰੀ ਰੂਹ ਲੈ ਕੇ ਤੁਰ ਆਇਆ!

# ਔਰੰਗਜ਼ੇਬ ਨੂੰ ਜਿਊਂਦਾ ਕਰਨ ਦਾ ਯਤਨ

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋਇਆਂ 300 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਭਾਜਪਾ ਸ਼ਾਸਤ ਸੂਬੇ ਮਹਾਰਾਸ਼ਟਰ ਵਿਚ ਉਸਦੀ ਕਬਰ ਨੂੰ ਲੈ ਕੇ ਹੰਗਾਮਾ ਹੋ ਰਿਹਾ ਹੈ। ਸਿਆਸਤਦਾਨ ਇਸ ਬੇਮਤਲਬ ਵਿਸ਼ੇ ਨੂੰ ਲੈ ਕੇ ਹੋ-ਹੱਲਾ ਕਰ ਰਹੇ ਹਨ। ਨਾਗਪੁਰ (ਮਹਾਰਾਸ਼ਟਰ) ਵਿਚ ਤਾਂ ਫਿਰਕੂ ਦੰਗੇ ਵੀ ਸ਼ੁਰੂ ਹੋ ਗਏ। ਔਰੰਗਜ਼ੇਬ ਦੀ ਕਬਰ ਨੂੰ ਢਾਹੁਣ ਦੇ ਨਾਅਰੇ ਲਾਏ ਗਏ, ਜਿਹੜੀ ਕਬਰ ਬਾਦਸ਼ਾਹ ਔਰੰਗਜ਼ੇਬ ਦੀ ਇੱਛਾ ਅਨੁਸਾਰ ਬੇਹੱਦ ਸਧਾਰਨ ਅਤੇ ਨਿੱਕੀ ਬਣੀ ਹੋਈ ਹੈ। ਔਰੰਗਜ਼ੇਬ ਨੂੰ ਕਰੂਰ ਸ਼ਾਸਕ ਦੱਸ ਕੇ ਉਸ ਦੀ ਇਸ ਕਬਰ ਪੁੱਟ ਦੇਣ ਨੂੰ ਕੌਮੀ ਮਸਲਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਔਰੰਗਜ਼ੇਬ ਦੀ ਕਬਰ ਪੁੱਟਣ ਨਾਲ, ਜਿਸ ਨੂੰ ਵਿਸ਼ੇਸ਼ ਰਾਸ਼ਟਰੀ ਮੁੱਦਾ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਬਣਾਇਆ ਜਾ ਰਿਹਾ ਹੈ, ਕੀ ਇਸ ਨਾਲ ਲੋਕਾਂ ਦੇ ਅਸਲੀ ਮੁੱਦੇ ਬੇਰੁਜ਼ਗਾਰੀ, ਗ਼ਰੀਬੀ, ਲਾਚਾਰੀ ਅਤੇ ਭ੍ਰਿਸ਼ਟਾਚਾਰ ਖ਼ਤਮ ਹੋ ਜਾਣਗੇ।

ਦੇਸ਼ ਦੇ ਨੇਤਾ ਲੋਕਾਂ ਦਾ ਧਿਆਨ ਭਟਕਾਉਣ ਲਈ, ਆਪਣੀਆਂ ਗੱਦੀਆਂ ਬਚਾਉਣ ਅਤੇ ਨਵੀਆਂ ਗੱਦੀਆਂ ਹਥਿਆਉਣ ਲਈ ਨਿਤ ਨਵੇਂ ਮੁੱਦੇ ਪੈਦਾ ਕਰ ਰਹੇ ਹਨ, ਤਾਂ ਕਿ ਲੋਕ ਆਪਣੀਆਂ ਅਸਲ ਤਕਲੀਫ਼ਾਂ ਅਤੇ ਮਸਲਿਆਂ ਵੱਲ ਧਿਆਨ ਹੀ ਨਾ ਦੇ ਸਕਣ।

ਸਿੱਟੇ ਵਜੋਂ ਦੇਸ਼ 'ਚ ਔਰੰਗਜ਼ੇਬ ਦੀ ਸੋਚ ਜ਼ਿੰਦਾ ਹੀ ਨਹੀਂ ਹੋ ਰਹੀ, ਸਗੋਂ ਫੈਲ ਰਹੀ ਹੈ। ਕੱਟੜ ਹਿੰਦੂਤਵੀ ਸੋਚ ਦੇ ਸੌਦਾਗਰ ਦੇਸ਼ ਵਿਚ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਮੁਸਲਮਾਨਾਂ ਦੀਆਂ ਖ਼ਾਮੀਆਂ ਕੱਢ ਕੇ ਲੋਕਾਂ ਨੂੰ ਭੜਕਾਉਣ ਦਾ ਯਤਨ ਹੋ ਰਿਹਾ ਹੈ। ਕੱਟੜ ਮੁਸਲਿਮ ਔਰੰਗਜ਼ੇਬ ਦੇ ਹੱਕ ਵਿਚ ਆ ਖੜੇ ਹੋਏ ਹਨ। ਧਰਮ ਅਧਾਰਤ ਸਿਆਸਤ ਅੱਜ ਦੀ ਸਿਆਸਤ ਦਾ ਧੁਰਾ ਬਣਦੀ ਜਾ ਰਹੀ ਹੈ, ਜੋ ਦੇਸ਼ ਦੇ ਸੰਵਿਧਾਨ ਦੀ ਲੋਕਤੰਤਰੀ ਰੂਹ ਨੂੰ ਖੋਰਾ ਲਾ ਰਹੀ ਹੈ। ਮਸਜਿਦਾਂ ਦੇ ਸਾਹਮਣਿਓਂ ਜਲੂਸ ਕੱਢਣਾ, ਰੌਲਾ-ਰੱਪਾ ਮਚਾਉਣਾ, ਜ਼ੋਰ-ਸ਼ੋਰ ਨਾਲ ਵਾਜੇ ਵਜਾਉਣਾ, ਮੁਸਲਮਾਨਾਂ ਖ਼ਿਲਾਫ਼ ਨਾਅਰੇਬਾਜ਼ੀ ਕਰਨਾ ਦੇਸ਼ 'ਚ ਆਮ ਜਿਹੀ ਗੱਲ ਬਣ ਗਈ ਹੈ। ਇਸ ਸਾਰੇ ਮਾਹੌਲ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸ਼ਿਵ ਸੈਨਾ (ਬਾਲ ਠਾਕਰੇ) ਦੇ ਉੱਘੇ ਆਗੂ ਤੇ ਰਾਜ ਸਭਾ ਮੈਂਬਰ ਸੰਜੇ ਰਾਊਤ ਨੂੰ ਆਪਣੇ ਅਖ਼ਬਾਰ 'ਚ ਲਿਖਣਾ ਪਿਆ, 'ਪਿਛਲੇ 10 ਸਾਲਾਂ ਵਿਚ ਭਾਰਤ 'ਚ ਹਿੰਦੂ ਤੇ ਮੁਸਲਮਾਨ ਦੋ ਵੱਖ-ਵੱਖ ਰਾਸ਼ਟਰ ਬਣ ਗਏ ਹਨ। ਇਹ ਮਾਹੌਲ ਬਟਵਾਰੇ ਵਰਗਾ ਹੈ। ਸ਼ਿਵ ਰਾਏ (ਸ਼ਿਵਾ ਜੀ) ਦੇ ਇਤਿਹਾਸ ਨੂੰ ਬਦਲਣਾ, ਹਿੰਦੂ ਤੇ ਮੁਸਲਮਾਨਾਂ ਲਈ ਵੱਖਰੀਆਂ ਦੁਕਾਨਾਂ ਦੀ ਮੰਗ ਕਰਨਾ, ਇਹ ਸਭ ਇੱਕ ਸੋਚੀ ਸਮਝੀ ਮੂਰਖਤਾ ਹੈ। ਜੋ ਭਾਰਤ ਨੂੰ ਹਿੰਦੂ ਪਾਕਿਸਤਾਨ ਬਣਨ ਵੱਲ ਤੱਕ ਰਹੀ ਹੈ।'

ਇਹ ਸੱਚਮੁੱਚ ਦੇਸ਼ ਲਈ ਮੰਦਭਾਗਾ ਹੈ। ਉਸ ਭਾਰਤ ਲਈ, ਜਿਸ ਵਿਚ ਵੱਖੋ-ਵੱਖਰੇ ਧਰਮਾਂ, ਬੋਲੀਆਂ, ਸੱਭਿਆਚਾਰਾਂ ਵਾਲੇ ਵੰਨ-ਸਵੰਨੇ ਲੋਕ ਵੱਸਦੇ ਹਨ ਅਤੇ ਜਿਨ੍ਹਾਂ ਦੀ ਆਪਸੀ ਸਾਂਝ ਪੀਡੀ ਹੈ। ਇਹ ਮਾਹੌਲ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਦੀ ਘੰਟੀ ਹੈ। ਇਹ ਦੇਸ਼ ਦੇ ਵਿਕਾਸ ਲਈ ਵੀ ਸੁਖਾਵਾਂ ਨਹੀਂ। ਬਹੁਗਿਣਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਛਾਲਣਾ ਅਤੇ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਦਬਾਅ ਦੇਣਾ ਦੇਸ਼ ਦੀਆਂ ਪੁਰਾਣੀਆਂ ਰਵਾਇਤਾਂ ਤੇ ਕਦਰਾਂ ਕੀਮਤਾਂ ਦਫ਼ਨ ਕਰਨ ਦੇ ਬਰਾਬਰ ਹੈ। ਭਾਵਨਾਵਾਂ ਨੂੰ ਭੜਕਾਉਣ ਦੀ ਖੇਡ ਭਾਰਤੀ ਸੁਭਾਅ ਦੇ ਅਨੁਕੂਲ ਵੀ ਨਹੀਂ ਹੈ, ਕਿਉਂਕਿ ਭਾਰਤੀ ਹਿੰਸਕ ਨਹੀਂ ਹਨ। ਅੱਜ ਜਦੋਂ ਦੇਸ਼ ਵਿਚ ਧਾਰਮਿਕ ਜਨੂੰਨ ਪੈਦਾ ਕੀਤਾ ਜਾ ਰਿਹਾ ਹੈ ਅਤੇ ਉਹ ਵੀ ਹਾਕਮਾਂ ਵੱਲੋਂ, ਤਾਂ ਇਹ ਧਰਮ ਦੀ ਨਕਲੀ ਰੱਖਿਆ ਦੀ ਭਾਵਨਾ ਪੈਦਾ ਕਰ ਰਿਹਾ ਹੈ।

ਬਿਨਾਂ ਸ਼ੱਕ ਔਰੰਗਜ਼ੇਬ ਨੇ ਆਪਣੇ ਰਾਜ ਵਿਚ ਅੱਤਿਆਚਾਰ ਕੀਤੇ। ਉਸ ਸਮੇਂ ਅਨੇਕਾਂ ਮੰਦਰ, ਮਸਜਿਦਾਂ, ਗਿਰਜਾਘਰ ਅਤੇ ਵਿਲੱਖਣ ਕਲਾ ਦੇ ਪ੍ਰਤੀਕ ਸਥਾਨ ਉਸਦੀ ਬੇਰਹਿਮੀ ਦਾ ਸ਼ਿਕਾਰ ਹੋਏ। ਪਰ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਵਾਪਰਿਆਂ ਮੁੱਦਤਾਂ ਬੀਤ ਗਈਆਂ। ਔਰੰਗਜ਼ੇਬ ਮਰ ਮੁੱਕ ਗਿਆ, ਹਿੰਦੂ ਮੁਸਲਮਾਨ ਇਸ ਦੇਸ਼ ਵਿਚ ਸਦੀਆਂ ਤੋਂ ਇੱਕਠੇ ਰਹੇ।

ਪਰ ਸਮਾਂ ਬੀਤਿਆਂ ਕਿਸੇ ਨਾ ਕਿਸੇ ਵੇਲੇ ਜਾਤ ਅਤੇ ਧਰਮ ਵਿਚ ਪਈ ਕੁੜੱਤਣ ਭਿਆਨਕ ਰੂਪ ਧਾਰਦੀ ਹੈ। ਇਹ ਸਿਆਸੀ ਪਾਰਟੀਆਂ ਲਈ ਸੁਨਹਿਰੀ ਮੌਕਾ ਬਣ ਜਾਂਦੀ ਹੈ। ਉਹ ਇਸ ਮੌਕੇ ਨੂੰ ਵਰਤਦੇ ਹਨ, ਆਪਣੇ ਹਿੱਤ ਸਾਧਦੇ ਹਨ। ਲੋਕਾਂ 'ਚ ਨਫ਼ਰਤਾਂ ਤੇ ਈਰਖਾ ਨਾਲ ਵੱਡਾ ਪਾੜਾ ਖੜਾ ਕਰਦੇ ਹਨ। ਇਹ ਪਾੜਾ, ਇਹ ਨਫ਼ਰਤ, ਮਾਨਸਿਕ, ਸਰੀਰਕ ਤੇ ਸਮੂਹਿਕ ਕਤਲੇਆਮ ਇਥੋਂ ਤੱਕ ਕਿ ਨਸਲਕੁਸ਼ੀ ਤੱਕ ਵੀ ਪੁੱਜ ਜਾਂਦਾ ਹੈ।

ਇਹੋ ਕਾਰਨ ਹੈ ਕਿ ਔਰੰਗਜ਼ੇਬੀ ਸੋਚ ਨਾਲ ਦੇਸ਼ ਵਿਚ ਕਦੇ ਸਾਂਭਲ ਵਾਪਰਦਾ ਹੈ, ਕਦੇ ਨਾਗਪੁਰ ਵਾਪਰਦਾ ਹੈ। ਕਦੀ ਨਾਗਾਲੈਂਡ,



*ਔਰੰਗਜ਼ੇਬ ਦੀ ਕਬਰ ਨੂੰ ਲੈ ਕੇ ਨਾਗਪੁਰ ਵਿਚ ਹੋਏ ਫਿਰਕੂ ਦੰਗਿਆਂ ਦਾ ਦ੍ਰਿਸ਼।*

ਮਨੀਪੁਰ, ਜੰਮੂ-ਕਸ਼ਮੀਰ ਇਸਦੀ ਲਪੇਟ 'ਚ ਆਉਂਦੇ ਹਨ। ਕਦੇ '84 ਵਾਪਰਦੀ ਹੈ, ਸਿੱਖਾਂ ਦਾ ਕਤਲੇਆਮ ਹੁੰਦਾ ਹੈ। ਇਹ ਔਰੰਗਜ਼ੇਬੀ ਸੋਚ ਵਾਲੀ ਮਾਨਸਿਕਤਾ ਕਿਸੇ ਇੱਕ ਧਰਮ ਦੇ ਚੌਧਰੀਆਂ ਦਾ ਵਿਰਸਾ ਨਹੀਂ ਰਹੀ, ਇਹ ਔਰੰਗਜ਼ੇਬੀ ਸੋਚ ਸਮੇਂ-ਸਮੇਂ ਬਣੇ ਸ਼ਾਸਕਾਂ ਦਾ ਵਿਰਸਾ ਰਹੀ ਹੈ।

ਔਰੰਗਜ਼ੇਬ ਵੇਲੇ ਇਹ ਮੁਗ਼ਲ ਸਮਰਾਟ ਦਾ ਹਥਿਆਰ ਬਣੀ, ਅੱਜ ਇਹ ਹਿੰਦੂਤਵੀ ਸੋਚ ਵਾਲਿਆਂ ਦਾ ਵੱਡਾ ਹਥਿਆਰ ਹੈ। ਨਸਲੀ ਵਿਤਕਰਾ ਗ਼ਰੀਬ ਵਰਗਾਂ ਨਾਲ ਧੱਕੇਸ਼ਾਹੀ ਦਾ ਇੱਕ ਨਮੂਨਾ ਮਾਤਰ ਹੈ, ਇਹ ਵੱਡੇ ਢੁੱਠਾਂ ਵਾਲੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਗ਼ਰੀਬਾਂ, ਲਿਤਾੜਿਆਂ ਨੂੰ ਗ਼ੁਲਾਮ ਸਮਝਣ ਦੀ ਮਾਨਸਿਕਤਾ ਦਾ ਹਿੱਸਾ ਹੈ।

ਅਸਲ ਵਿਚ ਸ਼ੈਤਾਨੀ ਦਿਮਾਗ, ਸਮਾਜ ਵਿਰੋਧੀ ਤੱਤ, ਆਪਣਾ ਉੱਲੂ ਸਿੱਧਾ ਕਰਨ ਲਈ, ਬਦਲੇ ਦੀ ਭਾਵਨਾ ਪੈਦਾ ਕਰਦੇ ਹਨ, ਆਪਸੀ ਟਕਰਾਅ ਦੀ ਸਥਿਤੀ ਪੈਦਾ ਕਰਦੇ ਹਨ। ਦੇਸ਼ ਭਾਰਤ ਨੇ ਇਹੋ-ਜਿਹੇ ਅਨੇਕਾਂ ਮੌਕੇ ਵੇਖੇ ਹਨ। '47 ਇਹੋ-ਜਿਹੇ ਦਰਦਨਾਕ ਕਾਰਿਆਂ ਦੀ ਸ਼ਰਮਨਾਕ ਦਾਸਤਾਨ ਬਣੀ।

ਵਿਗੜੀ ਮਾਨਸਿਕਤਾ ਵਾਲੇ ਨੇਤਾਵਾਂ ਨੇ ਦੇਸ਼ ਵਿਚ ਫਿਰਕੂ ਅਤੇ ਧਾਰਮਿਕ ਨਫ਼ਰਤ ਵਧਾਈ ਹੈ। ਉੱਤਰ ਪ੍ਰਦੇਸ਼ ਦੀ ਭਾਜਪਾ ਵਿਧਾਇਕ ਕਹਿੰਦੀ ਹੈ, 'ਮੁਸਲਮਾਨਾਂ ਲਈ ਹਸਪਤਾਲਾਂ 'ਚ ਵੱਖਰੇ ਕਾਰਡ ਬਣਾਓ।' ਮਹਾਰਾਸ਼ਟਰ ਦਾ ਇੱਕ ਮੰਤਰੀ ਨਿਤੇਸ਼ ਰਾਣੇ ਮਹਾਰਾਸ਼ਟਰ 'ਚ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖ-ਵੱਖ ਮਟਨ ਦੀਆਂ ਦੁਕਾਨਾਂ ਬਣਾਉਣ ਦੀ ਘੋਸ਼ਣਾ ਕਰਦਾ ਹੈ। ਕੀ ਇਹੋ-ਜਿਹੀਆਂ ਗੱਲਾਂ ਦੇਸ਼ ਦਾ ਸਮਾਜਿਕ ਅਤੇ ਕੌਮੀ ਮਾਹੌਲ ਜ਼ਹਿਰੀਲਾ ਨਹੀਂ ਕਰ ਰਹੀਆਂ?

ਦੇਸ਼ ਦੀ ਆਜ਼ਾਦੀ ਲਈ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਇਕੱਠਿਆਂ ਲੜਾਈ ਲੜੀ। ਬਲੀਦਾਨ ਦਿੱਤੇ। ਭਾਰਤ ਦੀ ਆਜ਼ਾਦੀ 'ਚ ਕਈ ਮੁਸਲਿਮ ਕ੍ਰਾਂਤੀਕਾਰੀ ਫਾਂਸੀ 'ਤੇ ਚੜ੍ਹੇ ਸਨ ਅਤੇ ਕਈ ਮੁਸਲਿਮ ਸੁਤੰਤਰਤਾ ਸੈਨਾਨੀ 'ਅੰਡੇਮਾਨ' ਦੇ ਕਾਲੇ ਪਾਣੀ ਦੀ ਸਜ਼ਾ ਭੁਗਤਦਿਆਂ ਉਥੇ ਹੀ ਮਰ ਗਏ। ਉਨ੍ਹਾਂ ਦਾ ਯੋਗਦਾਨ ਦੇਸ਼ ਨਿਰਮਾਣ ਪ੍ਰਤੀ ਨਕਾਰਿਆ ਨਹੀਂ ਜਾ ਸਕਦਾ, ਪਰ ਸਥਿਤੀਆਂ ਦੇਸ਼ ਵਿਚ ਇਹੋ-ਜਿਹੀਆਂ ਪੈਦਾ ਹੋ ਕੀਤੀਆਂ ਜਾ ਰਹੀਆਂ ਹਨ ਕਿ ਵੱਡਾ ਯੋਗਦਾਨ ਦੇਣ ਵਾਲੇ ਇਹ ਲੋਕ ਹੀਣ ਭਾਵਨਾ ਦਾ ਸ਼ਿਕਾਰ ਹੋ ਰਹੇ ਹਨ ਅਤੇ ਇਹ ਸਭ ਕੁਝ ਉਸ ਦੇਸ਼ ਵਿਚ ਹੋ ਰਿਹਾ ਹੈ, ਜਿਸ ਦੇਸ਼ ਵਿਚ ਦੇਸ਼ ਦੇ ਸੰਵਿਧਾਨ ਅਨੁਸਾਰ ਸਭ ਲਈ ਬਰਾਬਰ ਦੇ ਅਧਿਕਾਰ ਮਿਲੇ ਹੋਏ ਹਨ। ਦੇਸ਼ ਜਿਹੜਾ ਗਣਤੰਤਰ ਹੈ, ਧਰਮ ਨਿਰਪੱਖ ਹੈ।

ਪਰ ਪਿਛਲੇ ਕੁਝ ਸਾਲਾਂ ਤੋਂ ਦੇਸ਼ ਦੀ ਧਰਮ ਨਿਰਪੱਖਤਾ ਦੀਆਂ ਧੱਜੀਆਂ ਉਡਾਈਆਂ ਗਈਆਂ। ਮਸਜਿਦਾਂ ਹੇਠ ਮੰਦਰ ਖੰਗਾਲੇ ਗਏ। ਅਯੋਧਿਆ ਮੰਦਰਾਂ ਦੀ ਉਸਾਰੀ ਅਤੇ ਵਿਸ਼ੇਸ਼ ਧਾਰਮਿਕ ਉਤਸਵਾਂ 'ਚ ਦੇਸ਼ ਦੇ ਕਾਰਜਕਾਰੀ ਮੁਖੀ ਨੇ ਵਿਸ਼ੇਸ਼ ਭੂਮਿਕਾ ਨਿਭਾਈ, ਜੋ ਦੇਸ਼-ਵਿਦੇਸ਼ 'ਚ ਵੱਡੀ ਚਰਚਾ ਦਾ ਵਿਸ਼ਾ ਰਹੀ।

ਜਿਨ੍ਹਾਂ ਰਾਹਾਂ 'ਤੇ ਅੱਜ ਭਾਜਪਾ ਨੇਤਾ ਤੁਰ ਰਹੇ ਹਨ, ਕਦੇ ਕਾਂਗਰਸ ਦੀ ਇੰਦਰਾ ਗਾਂਧੀ ਨੇ ਸਿਆਸੀ ਲਾਭ ਲਈ, ਹਰ ਧਰਮ ਦੇ ਲੋਕਾਂ ਦੀ ਆਸਥਾ ਨੂੰ ਵਰਤ ਕੇ, ਵੋਟਾਂ ਲੈਣ ਦੀ ਖੇਡ ਖੇਡੀ। ਇਹੋ ਖੇਡ ਕਾਂਗਰਸ ਪਾਰਟੀ ਕਰਨਾਟਕ ਵਿਚ ਘੱਟ ਗਿਣਤੀਆਂ ਨੂੰ ਰਿਜ਼ਰਵੇਸ਼ਨ ਦੇਣ ਦਾ ਫ਼ੈਸਲਾ ਕਰਕੇ ਖੇਡ ਰਹੀ ਹੈ।

ਦੇਸ਼ ਵਿਚ ਇੱਕ ਪਾਸੇ ਕੱਟੜਪੰਥੀ ਮੁਸਲਮਾਨ ਹਨ, ਦੂਜੇ ਪਾਸੇ ਕੱਟੜਵਾਦੀ ਹਿੰਦੂ ਹਨ। ਦੋਵਾਂ ਦੀ ਸੋਚ ਸੌੜੀ ਹੈ। ਦੋਵਾਂ ਪਾਸੇ ਔਰੰਗਜ਼ੇਬੀ ਸੋਚ ਵਾਲਿਆਂ ਦੀ ਕਮੀ ਨਹੀਂ ਹੈ। ਪਰ ਜਿਸ ਢੰਗ ਨਾਲ ਦੇਸ਼ ਦੀ ਇਸ ਵੇਲੇ ਦੀ ਹਕੂਮਤ ਅਤੇ ਕੁਝ ਹੋਰ ਸਿਆਸਤਦਾਨ ਫਿਰਕੂ ਭਾਵਨਾਵਾਂ ਭੜਕਾਉਣ ਵਾਲੀ ਗੰਦੀ ਖੇਡ ਖੇਡ ਕੇ ਦੇਸ਼ ਨੂੰ ਬਰਬਾਦ ਕਰਨ ਦੇ ਰਸਤੇ 'ਤੇ ਪਾ ਰਹੇ ਹਨ, ਇਹ ਤਾਲਿਬਾਨੀ ਸੋਚ ਹੈ। ਇਹ ਔਰੰਗਜ਼ੇਬੀ ਸੋਚ ਹੈ। ਇਹ ਸੋਚ ਕਦਾਚਿਤ ਵੀ ਦੇਸ਼ ਹਿੱਤ ਵਿਚ ਨਹੀਂ ਹੈ।

ਫਿਰਕੂਵਾਦ ਦੀ ਅੱਗ ਭੈੜੀ ਹੈ। ਇਹ ਜ਼ਹਿਰੀਲੀ ਨਫ਼ਰਤ ਦੀ ਉਪਜ ਹੈ। ਦਰਅਸਲ ਜਦੋਂ ਮਨੁੱਖ ਦੇ ਅੰਦਰ ਸ਼ੈਤਾਨ ਜਾਗ ਜਾਂਦਾ ਹੈ ਤਾਂ ਉਸਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿਸ ਨੂੰ ਬੇਰਹਿਮੀ ਨਾਲ ਮਾਰ ਰਿਹਾ ਹੈ। ਵੋਟਾਂ ਦੀ ਰਾਜਨੀਤੀ ਵੀ ਬੇਰਹਿਮੀ ਨਾਲ ਦੂਜੀ ਧਿਰ ਨੂੰ ਮਾਰਨ ਦਾ ਰਾਹ ਬਣਦੀ ਜਾ ਰਹੀ ਹੈ। ਇਸੇ ਕਰਕੇ ਔਰੰਗਜ਼ੇਬੀ ਸੋਚ ਵਧ-ਫੁੱਲ ਰਹੀ ਹੈ। ਭਾਰਤ ਵਿਚ ਸਿਆਸਤਦਾਨ ਇਸ ਵੱਡੇ ਹਥਿਆਰ ਦੀ ਵਰਤੋਂ ਖੁੱਲ੍ਹ ਕੇ ਕਰਨ 'ਚ ਕੋਈ ਸੰਕੋਚ ਨਹੀਂ ਕਰ ਰਹੇ।

ਬਿਨਾਂ ਸ਼ੱਕ ਦੇਸ਼ ਦੇ ਲੋਕ ਲੋਕ ਵਿਰੋਧੀ ਸਿਆਸਤਦਾਨਾਂ, ਕੱਟੜਪੰਥੀਆਂ ਦੀ ਔਰੰਗਜ਼ੇਬੀ ਸੋਚ ਪ੍ਰਤੀ ਸੁਚੇਤ ਹੋ ਰਹੇ ਹਨ, ਲੋਕਾਂ ਨੂੰ ਵਰਗਲਾਉਣ ਲਈ ਵਰਤੇ ਜਾਂਦੇ ਸਿਆਸੀ ਸੰਦਾਂ ਦੀ ਵਰਤੋਂ ਪ੍ਰਤੀ ਸਮਝ ਵੀ ਵਧਾ ਰਹੇ ਹਨ, ਪਰ ਲੋਕਾਂ ਨੂੰ ਆਪਸੀ ਭਰੋਸਾ ਵਧਾਉਣ ਵਾਲੀ ਸਮਝ ਵੀ ਪੈਦਾ ਕਰਨੀ ਪਵੇਗੀ, ਤਾਂ ਕਿ ਕਬਰਾਂ 'ਚ ਪਈ ਔਰੰਗਜ਼ੇਬੀ ਸੋਚ ਉਨ੍ਹਾਂ ਨੂੰ ਪਰੇਸ਼ਾਨ ਨਾ ਕਰ ਸਕੇ।

# ਮੇਰੇ ਜਨਮ ਦੀ ਮਿਤੀ, ਸਥਾਨ ਤੇ ਸਮੇਂ ਦੇ ਕਵੀਸ਼ਰ

ਇਨ੍ਹਾਂ ਸਤਰਾਂ ਦੇ ਛਪਣ ਸਮੇਂ ਮੈਂ 91 ਵਰ੍ਹੇ ਦਾ ਹੋ ਚੁੱਕਿਆ ਹੋਵਾਂਗਾ। 22 ਮਾਰਚ 1934 ਦੇ ਜਨਮ ਸਦਕਾ। ਉਂਝ ਮੈਂ ਕਾਗਜ਼ਾਂ ਵਿਚ ਇਹਦੇ ਨਾਲੋਂ ਗਿਆਰਾ ਮਹੀਨੇ ਛੋਟਾ ਹਾਂ। ਪ੍ਰਾਇਮਰੀ ਸਕੂਲ ਭੜੀ ਦੇ ਮੁਖੀ ਦੀ ਮਿਹਰਬਾਨੀ ਕਾਰਨ। ਮੈਂ ਤੇ ਮੇਰਾ ਛੋਟਾ ਮਾਮਾ ਹਾਣੀ ਸਾਂ। ਇੱਕੋ ਘਰ ਵਿਚ ਪੈਦਾ ਹੋਏ ਸਾਂ। ਸਕੂਲ ਵਿਚ ਦਾਖ਼ਲਾ ਕਰਨ ਵਾਲੇ ਨੇ ਉਮਰ ਪੁੱਛੀ ਤਾਂ ਮੇਰੇ ਨਾਨੇ ਨੇ ਸਾਨੂੰ ਚਾਰ-ਚਾਰ ਸਾਲ ਦੱਸਿਆ ਤਾਂ ਮੌਲਵੀ ਸਾਹਿਬ ਨੇ ਸਾਡੀ ਦੋਨਾਂ ਦੀ ਜਨਮ ਮਿਤੀ 27 ਫਰਵਰੀ 1935 ਲਿਖ ਦਿੱਤੀ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਜਿਹੜੀ ਸਾਡੀ ਠੀਕ ਮਿਤੀ ਨਾਲੋਂ 11-12 ਮਹੀਨੇ ਘੱਟ ਸੀ। ਅੱਜ ਦੇ ਦਿਨ ਮੇਰਾ ਹਾਣੀ ਮਾਮਾ ਪਰਲੋਕ ਸਿਧਾਰ ਚੁੱਕਾ ਹੈ। ਦੋ ਸਾਲ ਪਹਿਲਾਂ ਦੀ 27 ਫਰਵਰੀ ਨੂੰ। ਸਾਡੀ ਕਾਗਜ਼ੀ ਜਨਮ ਤਿਥੀ ਨੂੰ ਧਿਆਉਂਦਾ ਹੋਇਆ।

ਮੇਰੀ ਜਨਮ ਤਿਥੀ ਨੂੰ ਸੋਧਣ ਵਾਲਾ ਮੇਰਾ ਪਿਤਾ ਸੀ। ਮੈਂ ਆਪਣੇ ਮਾਪਿਆਂ ਦਾ ਪਹਿਲਾ ਬੱਚਾ ਸਾਂ ਤੇ ਮੇਰਾ ਮਾਮਾ ਆਪਣੇ ਮਾਪਿਆਂ ਦਾ ਆਖ਼ਰੀ। ਉਨ੍ਹਾਂ ਦਿਨਾਂ ਵਿਚ ਮੁਢਲੇ ਬੱਚਿਆਂ ਦੀ ਜਨਮ ਤਿਥੀ ਤਾਂ ਮਾਪੇ ਚੇਤੇ ਰੱਖਦੇ ਸਨ, ਪਿੱਛੋਂ ਜੰਮਿਆਂ ਦੀ ਨਹੀਂ।

ਨਾਨਕੀਂ ਪੈਦਾ ਹੋਣ ਕਾਰਨ ਮੇਰੇ ਨਾਂ ਵੀ ਦੋ ਸਨ। ਨਾਨਕਿਆਂ ਨੇ ਮੇਰਾ ਨਾਂ ਬਲਬੀਰ ਸਿੰਘ ਰਖਿਆ ਸੀ। ਦਾਦਕੇ ਪਿੰਡ ਪਹੁੰਚਿਆ ਤਾਂ ਮੇਰੀ ਦਾਦੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਸਮੇਂ 'ਗਗਾ' ਨਿਕਲਣ ਕਾਰਨ ਮੇਰਾ ਨਾਂ ਗੁਲਜ਼ਾਰਾ ਸਿੰਘ ਰੱਖ ਦਿੱਤਾ ਅਤੇ ਆਪਣੀ ਜ਼ਿਦ ਪੁਗਾ ਕੇ ਮੇਰੇ ਸਕੂਲ ਵਿਚ ਵੀ ਗੁਲਜ਼ਾਰਾ ਸਿੰਘ ਹੀ ਲਿਖਵਾਇਆ। ਮੈਂ ਆਪਣੇ ਨਾਨਕਿਆਂ ਦਾ ਬਲਬੀਰ ਸਿੰਘ ਉਰਫ ਬੱਲਾ ਹਾਂ ਤੇ ਦਾਦਕਿਆਂ ਦਾ ਗੁਲਜ਼ਾਰਾ ਸਿੰਘ।

ਚਾਰ ਦਹਾਕੇ ਪਹਿਲਾਂ ਮਾਰਕਸ ਫਰੈਂਡਾ ਨਾਮੀ ਅਮਰੀਕੀ ਪੱਤਰਕਾਰ ਮੇਰੀ ਇੰਟਰਵਿਊ ਲੈਣ ਆਇਆ ਤਾਂ ਉਸਨੇ ਮੇਰੇ ਨਾਨਕੇ ਪਿੰਡ ਜਾ ਕੇ ਮੇਰੀ ਮਾਂ ਦੀ ਉਮਰ ਦੇ ਬੰਦੇ ਨੂੰ ਮਿਲਣਾ ਚਾਹਿਆ। ਮੈਂ ਉਸਨੂੰ ਇੱਕ ਬਜ਼ੁਰਗ ਮਹਿਲਾ ਕੋਲ ਲੈ ਗਿਆ। ਉਹ ਮੰਜੇ ਉੱਤੇ ਚਾਦਰ ਤਾਣ ਕੇ ਲੇਟੀ ਹੋਈ ਸੀ। ਜਦੋਂ ਮੈਂ ਉਸਨੂੰ ਦੱਸਿਆ ਕਿ ਮੈਂ ਬੀਬੀ ਚਰਨੋ (ਮੇਰੀ ਮਾਂ ਨੂੰ ਉਥੇ ਏਸ ਹੀ ਨਾਂ ਨਾਲ ਜਾਣਦੇ ਸਨ) ਦਾ ਪੁੱਤ ਹਾਂ ਤਾਂ ਉਹ ਚਾਦਰ ਉਤਾਰ ਕੇ ਉਠ ਬੈਠੀ ਤੇ ਬੋਲੀ 'ਫੇਰ ਤਾਂ ਤੂੰ ਬੱਲਾ ਏਂ'। ਏਨਾ ਕਹਿ ਕੇ ਉਸਨੇ ਮੇਰਾ ਸਿਰ ਵੀ ਪਲੋਸਿਆ।

ਇਸ ਤਰ੍ਹਾਂ ਮੇਰੀਆਂ ਜਨਮ ਤਿਥੀਆਂ ਹੀ ਦੋ ਨਹੀਂ ਮੇਰੇ ਵਿਅਕਤਵ ਵੀ ਦੋ ਹਨ। ਇਹ ਗੱਲ ਵੱਖਰੀ ਹੈ ਕਿ ਮੈਂ ਆਪਣੇ ਪਿੰਡ ਤੋਂ ਦਿੱਲੀ ਜਾ ਕੇ ਗੁਲਜ਼ਾਰਾ ਨਾਲੋਂ ਕੰਨਾ ਲਾਹ ਕੇ ਅੰਤ ਵਿਚ ਸੰਧੂ ਜੋੜ ਲਿਆ ਤੇ ਗੁਲਜ਼ਾਰ ਸਿੰਘ ਸੰਧੂ ਹੋ ਗਿਆ। ਉਂਝ ਮੇਰੇ ਵਿਦਿਅਕ ਸਰਟੀਫਿਕੇਟਾਂ ਵਿਚ ਮੈਂ ਗੁਲਜ਼ਾਰਾ ਸਿੰਘ ਹੀ ਹਾਂ। ਸਮੇਂ ਸਮੇਂ ਦੀ ਗੱਲ ਹੈ।

ਮੈਂ ਆਪਣੀ ਜ਼ਿੰਦਗੀ ਦੇ ਮੁਢਲੇ ਚੌਦਾਂ ਸਾਲ ਆਪਣੇ ਨਾਨਕੇ ਪਿੰਡ ਰਹਿ ਕੇ ਪੜ੍ਹਿਆ ਹਾਂ। ਸਾਡੇ ਬਚਪਨ ਦੀਆਂ ਖੇਡਾਂ ਕੋਟਲਾ ਛਪਾਕੀ ਤੇ ਲੁਕਣ ਮੀਚੀ ਸਨ ਪੜ੍ਹਨ ਲਈ ਕਿੱਸੇ, ਜਿਨ੍ਹਾਂ ਨੂੰ ਚਿੱਠੇ ਵੀ ਕਿਹਾ ਜਾਂਦਾ ਸੀ। ਅਸੀਂ ਇਨ੍ਹਾਂ ਕਿੱਸਿਆਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਤੇ ਬੰਦਾ ਬਹਾਦਰ ਦੀ ਸ਼ਹੀਦੀ ਤੇ ਦੁੱਲੇ ਭੱਟੀ ਦੀ ਰਾਜਪੂਤੀ ਦਲੇਰੀ ਤੋਂ ਜਾਣੂ ਹੋਏ। ਇਹ ਕਿੱਸੇ ਅਸੀ ਪੜ੍ਹਨ ਵਾਲੀਆਂ ਕਿਤਾਬਾਂ ਵਿਚ ਏਸ ਤਰ੍ਹਾਂ ਰੱਖੇ ਹੁੰਦੇ ਸਨ ਜਿਵੇਂ ਸਾਡੇ ਪਾਠਕ੍ਰਮ ਦਾ ਹਿੱਸਾ ਹੋਣ। ਸੁੱਚਾ ਸਿੰਘ ਸੂਰਮਾ, ਰੂਪ ਬਸੰਤ ਤੇ ਬਿਧੀ ਚੰਦ ਦੇ ਘੋੜੇ ਵੀ ਇਨ੍ਹਾਂ ਵਿਚ ਸ਼ਾਮਲ ਸਨ। ਪਰ ਜੋ ਮਜ਼ਾ ਸ਼ਹੀਦੀ ਤੇ ਕੁਰਬਾਨੀ ਵਾਲੇ ਕਿੱਸੇ ਪੜ੍ਹ ਕੇ ਆਉਂਦਾ ਸੀ। ਉਸਦਾ ਕੋਈ ਜਵਾਬ ਨਹੀਂ ਸੀ। ਇਨ੍ਹਾਂ ਵਿਚੋਂ ਦੁੱਲਾ ਭੱਟੀ ਦਾ ਕਿੱਸਾ ਸਭ ਤੋਂ ਵੱਧ ਮਨਭਾਉਂਦਾ ਸੀ। ਉਸਦੀ ਦਲੇਰੀ ਆਮ ਰਾਜਪੂਤਾਂ ਨਾਲੋਂ ਵੱਖਰੀ ਸੀ। ਜਿਸਨੂੰ ਕਿੱਸਾ ਲਿਖਣ ਵਾਲਿਆਂ ਨੇ ਆਪਣੇ ਢੰਗ ਨਾਲ ਗੱਲਾਂ ਜੋੜ ਕੇ ਹੋਰ ਵੀ ਲਿਸ਼ਕਾ ਰੱਖਿਆ ਸੀ। ਪ੍ਰਮਾਣ ਵਜੋਂ ਦੁੱਲੇ ਦੀ ਅਕਬਰ ਉਤੇ ਚੜ੍ਹਾਈ ਤੋਂ ਪਹਿਲਾਂ 'ਹੋਣੀ' ਮਹਿਲਾ ਦਾ ਰੂਪ ਧਾਰ ਕੇ ਕੰਡਿਆਂ ਦਾ ਟੋਕਰਾ ਭਰ ਕੇ ਦੁੱਲੇ ਦੇ ਰਾਹ ਵਿਚ ਖਲੋ ਜਾਂਦੀ ਹੈ ਤੇ ਕਿੱਸਾਕਾਰ ਉਸਨੂੰ ਏਨਾ ਲਾਚਾਰ ਤੇ ਅਸਮਰੱਥ ਬਣਾ ਕੇ ਪੇਸ਼ ਕਰਦਾ ਹੈ ਕਿ ਉਸ ਤੋਂ ਟੋਕਰਾ ਨਹੀਂ ਚੁੱਕਿਆ ਜਾਂਦਾ। ਉਹ ਦੁੱਲੇ ਦੀ ਮਦਦ ਮੰਗਦੀ ਹੈ:

ਕੰਡਿਆਂ ਦਾ ਰੱਖਿਆ ਹੈ ਮੈਂ ਭਰਾਈ ਕੇ
ਦੁੱਲਿਆ ਤੇ ਟੋਕਰਾ ਚੁਕਾਈਂ ਆਈ ਕੇ

ਦੁੱਲਾ ਪੂਰੀ ਤਾਕਤ ਲਾ ਕੇ ਵੀ ਉਸ ਟੋਕਰੇ ਨੂੰ ਧਰਤੀ ਨਾਲੋਂ ਤੋੜ ਨਹੀਂ ਸਕਦਾ। ਹੋਣੀ ਨੇ ਕੰਡਿਆਂ ਦੇ ਟੋਕਰੇ ਰਾਹੀਂ ਦੁੱਲੇ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਬਾਦਸ਼ਾਹ ਅਕਬਰ ਨਾਲ ਪੰਗਾ ਲੈਣ ਦੀ ਥਾਂ ਵਾਪਸ ਪਰਤ ਜਾਵੇ। ਪਰ ਅਮੋੜ ਦੁੱਲਾ 'ਹੋਣੀ' ਦੇ ਸੰਦੇਸ਼ ਦੇ ਥਾਹ ਨਹੀਂ ਪਾਉਂਦਾ ਤੇ ਅਕਬਰ ਵਲੋਂ ਭੇਜੇ ਮਿਰਜ਼ਾ ਨਾਮੀ ਜਰਨੈਲ ਨੂੰ ਜਾ ਟੱਕਰਦਾ ਹੈ। ਇਹ ਗੱਲ ਵੱਖਰੀ ਹੈ ਕਿ ਏਥੇ ਦੁੱਲੇ ਦੀ ਮੱਦਾਹ ਸੁੰਦਰੀ ਮਿਰਜ਼ੇ ਨੂੰ ਭਰਮਾਉਣ ਉਸ ਦੇ ਕੈਂਪ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਉਸਦੇ ਹੁਸਨ ਬਾਰੇ ਕਵੀ ਦੇ ਬੋਲ ਹਨ:

ਕੱਦ ਉਸਦਾ ਸਰੂ ਦੇ ਰੁੱਖ ਵਰਗਾ
ਚਿੱਟੇ ਵਾਂਗ ਬਲੌਰ ਦੇ ਦੰਦ ਜਾਣੀ

ਉਹ ਆਪਣੀ ਅਦਾ ਨਾਲ ਉਸ ਜਰਨੈਲ ਨੂੰ ਏਨਾ ਮੋਹ ਲੈਂਦੀ ਹੈ ਕਿ ਮਿਰਜ਼ਾ ਉਸਨੂੰ ਆਪਣੇ ਨਿੰਜੀ ਟਿਕਾਣੇ ਵਿਚ ਲੈ ਜਾਂਦਾ ਹੈ। ਇਹ ਉਹ ਟਿਕਾਣਾ ਹੈ ਜਿੱਥੇ ਉਸ ਨੇ ਗੋਲਾ ਬਰੂਦ ਵੀ ਰੱਖਿਆ ਹੋਇਆ ਹੈ ਤੇ ਉਹ ਤੌਕ ਵੀ ਜਿਸ ਵਿਚ ਦੁੱਲੇ ਨੂੰ ਨੂੜ ਕੇ ਅਕਬਰ ਦੇ ਦਰਬਾਰ ਵਿਚ ਪੇਸ਼ ਕਰਨਾ ਹੈ। ਏਥੇ ਸੁੰਦਰੀ ਭੋਲੀ ਬਣ ਕੇ ਮਿਰਜ਼ੇ ਤੋਂ ਇਸ ਤੌਕ ਨੂੰ ਵਰਤਣ ਦਾ ਤਰੀਕਾ ਸਮਝਣਾ ਚਾਹੁੰਦੀ ਹੈ ਤਾਂ ਕਾਮ ਦੇਵਤੇ ਦਾ ਸ਼ਿਕਾਰ ਹੋਇਆ ਮਿਰਜ਼ਾ ਉਸ ਤੌਕ ਨੂੰ ਆਪਣੇ ਸਾਹਮਣੇ ਰੱਖ ਕੇ ਪਹਿਲਾਂ ਉਸ ਵਿਚ ਆਪਣੇ ਪੈਰ ਫਸਾ ਲੈਂਦਾ ਹੈ ਤੇ ਫੇਰ ਝੁਕ ਕੇ ਆਪਣਾ ਸਿਰ ਵੀ ਤੌਕ ਵਿਚ ਦੇ ਦਿੰਦਾ ਹੈ। ਸੁੰਦਰੀ ਦਾਓ ਖੇਲ ਜਾਂਦੀ ਹੈ :

ਮਿਰਜ਼ਾ ਦੱਸਦਾ ਸਿਰ ਤੇ ਪੈਰ ਪਾ ਕੇ
ਉੱਤੋਂ ਸੁੰਦਰੀ ਮਾਰਦੀ ਜੰਦ ਜਾਣੀ

ਭਾਵ ਇਹ ਕਿ ਦੁੱਲੇ ਨੂੰ ਨੂੜਨ ਲਈ ਲਿਆਂਦੇ ਤੌਕ ਵਿਚ ਮਿਰਜ਼ਾ ਖ਼ੁਦ ਹੀ ਨੂੜਿਆ ਜਾਂਦਾ ਹੈ ਤੇ ਅਕਬਰ ਦੀ ਫ਼ੌਜ ਦੁੱਲੇ ਅਗੇ ਹਥਿਆਰ ਸੁੱਟ ਦਿੰਦੀ ਹੈ।

ਇਹ ਅਤੇ ਇਹੋ ਜਿਹੇ ਅਨੇਕ ਪ੍ਰਸੰਗ ਮੈਂ ਆਪਣੇ ਬਚਪਨ ਵਿਚ ਆਪਣੇ ਨਾਨਕਿਆਂ ਦੇ ਕਵੀਸ਼ਰਾਂ ਕੋਲੋਂ ਸੁਣ ਕੇ ਵੱਡਾ ਹੋਇਆ ਹਾਂ। ਗਾਉਣ ਵਾਲਿਆਂ ਵਿਚੋਂ ਗਿਰਧਾਰੀ ਲਾਲ ਤੇ ਮੁਹੰਮਦ ਸਦੀਕ ਪ੍ਰਮੁੱਖ ਸਨ। ਸਦੀਕ ਦਾ ਨਾਨਕਾ ਪਿੰਡ ਔੜ ਸੀ। ਜਿਸਨੇ ਉਸਨੂੰ ਮੁਹੰਮਦ ਸਦੀਕ ਔੜੀਆਂ ਬਣਾ ਦਿੱਤਾ।

ਦੁੱਲੇ ਵਰਗਿਆਂ ਬਾਰੇ ਲਿਖ ਕੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਦੇ ਮਨਪ੍ਰਚਾਵੇ ਉਸਾਰੂ ਸਨ। ਅੱਜ-ਕੱਲ੍ਹ ਤਾਂ ਬੱਚੇ ਮੋਬਾਈਲ ਬਿਨਾਂ ਸਾਹ ਹੀ ਨਹੀਂ ਲੈਂਦੇ। ਉਨ੍ਹਾਂ ਦਾ ਜੀਵਨ ਮੋਬਾਈਲਾਂ ਵਿਚ ਸੁੰਗੜ ਕੇ ਰਹਿ ਗਿਆ ਹੈ। ਕੱਲ੍ਹ ਨੂੰ ਮਸਨੂਈ ਬੁੱਧੀ (ਏ ਆਈ) ਕਿਧਰ ਲੈ ਕੇ ਜਾਂਦੀ ਹੈ ਸਮੇਂ ਨੇ ਦੱਸਣਾ ਹੈ।

ਅੱਜ ਦੇ ਦਿਨ ਦੁੱਲੇ ਭੱਟੀ ਨੂੰ ਚੇਤੇ ਕਰਨ ਦਾ ਇੱਕ ਕਾਰਨ ਇਹ ਵੀ ਹੈ ਕਿ ਪਾਕਿਸਤਾਨ ਦੇ ਵਸਨੀਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਦੁੱਲਾ ਭੱਟੀ ਕਹਿ ਕੇ ਚੇਤੇ ਕਰਦੇ ਹਨ। ਭਗਤ ਸਿੰਘ ਸ਼ਹੀਦਾਂ ਦਾ ਸਿਰਤਾਜ ਸੀ। ਕੁਰਬਾਨੀ ਦਾ ਪੁਤਲਾ!

**ਅੰਤਿਕਾ**

ਮੁਹੰਮਦ ਸਦੀਕ ਦੇ ਬੋਲ॥
ਅਸਾਂ ਭਰਿਆ ਤ੍ਰਿੰਜਣ ਛੱਡ ਜਾਣਾ,
ਚਿੱਠੀ ਆ ਗਈ ਜ਼ੋਰਾਵਰ ਦੀ।
ਏਥੇ ਮੁੜ ਕੇ ਕਿਸੇ ਨਹੀਂ ਆਣਾ,
ਚਿੱਠੀ ਆ ਗਈ ਜ਼ੋਰਾਵਰ ਦੀ।

# ਅਥ ਦਾਵਾਨਲ ਕਥੰ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸਾਡੇ ਪਿੰਡ ਦੇ ਘਰ ਲਾਗੇ ਹੀ ਇੱਕ ਪੀਣ ਵਾਲੇ ਸੋਡੇ, ਮਤਲਬ ਬੱਤੇ ਦੀ ਦੁਕਾਨ ਹੁੰਦੀ ਸੀ। ਇਸ ਵਿਚ ਬੱਤੇ ਭਰਨ ਵਾਲੀ ਮਸ਼ੀਨ ਵੀ ਸੀ ਇਸ ਲਈ ਇਸ ਨੂੰ ਬੱਤੇ ਦਾ ਕਰਖਾਨਾ ਵੀ ਕਿਹਾ ਜਾ ਸਕਦਾ ਹੈ। ਮਸ਼ੀਨ ਦੇ ਇੱਕ ਰਖਨੇ ਉੱਤੇ ਦੁਕਾਨਦਾਰ ਪਿਉ ਪੁੱਤਰ ਖਾਲੀ ਬੋਤਲ ਰੱਖ ਕੇ ਇਸ ਨੂੰ ਪੁੱਠਾ ਸਿੱਧਾ ਕਰਦੇ, ਮਸ਼ੀਨ ਛਿੱਕ ਛਿੱਕ ਕਰਦੀ ਬੋਤਲ ਵਿਚ ਸੋਡਾ ਭਰ ਦਿੰਦੀ ਤੇ ਨਾਲ ਹੀ ਡੱਟ ਵੀ ਲਾ ਦਿੰਦੀ। ਉਦੋਂ ਗਰਮੀਆਂ ਦੌਰਾਨ ਇਹ ਬੱਤੇ ਪੀਣਾ ਵੱਡੀ ਅਯਾਸ਼ੀ ਹੁੰਦੀ ਸੀ। ਦੁਧ-ਸੋਡਾ ਯਾਦ ਕਰ ਕੇ ਤਾਂ ਅੱਜ ਵੀ ਮੂੰਹ ਵਿਚ ਦੁਧ-ਸੋਡਾ ਭਰ ਜਾਂਦਾ ਹੈ। ਭਰ ਗਰਮੀਆਂ ਦੇ ਦਿਨ ਸਨ, ਮੈਂ ਸਕੂਲੋਂ ਘਰ ਨੂੰ ਮੁੜਦਿਆਂ ਮੁੜਕੋ-ਮੁੜਕੀ ਹੋਇਆ ਪਿਆ ਸੀ। ਰਸਤੇ ਵਿਚ ਇਸ 'ਛਿੱਕ ਛਿੱਕ' ਦੀ ਆਵਾਜ਼ ਸੁਣੀ ਤਾਂ ਸੋਡਾ ਪੀਣ ਲਈ ਜੀਭ ਤੜਪ ਗਈ। ਬਸਤਾ ਸੁੱਟਦਿਆਂ ਆਪਣੀ ਮਾਂ ਤੋਂ ਸੋਡਾ ਲੈਣ ਲਈ ਤਿੰਨ ਅਨਿਆਂ ਦਾ ਤਰਲਾ ਕੀਤਾ। ਕਿਰਸ ਦੀ ਮੂਰਤੀ ਮੇਰੀ ਮਾਂ ਮੇਰੇ ਮੁੜਕੇ ਕਾਰਨ ਪਸੀਜ ਗਈ। ਮੈਂ ਸਰਪੱਟ ਦੁਕਾਨ 'ਤੇ ਪੁੱਜ ਗਿਆ। ਦੁਕਾਨਦਾਰ ਪਿਉ ਪੁੱਤਰ ਬੋਤਲਾਂ ਭਰ ਰਹੇ ਸਨ। ਮੈਂ ਜਾ ਕੇ ਉਨ੍ਹਾਂ ਕੋਲ ਜਲਦੀ ਜਲਦੀ ਬੋਤਲ ਦੀ ਮੰਗ ਕੀਤੀ ਪਰ ਉਨ੍ਹਾਂ ਕੰਨ ਨਾ ਧਰਿਆ। ਉਹ ਸ਼ਾਇਦ ਹਥਲਾ ਕੰਮ ਨਿਬੇੜਨਾ ਚਾਹੁੰਦੇ ਸਨ। ਤਿੰਨ ਚਾਰ ਵਾਰੀ ਸੌਦੇ ਦੀ ਮੰਗ ਦੁਹਰਾਉਣ 'ਤੇ ਪਿਉ ਨੇ ਤਮਕ ਕੇ ਆਖਿਆ, 'ਕਿਉਂ ਡੌਅ ਬਲਦਾ'? ਮੈਂ ਕੁਝ ਪਰੇਸ਼ਾਨ ਹੋਇਆ। 'ਡੌਅ ਬਲਨਾ' ਮੁਹਾਵਰਾ ਮੈਂ ਪਹਿਲੀ ਵਾਰ ਸੁਣਿਆ ਸੀ ਪਰ ਬੋਲਣ ਦੇ ਅੰਦਾਜ਼ ਅਤੇ ਪ੍ਰਸੰਗ ਤੋਂ ਸਮਝ ਗਿਆ ਕਿ ਇਸ ਦਾ ਮਤਲਬ ਬਹੁਤ ਪਿਆਸ ਲੱਗੀ ਹੋਣਾ ਹੈ। ਦੁਕਾਨਦਾਰ ਨੇ ਬੋਤਲ ਤਾਂ ਦੇਣੀ ਹੀ ਸੀ। ਆਮ ਭਾਸ਼ਾ ਤੇ ਅਲੰਕਾਰਕ ਭਾਸ਼ਾ ਨਾਲੋ ਨਾਲ ਚਲਦੀਆਂ ਹਨ। ਅਸੀਂ ਜੋ ਵੀ ਸ਼ਬਦ, ਉਕਤੀਆਂ, ਮੁਹਾਵਰੇ ਪਹਿਲੀ ਵਾਰ ਸੁਣਦੇ ਹਾਂ ਉਨ੍ਹਾਂ ਦੇ ਮਾਅਨੇ ਗੱਲਬਾਤ ਦੇ ਪ੍ਰਸੰਗ ਤੋਂ ਹੀ ਸਿੱਖਦੇ ਹਾਂ। ਬਾਰ ਬਾਰ ਓਹੀ ਬੋਲ ਸੁਣਨ ਨਾਲ ਉਨ੍ਹਾਂ ਦੇ ਅਰਥ ਸਾਡੇ ਦਿਮਾਗ ਵਿਚ ਪੱਕੇ ਹੁੰਦੇ ਜਾਂਦੇ ਹਨ ਤੇ ਫਿਰ ਤਸੱਲੀ ਨਾਲ ਖੁਦ ਵੀ ਬੋਲਣਾ ਸ਼ੁਰੂ ਕਰ ਦਿੰਦੇ ਹਾਂ। ਆਮ ਲੋਕਾਂ ਪਾਸ ਕਿਹੜਾ ਡਿਕਸ਼ਨਰੀਆਂ ਹੁੰਦੀਆਂ ਹਨ। ਅਨਪੜ੍ਹ ਤੋਂ ਅਨਪੜ੍ਹ ਬੰਦਿਆਂ ਕੋਲ ਵੀ ਹਜ਼ਾਰਾਂ ਸ਼ਬਦਾਂ ਮੁਹਾਵਰਿਆਂ ਦਾ ਭੰਡਾਰ ਹੁੰਦਾ ਹੈ। ਉਂਜ ਕਿਸੇ ਨੂੰ ਕਿਸੇ ਸ਼ਬਦ ਦੇ ਪਿਛੋਕੜ ਬਾਰੇ ਪੁੱਛ ਲਵੋ, ਸ਼ਾਇਦ ਹੀ ਕੋਈ ਇਸ ਦਾ ਉਤਰ ਦੇ ਸਕੇ। ਕਿਸੇ ਨੂੰ ਕਦੇ ਲੋੜ ਹੀ ਨਹੀਂ ਭਾਸੀ, ਸਭਨਾਂ ਨੂੰ ਇਹ ਸਵਾਲ ਫਜ਼ੂਲ ਲਗਦਾ ਹੈ। ਉਹ ਸਮਝਦੇ ਹਨ ਵਸਤੂ ਅਤੇ ਇਸ ਨੂੰ ਵਿਅਕਤ ਕਰਦੇ ਬੋਲ ਦਾ ਸਬੰਧ ਅਨਿੱਖੜਵਾਂ ਤੇ ਸਹਿਜ ਹੈ।

'ਡੌਅ ਬਲਨਾ' ਦੀ ਗੱਲ ਚੱਲ ਰਹੀ ਸੀ ਜਿਸ ਨੂੰ ਬੱਤੇ ਨਾਲ ਬੁਝਾਉਣਾ ਸੀ। ਪਹਿਲਾਂ ਇਸ ਬੱਤੇ ਦੀ ਹੀ ਸਾਰ ਲੈ ਲੈਂਦੇ ਹਾਂ। ਬਹੁਤਿਆਂ ਨੇ ਸੁਣਿਆ ਹੋਵੇਗਾ ਕਿ 'ਬੱਤਾ' ਸ਼ਬਦ ਬੋਤਲ ਦਾ ਸੰਕੁਚਤ ਰੂਪ ਹੈ। ਪਰ ਮਾਮਲਾ ਥੋੜਾ ਟੇਢਾ ਹੈ। ਬਹੁਤ ਸਾਰੇ ਕੋਸ਼ਾਂ ਅਨੁਸਾਰ ਬੋਤਲ ਸ਼ਬਦ ਅੰਗਰੇਜ਼ੀ ਬੌਟਲ (bottle) ਤੋਂ ਬਣਿਆ ਹੈ। ਪਰ ਗੱਲ ਏਨੀ ਸਿੱਧੀ ਨਹੀਂ। ਜੇ ਬੌਟਲ ਤੋਂ ਬਣਿਆ ਤਾਂ ਇਸ ਵਿਚਲੀ ਟ ਧੁਨੀ ਤ ਵਿਚ ਅਤੇ ਔ ਧੁਨੀ ਓ ਵਿਚ ਕਿਉਂ ਬਦਲ ਗਈ? ਕੀ ਅਸੀਂ ਟ ਨਹੀਂ ਬੋਲ ਸਕਦੇ? ਮੇਰੀ ਸ਼ੱਕ ਮੇਰੀ ਇਸ ਜਾਣਕਾਰੀ ਤੋਂ ਪੱਕੀ ਹੋਈ ਕਿ ਸਾਡਾ ਤੌਲੀਆ ਸ਼ਬਦ ਅੰਗਰੇਜ਼ੀ ਟੌਵਲ ਤੋਂ ਨਹੀਂ ਬਲਕਿ ਪੁਰਤਗੀਜ਼ ਤੁਆਲੀਆ ਤੋਂ ਬਣਿਆ ਹੈ। ਬੋਤਲ ਬਾਰੇ ਕੋਸ਼ਾਂ ਤੋਂ ਮੇਰੀ ਤਸੱਲੀ ਨਾ ਹੋਈ ਤਾਂ ਮੈਂ ਹੋਰ ਸ੍ਰੋਤ ਫਰੋਲੇ। ਪਤਾ ਲੱਗਾ ਕਿ ਇਹ ਸ਼ਬਦ ਵੀ ਆਖਰ ਪੁਰਤਗੀਜ਼ ਭਾਸ਼ਾ ਤੋਂ ਹੀ ਆਇਆ ਹੈ ਤੇ ਏਥੇ ਅੱਜ ਤੋਂ ਕਈ ਸਦੀਆਂ ਪਹਿਲਾਂ ਇਸ ਦਾ ਉਚਾਰਣ ਬੋਤਲ ਜਿਹਾ ਸੀ। ਪਰ ਹੈਰਾਨੀ ਵਾਲੀ ਗੱਲ ਹੈ ਕਿ ਅਜੋਕੀ ਪੁਰਤਗੀਜ਼ ਭਾਸ਼ਾ ਵਿਚ ਇਸ ਪਾਤਰ ਲਈ ਬੋਤਲ ਨਹੀਂ ਬਲਕਿ ਗੇਰਾਫਾ garrafa ਸ਼ਬਦ ਹੈ ਜੋ ਅੱਗੇ ਅਰਬੀ ਦੇ ਗ਼ੁਰਫਾ ਤੋਂ ਲਿਆ ਗਿਆ ਹੈ। ਬੋਤਲ ਲਈ ਪੁਰਤਗੀਜ਼ ਸ਼ਬਦ botelha ਸੀ ਜਿਸ ਦਾ ਉਚਾਰਣ ਬੋਤੇਲੀਆ ਜਿਹਾ ਹੈ। ਭਾਰਤ ਦੇ ਦੱਖਣੀ ਹਿੱਸੇ ਵਿਚ ਪੁਰਤਗੀਜ਼ਾਂ ਦਾ ਰਾਜ ਸੋਲ੍ਹਵੀਂ ਸਦੀ ਤੋਂ ਸ਼ੁਰੂ ਹੋਇਆ। ਪੁਰਤਗੀਜ਼ ਰੁਮਾਂਸ ਭਾਸ਼ਾ ਪਰਿਵਾਰ ਨਾਲ ਸਬੰਧ ਰੱਖਦੀ ਹੈ ਜਿਸ ਵਿਚ ਸਪੇਨੀ, ਇਤਾਲਵੀ, ਫਰਾਂਸੀਸੀ, ਰੁਮਾਨੀਅਨ ਆਦਿ ਭਾਸ਼ਾਵਾਂ ਵੀ ਸ਼ਾਮਿਲ ਹਨ ਤੇ ਇਹ ਸਾਰੀਆਂ ਲਾਤੀਨੀ ਭਾਸ਼ਾ 'ਚੋਂ ਨਿਕਲੀਆਂ ਹਨ। ਇਸੇ ਲਈ ਲਾਤੀਨ ਦੇ ਰੋਮ ਤੋਂ ਇਨ੍ਹਾਂ ਨੂੰ ਰੋਮਾਂਸ ਭਾਸ਼ਾਵਾਂ ਕਿਹਾ ਜਾਂਦਾ ਹੈ। ਪੁਰਤਗੀਜ਼ ਬੋਤੇਲੀਆ ਅੱਗੇ ਫਰਾਂਸੀਸੀ bouteille ਤੋਂ ਲਿਆ ਗਿਆ ਹੈ ਤੇ ਸ਼ਬਦ ਦਾ ਸਿਰਾ ਲਾਤੀਨੀ buttis ਵਿਚ ਹੈ ਜਿਸ ਦਾ ਪਰਾਚੀਨ ਵਿਚ ਮਤਲਬ ਪੀਪਾ, ਢੋਲ, ਮੱਟ ਜਿਹਾ ਸੀ।



'ਡੌਅ ਬਲਨਾ' 'ਤੇ ਲਿਖਣ ਲਈ ਮੇਰੀ ਪਰੇਰਨਾ ਪਿਛਲੇ ਮਹੀਨਿਆਂ ਵਿਚ ਕੈਲੀਫੋਰਨੀਆ ਦੇ ਸ਼ਹਿਰ ਲੌਸ ਐਂਜਲਸ ਦੇ ਜੰਗਲਾਂ ਵਿਚ ਲੱਗੀ ਭਿਆਨਕ ਅੱਗ ਤੋਂ ਮਿਲੀ ਜਿਸ ਵਿਚ 27 ਬੰਦੇ ਮਾਰੇ ਗਏ ਤੇ ਲੱਗਭਗ 15000 ਇਮਾਰਤਾਂ ਜਲ ਗਈਆਂ। ਅੱਗ ਦਾ ਕਾਰਨ ਤੇਜ਼ ਹਵਾਵਾਂ, ਸੋਕਾ ਤੇ ਬਹੁਤ ਸਾਰੀ ਬਨਸਪਤੀ ਦਾ ਇਕੱਠੇ ਹੋਣਾ ਸੀ। ਇਸ ਮੁਹਾਵਰੇ ਵਿਚ ਬਲਨਾ ਸ਼ਬਦ ਤੋਂ ਪਤਾ ਲਗਦਾ ਹੈ ਕਿ ਕਿਸੇ ਚੀਜ਼ ਦੇ ਬਲਣ, ਜਲਣ ਦੀ ਗੱਲ ਹੈ ਤੇ ਉਹ ਚੀਜ਼ ਹੈ ਡੌਅ। ਇਹ ਸ਼ਬਦ ਅਸਲ ਵਿਚ ਜੰਗਲ ਦੀ ਅੱਗ ਲਈ ਹੀ ਵਰਤਿਆ ਜਾਂਦਾ ਹੈ। ਜੰਗਲ ਦੀ ਭਿਆਨਕ, ਫੈਲਵੀਂ ਅੱਗ ਤੋਂ ਹੀ ਇਸ ਵਿਚ ਲਾਖਣਿਕ ਰੂਪ ਵਿਚ ਤੀਬਰ ਪਿਆਸ ਦੇ ਭਾਵ ਉਜਾਗਰ ਹੋਏ। ਅੰਗਰੇਜ਼ੀ ਵਿਚ ਅਜੇਹੀ ਵਿਆਪਕ ਫੈਲਵੀਂ ਅੱਗ ਨੂੰ wildfire ਕਿਹਾ ਜਾਂਦਾ ਹੈ। ਇਸ ਸ਼ਬਦ ਦੇ ਹੋਰ ਭੇਦ/ ਸ਼ਬਦ ਜੋੜ ਹਨ: ਡੌਅ, ਡੌ, ਡਉ, ਡੌਂ, ਡੌਂਹ ਆਦਿ। ਕੁਝ ਉਦਾਹਰਣ ਲੈਂਦੇ ਹਾਂ, 'ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ'- ਫਰੀਦ। 'ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ'- ਗੁਰੂ ਨਾਨਕ। ਜੰਗਲ ਦੀ ਅੱਗ ਤੋਂ ਤੀਬਰ ਪਿਆਸ, ਹੋਰ ਅੱਗੇ ਸ਼ਰਾਬ ਦੀ ਤੜਫ, ਫਿਰ ਤੀਬਰ ਭੁੱਖ ਅਤੇ ਤੀਬਰ ਇਛਾ ਤੱਕ ਅਰਥ ਪਹੁੰਚ ਜਾਂਦੇ ਹਨ। ਚਲੋ ਦੇਖਦੇ ਹਾਂ,

'ਕੁੱਤੇ ਬੰਦਿਆ, ਤੇਰੇ ਡੌਅ ਫੁੱਟਿਆ ਹੋਇਆ ਏ? ਲੱਗ ਪਿਆ ਆਉਂਦਾ ਹੀ ਡੱਫਣ'?

'ਸਬੇਰੇ ਈ ਡੌਅ ਲੱਗ ਗਿਆ ਲੰਬੜਾ?' ਭਾਈਏ ਨੇ ਪੁੱਛਿਆ'।

'ਆਹ ਮੈਂ ਪਹਿਲਾਂ ਮੱਝ ਨੂੰ ਤੂੜੀ 'ਚ ਵੰਡ ਤਾਂ ਰਲ਼ਾ ਲਵਾਂ। ਰਾਤ ਨੂੰ ਚਾਹ ਵੀ ਡੌਅ ਲੈਣੀ ਐ''।

ਇਨ੍ਹਾਂ ਮਿਸਾਲਾਂ ਤੋਂ ਪਤਾ ਲਗਦਾ ਹੈ ਕਿ ਡੌਅ ਦੇ ਨਾਲ ਸਿਰਫ਼ ਬਲਣਾ ਹੀ ਨਹੀਂ ਸਗੋਂ ਹੋਰ ਕਿਰਿਆਵਾਂ ਵੀ ਲੱਗ ਗਈਆਂ ਹਨ ਜਿਵੇਂ ਫੁੱਟਣਾ, ਲੱਗਣਾ, ਲੈਣਾ ਆਦਿ। ਇਸ ਸ਼ਬਦ ਦਾ ਸੰਸਕ੍ਰਿਤ ਰੂਪ 'ਦਵ' ਜਾਂ 'ਦਾਵ' ਹੈ ਤੇ ਪ੍ਰਾਕ੍ਰਿਤ ਤੇ ਪਾਲੀ ਵਿਚ ਵੀ ਅਜਿਹੇ ਰੂਪ ਹਨ। ਗੁਰੂ ਅਰਜਨ ਦੇਵ ਨੇ ਦਾਵਾ ਸ਼ਬਦ ਜੰਗਲ ਦੀ ਅੱਗ ਦੇ ਅਰਥ ਵਜੋਂ ਵਰਤਿਆ ਹੈ, "ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ" ਭਾਵ ਜਦੋਂ ਜੰਗਲ ਨੂੰ ਅੱਗ ਲੱਗਦੀ ਹੈ ਤਾਂ ਸਾਰਾ ਘਾਹ-ਬੂਟ ਸੜ ਜਾਂਦਾ ਹੈ, ਕੋਈ ਵਿਰਲਾ ਹਰਾ ਰੁੱਖ ਬਚਦਾ ਹੈ। ਭਾਵੇਂ ਇਸ ਦੇ ਅਧਿਆਤਮਕ ਅਰਥ ਹੋਰ ਹਨ। ਇਸ ਦਾ ਇੱਕ ਰੂਪ ਡਵਿ ਵੀ ਹੈ,'ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ'- ਗੁਰੂ ਨਾਨਕ।

ਕੋਸ਼ਾਂ ਵਿਚ ਦਵ/ਦਾਵ ਸ਼ਬਦ ਦੇ ਮੂਲ ਅਰਥਾਂ ਵਿਚ ਭੰਬਲਭੂਸਾ ਦਿਸਦਾ ਹੈ। ਕਿਧਰੇ ਇਸ ਦਾ ਅਰਥ ਜੰਗਲ ਦਿੱਤਾ ਹੈ, ਕਿਧਰੇ ਜੰਗਲ ਦੀ ਅੱਗ ਤੇ ਕਿਧਰੇ ਸਿਰਫ ਅੱਗ। ਪਰ ਵਰਤੋਂ ਵਿਚ ਇਸ ਦਾ ਮੁਢਲਾ ਅਰਥ ਜੰਗਲ ਦੀ ਅੱਗ ਹੀ ਨਿਕਲਦਾ ਹੈ। ਟਰਨਰ ਨੇ ਇਸ ਦਾ ਧਾਤੂ *ਦੁ ਦੱਸਿਆ ਹੈ ਜਿਸ ਵਿਚ ਬਲਣ, ਜਲਣ ਦੇ ਭਾਵ ਹਨ। ਖੋਵਾਰ ਨਾਮੀਂ ਦਾਰਦਿਕ ਵਿਚ 'ਦੌਅ' ਦਾ ਅਰਥ ਮਸ਼ਾਲ ਅਤੇ ਇਕ ਪ੍ਰਕਾਰ ਦਾ ਦਰਖਤ ਵੀ ਹੈ। ਸਿੰਧੀ ਵਿਚ 'ਡੌ' ਦਾ ਅਰਥ ਜਲਣ, ਸਾੜਾ, ਈਰਖਾ ਵੀ ਹੈ। ਹੋਰ ਭਾਸ਼ਾਵਾਂ ਵਿਚ ਇਹ ਬਾਲਣ ਦਾ ਅਰਥਾਵਾਂ ਵੀ ਹੈ। ਇਉਂ ਲਗਦਾ ਹੈ ਕਿ ਦਵ/ਦਾਵ ਜਿਹੇ ਸ਼ਬਦ ਦਾ ਮੁਢਲਾ ਭਾਵ ਤਾਂ ਬਲਣਾ, ਜਲਣਾ ਹੋਵੇਗਾ ਪਰ ਇਸ ਦਾ ਇਹ ਅਰਥ ਜੰਗਲ ਦੀ ਅੱਗ ਦੇ ਅਰਥਾਂ ਵਿਚ ਹੀ ਰੂੜ੍ਹ ਹੋ ਜਾਣ ਕਾਰਨ ਇਸ ਦਾ ਇੱਕ ਅਰਥ ਜੰਗਲ ਤੇ ਫਿਰ ਲਕੜੀ ਜਾਂ ਦਰਖਤ ਵੀ ਹੋ ਗਿਆ।

'ਦਾਵ' ਸ਼ਬਦ ਦੇ ਨਾਲ 'ਅਨਲ' ਲੱਗ ਕੇ ਇੱਕ ਸੰਯੁਕਤ ਸ਼ਬਦ ਬਣਦਾ ਹੈ 'ਦਾਵਾਨਲ' ਜਿਸ ਦਾ ਅਰਥ ਵੀ ਜੰਗਲ ਦੀ ਅੱਗ ਹੀ ਹੈ ਤੇ ਇਸ ਵਿਚ ਕੋਈ ਅਸਪਸ਼ਟਤਾ ਨਹੀਂ। ਏਥੇ ਇਹ ਦੱਸਣਾ ਬਣਦਾ ਹੈ ਕਿ 'ਸੰਸਕ੍ਰਿਤ ਅਨਲ ਦਾ ਅਰਥ ਵੀ ਅਸਲ ਵਿਚ ਅੱਗ ਹੀ ਹੈ। ਜੋ ਸ੍ਰੋਤ ਦਾਵ/ਦਵ ਦਾ ਅਰਥ ਜੰਗਲ ਕਰਦੇ ਹਨ ਉਨ੍ਹਾਂ ਲਈ ਦਾਵਾਨਲ ਦਾ ਅਰਥ ਜੰਗਲ ਦੀ ਅੱਗ ਦਰਸਾਉਣਾ ਸੌਖਾ ਹੀ ਹੈ ਪਰ ਜੇ ਅਸੀਂ ਦਵ/ਦਾਵ ਦਾ ਅਰਥ ਅੱਗ ਕਰਦੇ ਹਾਂ ਤਾਂ ਫਿਰ ਦਾਵਾਨਲ ਦਾ ਅਰਥ 'ਅੱਗ-ਅੱਗ' ਹੀ ਨਿਕਲੇਗਾ ਜੋ ਅਟਪਟਾ ਲਗਦਾ ਹੈ। ਪਰ ਸਾਡੀਆਂ ਭਾਸ਼ਾਵਾਂ ਵਿਚ ਦੋ ਸਮਾਨਅਰਥਕ ਸ਼ਬਦ ਮਿਲਾ ਕੇ ਬਣਾਈਆਂ ਦੁਰੁਕਤੀਆਂ ਦਾ ਆਮ ਹੀ ਪਰਚਲਨ ਹੈ। ਮਿਸਾਲ ਵਜੋਂ ਜਲ-ਪਾਣੀ, ਉੱਚਾ-ਲੰਮਾ, ਕੰਮ-ਕਾਰ ਆਦਿ। '24 ਅਵਤਾਰਕ੍ਰਿਸ਼ਨ' ਦਾ ਸਵੱਈਆ 'ਅਥ ਦਾਵਾਨਲ ਕਥੰ' ਨਾਲ ਸ਼ੁਰੂ ਹੁੰਦਾ ਹੈ ਜਿਸ ਦਾ ਮਤਲਬ ਹੈ ਹੁਣ ਜੰਗਲ ਦੀ ਅੱਗ ਦੀ ਕਥਾ ਸ਼ੁਰੂ ਹੁੰਦੀ ਹੈ। ਸੰਖੇਪ ਵਿਚ ਕਥਾ ਇਸ ਤਰ੍ਹਾਂ ਹੈ: ਬ੍ਰਿਜ ਦੇ ਲੋਕ ਖੁਸ਼ੀ ਖੁਸ਼ੀ ਆਪਣੇ ਘਰ ਸੁੱਤੇ ਹੋਏ ਹਨ। ਰਾਤ ਨੂੰ ਚਾਰੇ ਪਾਸੇ ਅੱਗ ਲੱਗ ਗਈ ਤੇ ਸਾਰੇ ਡਰ ਗਏ। ਸਭ ਨੇ ਸੋਚਿਆ ਕਿ ਕ੍ਰਿਸ਼ਨ ਸਾਡੀ ਰੱਖਿਆ ਕਰਨਗੇ। ਜਿਉਂ ਸਭ ਨੇ ਅੱਖਾਂ ਮੀਟੀਆਂ ਕ੍ਰਿਸ਼ਨ ਨੇ ਸਾਰੀ ਅੱਗ ਪੀ ਲਈ ਤੇ ਸਾਰਿਆਂ ਦੇ ਦੁਖੜੇ ਤੇ ਡਰ ਦੂਰ ਕਰ ਦਿੱਤੇ। ਜਿਨ੍ਹਾਂ ਦੀ ਚਿੰਤਾ ਕ੍ਰਿਸ਼ਨ ਦੂਰ ਕਰਦੇ ਹਨ ਉਹ ਦੁਖੀ ਕਿਵੇਂ ਰਹਿ ਸਕਦੇ ਹਨ? ਉਨ੍ਹਾਂ ਦੀ ਅਗਨੀ ਇਸ ਤਰ੍ਹਾਂ ਠੰਡੀ ਪੈ ਜਾਂਦੀ ਹੈ ਜਿਵੇਂ ਉਨ੍ਹਾਂ 'ਤੇ ਸਮੁੰਦਰ ਦੀ ਛੱਲ ਪੈ ਗਈ ਹੋਵੇ। ਭਾਈ ਗੁਰਦਾਸ ਦੇ ਇੱਕ ਕਬਿੱਤ ਵਿਚ ਇਹ ਸ਼ਬਦ ਹੈ,

ਜੈਸੇ ਦੀਪ ਦਿਪਤ ਨ ਜਾਨੀਐ ਭਵਨ ਬਿਖੈ
ਦਾਵਾਨਲ ਭਏ ਨ ਦੁਰਾਏ ਦੁਰੈ ਨਾਥ ਜੀ ।

ਅਰਥਾਤ ਜਿਵੇਂ ਘਰ ਵਿਚ ਜਗਦੇ ਦੀਵੇ ਦਾ ਪਤਾ ਨਹੀਂ ਲਗਦਾ ਪਰ ਜਿਉਂ ਹੀ ਇਹ ਜੰਗਲ ਵਿਚ ਅੱਗ ਲਾ ਦਿੰਦਾ ਹੈ ਤਾਂ ਇਹ ਦਾਵਾਨਲ ਛੁਪਾਏ ਵੀ ਛਿਪ ਨਹੀਂ ਸਕਦੀ। ਮੈਂ ਦਾਵਾਨਲ ਸ਼ਬਦ ਪਹਿਲੀ ਵਾਰ ਅੰਮ੍ਰਿਤਾ ਪ੍ਰੀਤਮ ਦੇ ਇੱਕ ਬਾਰਾਂਮਾਹ ਵਿਚ ਪੜ੍ਹਿਆ ਸੀ,

ਕਿੱਕਰਾ ਵੇ ਕੰਡਿਆਲਿਆ! ਉਤੋਂ ਚੜ੍ਹਿਆ ਹਾੜ,
ਕਿੰਨਾ ਕੁ ਚਿਰ ਹੰਢਦੀ, ਕੱਖ ਕਾਣ ਦੀ ਆੜ।
ਕਿੱਕਰਾ ਵੇ ਕੰਡਿਆਲਿਆ, ਅੱਗੋਂ ਚੜ੍ਹਿਆ ਸੌਣ,
ਦਾਵਾਨਲ ਹੈ ਸਮੇਂ ਦੀ, ਰੋਕ ਸਕੇ ਅੱਜ ਕੌਣ।

ਇਸ ਅਸ਼ਾਵਾਦੀ ਕਵਿਤਾ ਵਿਚ ਦਾਵਾਨਲ ਸਮੇਂ ਦੀ ਉਥਲ-ਪੁੱਥਲ ਦੀ ਰੂਪਕ ਬਣਦੀ ਹੈ।

'ਦਾਵਾਨਲ' ਵਿਚਲੇ ਅੱਗ ਦੇ ਅਰਥਾਂ ਵਾਲੇ 'ਅਨਲ' ਦਾ ਜ਼ਿਕਰ ਵੀ ਲੁੜੀਂਦਾ ਹੈ। ਗੁਰੂ ਅਮਰਦਾਸ ਨੇ ਇਹ ਸ਼ਬਦ ਵਰਤਿਆ ਹੈ, '**ਅਨਲ ਵਾਉ ਭਰਮਿ ਭੁਲਾਈ**' ਜਗਤ ਵਿਚ ਤ੍ਰਿਸ਼ਨਾ ਦੀ ਅੱਗ ਬਲ ਰਹੀ ਹੈ ਤੇ ਤ੍ਰਿਸ਼ਨਾ ਦਾ ਝੱਖੜ ਝੁੱਲ ਰਿਹਾ ਹੈ। ਗ। ਸ। ਰਿਆਲ ਨੇ ਆਪਣੇ ਪੰਜਾਬੀ ਨਿਰੁਕਤ ਕੋਸ਼ ਵਿਚ ਅਨਲ ਸ਼ਬਦ ਬਾਰੇ ਦਿਲਚਸਪ ਵਿਆਖਿਆ ਕੀਤੀ ਹੈ। ਅਨਲ (ਅਨਿਲ) ਦਾ ਇੱਕ ਅਰਥ ਹਵਾ ਵੀ ਹੈ। ਦੋਨਾਂ ਸ਼ਬਦਾਂ ਦਾ ਧਾਤੂ *ਅਨ ਹੈ ਜਿਸ ਵਿਚ ਸਾਹ ਲੈਣ ਦਾ ਭਾਵ ਹੈ। ਕਿਹਾ ਜਾ ਸਕਦਾ ਹੈ ਕਿ 'ਅਗਨੀ' ਅਤੇ 'ਹਵਾ' ਦੀ ਤਹਿ ਵਿਚ ਜੀਵਿਤ ਹੋਣ ਦਾ ਭਾਵ ਹੈ। ਅਗਨੀ ਭੜ ਭੜ ਕਰਦੀ ਭੜਕਦੀ ਹੈ ਤੇ ਹਵਾ ਸੂੰ-ਸੂੰ ਕਰਦੀ ਸੂਕਰਦੀ ਹੈ। ਇਸ ਦਾ ਭਾਰੋਪੀ ਮੂਲ*an ਹੈ ਜਿਸ ਵਿਚ ਸਾਹ ਲੈਣ ਦਾ ਭਾਵ ਹੈ ਤੇ ਜਾਨਵਰ, ਪ੍ਰਾਣੀ ਦੇ ਅਰਥ ਵਾਲਾ animal ਇਸੇ ਨਾਲ ਸਬੰਧਤ ਹੈ। 'ਮਹਾਨ ਕੋਸ਼' ਨੇ ਅਨਲ ਨੂੰ 'ਨਹੀਂ ਹੈ ਅਲੰ (ਬੱਸ) ਜਿਸ ਦੇ, ਭਾਵ ਜੋ ਰੱਜਣ ਵਿਚ ਨਾ ਆਵੇ' ਵਜੋਂ ਪੇਸ਼ ਕੀਤਾ ਹੈ। ਇਹ ਨਿਰੀ ਪਰੰਪਰਾਗਤ ਨਿਰੁਕਤੀ ਹੈ। ਦਾਵਾਨਲ ਲਈ ਦਾਵਭਾਰਿਕਾ, ਵਨਦਾਵ, ਦਵਦਗਧ, ਦਵਅਗਨੀ ਸ਼ਬਦ ਵੀ ਮਿਲਦੇ ਹਨ।

# ਗੁੜ ਦੇ 'ਗੁੱਝੇ ਗਿਫਟ' ਦੀ ਗੁੱਥੀ ਇਉਂ ਖੁੱਲ੍ਹੀ !



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268

ਸ਼ੂਗਰ ਕਾਰਨ ਮੈਂ ਅਮਰੀਕਾ ਤੋਂ ਪਿੰਡ ਆ ਕੇ ਗੁੜ ਵਾਲ਼ੀ ਚਾਹ ਪੀ ਲੈਂਦਾ ਹਾਂ। ਕੁੱਝ ਦਿਨ ਪਹਿਲਾਂ ਘਰੇ ਗੁੜ ਮੁੱਕ ਗਿਆ। ਕਹਿੰਦੇ ਸੜਕਾਂ ਕੰਢੇ ਗੁੜ ਬਣਾਉਣ ਵਾਲ਼ੇ ਵਿਚ ਖੰਡ ਪਾਈ ਜਾਂਦੇ ਹਨ। ਪਤਾ ਲੱਗਾ ਕਿ ਸਾਡੇ ਲਾਗਲੇ ਪਿੰਡ ਸਹਾਬ ਪੁਰ ਕਈ ਸੱਜਣਾਂ ਨੇ ਵੇਲਣੇ ਲਾਏ ਹੋਏ ਹਨ ਤੇ ਉਹ ਗੁੜ ਵੇਚਦੇ ਹਨ।

ਲੰਘੇ 20 ਮਾਰਚ ਵਾਲ਼ੇ ਦਿਨ ਨਵਾਂਸ਼ਹਿਰ ਤੋਂ ਪਿੰਡ ਨੂੰ ਆਉਂਦਾ ਹੋਇਆ ਮੈਂ ਸਹਾਬ ਪੁਰ ਜੋਗੇ ਦਾ ਘਰ ਪੁੱਛ ਕੇ ਗੁੜ ਲੈਣ ਗਿਆ। ਉੱਥੇ ਗੇਟ ਨੂੰ ਜਿੰਦਾ ਵੱਜਾ ਹੋਇਆ ਸੀ। ਗੁਆਂਢੀਆਂ ਨੇ ਦੱਸਿਆ ਕਿ ਉਹ ਤਾਂ ਕਿਤੇ ਗਿਆ ਹੋਇਆ ਐ ਪਰ ਗੁੜ ਤੁਹਾਨੂੰ ਕੈਲੇ ਦੇ ਘਰੋਂ ਮਿਲ਼ ਸਕਦਾ। ਪੁੱਛਦਾ ਪੁਛਾਉਂਦਾ ਕੈਲੇ ਦੇ ਘਰ ਗਿਆ ਤਾਂ ਉਹ ਕਹਿੰਦਾ ਗੁੜ ਸਾਰਾ ਈ ਵਿਕ ਗਿਆ, ਤੁਸੀਂ ਲਖਬੀਰ ਸਿੰਘ ਦੀ ਆਟਾ ਚੱਕੀ ਲਾਗੇ ਚੱਲਦੇ ਵੇਲਣੇ ਤੋਂ ਪਤਾ ਕਰੋ ਉੱਥੋਂ ਮਿਲ਼ ਜਾਣਾ।

ਜਦ ਮੈਂ ਚੱਕੀ ਲਾਗਲੇ ਵੇਲਣੇ 'ਤੇ ਗਿਆ ਤਾਂ ਉੱਥੇ ਸਾਡੇ ਪਿੰਡ ਦਾ ਸਾਬਕਾ ਸਰਪੰਚ ਬੈਠਾ। ਉਹ ਕਹਿੰਦਾ ਮੈਂ ਵੇਲਣੇ ਵਾਲ਼ੇ ਨੂੰ ਉਡੀਕ ਰਿਹਾ ਹਾਂ। ਦਸ ਕੁ ਮਿੰਟ ਬਾਅਦ ਇਸ ਵੇਲਣੇ ਦਾ ਮਾਲਕ ਆ ਕੇ ਕਹਿੰਦਾ ਕਿ ਹੁਣ ਤਾਂ ਸਾਡੇ ਕੋਲ ਕਿੱਲੋ ਗੁੜ ਵੀ ਹੈਨੀ ਜੀ। ਪਰਸੋਂ ਨੂੰ ਫੋਨ ਕਰ ਕੇ ਆਇਓ। ਲਓ ਜੀ, ਅਸੀਂ ਦੁਪਾਲ ਪੁਰੀਏ ਦੋਵੇਂ 'ਸਾਬਕਾ ਸਰਪੰਚ' ਉੱਥੋਂ ਗੁੜ ਦੀ ਜਗਾਹ 'ਫੋਨ ਨੰਬਰ' ਲੈ ਕੇ ਆਪਣੇ ਪਿੰਡ ਆ ਗਏ!

ਦੂਜੇ ਦਿਨ ਭਾਵ 21 ਮਾਰਚ ਦੁਪਹਿਰੇ ਜਦ ਮੈਂ ਨਵਾਂਸ਼ਹਿਰੋਂ ਘਰੇ ਪਹੁੰਚਿਆ ਤਾਂ ਆਉਂਦੇ ਨੂੰ ਮੈਨੂੰ ਪੋਤਰਾ ਨੂਰ ਕਹਿੰਦਾ ਬਾਬਾ ਜੀ, ਕਾਰ ਵਿਚ ਆਇਆ ਇਕ ਦੁਮਾਲੇ ਵਾਲ਼ਾ ਸਿੰਘ ਸਾਡੇ ਘਰੇ ਗੁੜ ਦੇ ਗਿਆ...ਉਹ ਕਹਿੰਦਾ ਸੀ ਕਿ ਮੈਨੂੰ ਬੱਲੀ ਮਾਮਾ ਜੀ ਦੌਲਤ ਪੁਰ ਵਾਲ਼ਿਆਂ ਨੇ ਕਿਹਾ ਸੀ ਕਿ ਦੁਪਾਲ ਪੁਰ ਗੁੜ ਦੇ ਕੇ ਆ!



ਬੱਲੀ ਨਾਂ ਤੋਂ ਮੈਂ ਯਾਦ ਕਰਿਆ ਕਿ ਉਹ ਮੇਰੇ ਸਤਿਕਾਰਯੋਗ ਟੀਚਰ ਸਵਰਗੀ ਤਰਸੇਮ ਸਿੰਘ ਭੁੱਚਰ ਦਾ ਬੇਟਾ ਹੈ ਜੋ ਅਮਰੀਕਾ ਰਹਿੰਦਾ ਹੈ। ਮੈਂ ਸੋਚਿਆ ਕਿ ਉਹ ਪਿੰਡ ਦੌਲਤ ਪੁਰ ਆਇਆ ਹੋਇਆ ਹੋਵੇਗਾ। ਉਸਨੂੰ ਪਤਾ ਲੱਗਾ ਹੋਣਾ ਕਿ ਮੈਂ ਗੁੜ ਦੀ ਤਲਾਸ਼ 'ਚ ਫਿਰ ਰਿਹਾ ਹਾਂ! ਕਿਉਂਕਿ ਸਹਾਬ ਪੁਰ ਪਿੰਡ ਦੌਲਤ ਪੁਰ ਤੋਂ ਬਹੁਤੀ ਦੂਰ ਨਹੀਂ! ਇਹ ਸੋਚ ਕੇ ਮੈਂ ਆਪਣੇ ਪਿਆਰੇ ਦੋਸਤ ਬੱਲੀ ਦੇ 'ਵਟਸ-ਐਪ' 'ਤੇ ਬੋਲ ਕੇ ਸੁਨੇਹਾ ਛੱਡਿਆ ਕਿ ਤੁਸੀਂ ਪਿੰਡ ਆਏ ਹੋਏ ਓ ਤੇ ਗੁੜ ਤੁਸੀਂ ਭੇਜਿਆ ਹੈ ਸਾਡੇ ਘਰ?

ਉੱਧਰੋਂ ਕੋਈ ਜਵਾਬ ਨਾ ਆਇਆ। ਮੈਂ ਬਰਫੀ ਦੀਆਂ ਟੁਕੜੀਆਂ ਵਰਗਾ ਗੁੜ ਦੇਣ ਵਾਲ਼ੇ ਦਾ ਧੰਨਵਾਦ ਕਰਨ ਲਈ ਕਾਹਲ਼ਾ ਪੈ ਰਿਹਾ ਸਾਂ! ਇਸੇ ਕਾਹਲ਼ ਵਿਚ ਮੈਂ ਬਬਰ ਕਰਮ ਸਿੰਘ ਸਕੂਲ ਦੌਲਤ ਪੁਰ ਵਿਖੇ ਬੱਸ ਡਰਾਈਵਰ ਦੀ ਜੌਬ ਕਰਦੇ ਆਪਣੇ ਭਤੀਜ ਰਣਜੀਤ ਸਿੰਘ ਨੂੰ ਫੋਨ ਕਰ ਕੇ ਪੁੱਛਿਆ ਕਿ ਦੌਲਤ ਪੁਰ ਪਿੰਡ 'ਚ ਕੋਈ ਹੋਰ ਬੱਲੀ ਨਾਂ ਦਾ ਮੁੰਡਾ ਵੀ ਐ? ਉਹ ਕਹਿੰਦਾ ਜੀ ਇੱਕੋ ਹੀ ਬੱਲੀ ਐ ਜੋ ਅਮਰੀਕਾ ਰਹਿੰਦਾ। ਉਹ ਕਈ ਮਹੀਨੇ ਪਹਿਲਾਂ ਆਇਆ ਜ਼ਰੂਰ ਸੀ ਪਰ ਛੇਤੀ ਮੁੜ ਗਿਆ ਸੀ। ਰਣਜੀਤ ਕਹਿੰਦਾ ਪਰ ਮੈਂ ਐਧਰੋਂ ਉੱਧਰੋਂ ਪੁੱਛ ਕੇ 'ਗੁੱਝੇ ਗੁੜ ਦੀ ਗੁੱਥੀ' ਖੋਲ੍ਹਣ ਦੀ ਕੋਸ਼ਿਸ਼ ਕਰਦਾਂ ਚਾਚਾ ਜੀ!

ਲਓ ਜੀ ਦਸ ਕੁ ਮਿੰਟ ਬਾਅਦ ਹੀ ਰਣਜੀਤ ਦਾ ਫੋਨ ਆ ਗਿਆ ਕਿ ਤੁਹਾਡੇ ਮਾਸਟਰ ਜੀ ਦੇ ਬੇਟੇ ਬੱਲੀ ਥਾਂਦੀ ਦਾ ਭਾਣਜਾ ਲਗਦਾ ਪਿੰਡ ਕਿਸ਼ਨ ਪੁਰ ਦਾ ਸਨੀ ਸਿੰਘ ਵੇਲਣਾ ਚਲਾਉਂਦਾ ਐ। ਉਹ ਕਹਿੰਦਾ ਕਿ ਮੈਂ ਕੱਲ੍ਹ ਬੱਲੀ ਮਾਮਾ ਜੀ ਨਾਲ਼ ਸਹਿਵਨ ਹੀ ਫੋਨ 'ਤੇ ਅਮਰੀਕਾ ਗੱਲ ਕੀਤੀ ਕਿ ਐਤਕੀਂ ਗੁੜ ਬਹੁਤ ਵਧੀਆ ਕਣ ਵਾਲ਼ਾ ਬਣਾ ਰਿਹਾ ਐ! ਮਾਮਾ ਜੀ ਕਹਿੰਦੇ ਪਹਿਲਾਂ ਅੱਜ ਹੀ ਮੇਰੇ ਮਿੱਤਰ ਦੁਪਾਲ ਪੁਰੀ ਨੂੰ ਗੁੜ ਦੇ ਕੇ ਆ, ਉਹ ਪਿੰਡ ਗਏ ਹੋਏ ਆ!!

ਲਓ ਜੀ, ਹਾਲੇ ਮੈਂ ਸਨੀ ਸਿੰਘ ਦਾ ਧੰਨਵਾਦ ਕਰ ਹੀ ਰਿਹਾ ਸਾਂ ਕਿ ਯੂਬਾ ਸਿਟੀ ਕੈਲੀਫੋਰਨੀਆ ਤੋਂ ਬੱਲੀ ਸਿੰਘ ਥਾਂਦੀ ਦਾ ਫੋਨ ਵੀ ਆ ਗਿਆ। ਜਦ ਮੈਂ ਉਸਨੂੰ ਸਹਾਬ ਪੁਰ ਗੁੜ ਦੀ ਭਾਲ਼ ਵਾਲੀ ਆਪਣੀ ਤਾਜ਼ੀ ਗੱਲ ਦੱਸੀ ਤਾਂ ਉਹ ਬੜੇ ਮੋਹ ਪਿਆਰ ਨਾਲ ਕਹਿੰਦਾ-''ਦੇਖਿਆ ਭਾਈ ਸਾਹਬ, ਦੂਰ ਦੂਰ ਬੈਠੇ ਦੋ ਮਿੱਤਰਾਂ ਦੇ ਦਿਲੀ ਮੋਹ ਪਿਆਰ ਦੀਆਂ ਤਰੰਗਾਂ ਕਿਵੇਂ ਟੈਲੀਪੈਥੀ ਰਾਹੀਂ ਇਕ ਦੂਜੇ ਕੋਲ ਜਾ ਟੁਣਕਦੀਆਂ ਨੇ?''

ਘਰੇ ਆਏ ਗੁੜ ਦੇ ਗੁੱਝੇ ਗਿਫਟ ਦੀ ਗੁੱਥੀ ਖੁੱਲ੍ਹਣ ਵਾਲ਼ੀ ਇਹ ਵਾਰਤਾ ਪੜ੍ਹ ਕੇ ਤੁਹਾਡਾ ਵੀ ਮੂੰਹ ਮਿੱਠਾ ਹੋ ਗਿਆ ਹੋਵੇਗਾ!

# ਵਿਲੱਖਣ ਅਦਾਕਾਰ ਅਮਰੀਕ ਸਿੰਘ ਤੇਜਾ

## ਪਾਲੀਵੁੱਡ ਤੇ ਬਾਲੀਵੁੱਡ ਵਿਚ ਆਪਣੀ ਭੱਲ ਕੀਤੀ ਸਥਾਪਿਤ



ਫਿਲਮ ਇੰਡਸਟ੍ਰੀਜ ਦੇ ਉਸ ਅਦਾਕਾਰ ਨਾਲ ਤੁਹਾਨੂੰ ਰੁਬਰੂ ਕਰਵਾਉਣ ਜਾ ਰਹੇ , ਜਿਨਾਂ ਨੇ ਦਿੱਲੀ ਵਿਚ ਹੋਏ ਸਟੇਟ ਲੈਵਲ ਦੇ ਕੰਪੀਟੀਸ਼ਨ ਵਿਚ ਬੈਸਟ ਐਕਟਰ ਦਾ ਅਵਾਰਡ ਲੈ ਪੰਜਾਬੀ ਮਾਂ ਬੋਲੀ ਦਾ ਸਿਰ ਫਖ਼ਰ ਨਾਲ

**ਸ਼ਿਵ ਨਾਥ ਦਰਦੀ**

ਉੱਚਾ ਕੀਤਾ ਤੇ ਪੰਜਾਬ ਪੰਜਾਬੀਅਤ ਦਾ ਮਾਣ ਵਧਾਇਆ ਅਤੇ ਪਾਲੀਵੁੱਡ ਤੇ ਬਾਲੀਵੁੱਡ ਵਿਚ ਤਹਿਲਕਾ ਮਚਾਇਆਂ। ਓਨਾਂ ਦੀ ਅਦਾਕਾਰੀ ਦਾ ਜਲਵਾ ਕਈ ਦਿਗਜ ਅਦਾਕਾਰ ਵੀ ਦੇਖ ਦੰਗ ਰਹਿ ਗਏ। ਫਿਰ ਸਿਲਸਿਲੇਵਾਰ ਵੱਖ ਵੱਖ ਟੀ.ਵੀ ਸੀਰੀਅਲ, ਟੈਲੀ ਫਿਲਮ, ਵੈਬ



ਸੀਰੀਜ਼,ਪਾਲੀਵੁੱਡ ਫਿਲਮ ਤੇ ਬਾਲੀਵੁੱਡ ਫਿਲਮ ਸਫ਼ਰ ਦਾ ਸੂਰੂ ਹੋਇਆਂ। ਉਹਨਾਂ ਪੰਜਾਬੀ, ਕਲਰਜ਼ ਅਤੇ ਪੀ ਟੀ ਸੀ ਪੰਜਾਬੀ ਚੈਨਲ ਤੇ ਆਪਣੀ ਅਦਾਕਾਰੀ ਦੇ ਰੰਗ ਬਿਖੇਰ ਦਰਸ਼ਕਾਂ ਉਪਰ ਆਪਣੀ ਵਿਲੱਖਣ ਛਾਪ ਛੱਡੀ।

ਮੇਰੀ ਮੁਰਾਦ ਉਸ ਚਰਚਿਤ ਅਦਾਕਾਰ "ਅਮਰੀਕ ਸਿੰਘ ਤੇਜਾ" ਤੋਂ ਹੈ, ਜਿਨਾਂ ਦੀ ਦਮਦਾਰ ਬੁਲੰਦ ਅਦਾਕਾਰੀ 'ਹਾਕਮ ਸਿੰਘ ਦੇ ਰੋਲ ਨੇ ਟੀ ਵੀ ਫਿਲਮ 'ਛੜਿਆਂ ਨੂੰ ਦਫਾ ਕਰੋ' ਵਿਚ ਸਿਨੇਮਾ ਪ੍ਰੇਮੀਆਂ ਨੂੰ ਮੂੰਹ 'ਚ ਉਂਗਲਾ ਲੈਣ ਲਈ ਮਜਬੂਰ ਕਰ ਦਿੱਤਾ ਤੇ ਫਿਲਮ ਜਗਤ ਵਿਚ ਆਪਣੀ ਵਿਲੱਖਣ ਭੱਲ ਸਥਾਪਿਤ ਕਰ ਆਪਣੇ ਸੁਪਨਿਆਂ ਨੂੰ ਅੰਜਾਮ ਦਿੱਤਾ।

ਇਕ ਰੰਗਕਰਮੀ ਤੌਰ ਤੇ ਉਹਨਾਂ ਨੇ ਪੰਜਾਬ ਹੀ ਨਹੀ ਵਿਦੇਸ਼ਾ ਵਿੱਚ ਵੀ ਅਪਣੀ ਅਦਾਕਾਰੀ ਦੇ ਰੰਗ ਬਿਖੇਰੇ ਤੇ ਪੰਜਾਬੀ ਮਾਂ ਬੋਲੀ ਦੇ ਝੰਡੇ ਗੱਡੇ । ਭਾਵੇਂ ਨਾਟਕ ਸਾਹਿਬਾ, ਤੋਤਾ ਬੋਲਦਾ,ਬਲਦੇ ਟਿੱਬੇ,ਅਪਹਰਣ ਵਿਚਾਰਾ ਦਾ, ਦਾਸਤਾਨ ਏ ਸਾਰਾਗੜੀ, ਸੰਤ ਸਿਪਾਹੀ, ਕ੍ਰਿਸ਼ਨ ਲੀਲਾ, ਤਨ ਤੰਦੂਰ ਤੇ ਰਾਮ ਲੀਲਾ ਵਿੱਚ ਆਪਣੀ ਵੱਖ ਵੱਖ ਤਰਾਂ ਦੀ ਬਿਹਤਰੀਨ ਅਦਾਕਾਰੀ ਨਾਲ ਸੁਮਾਰ ਕਰਵਾਇਆਂ।

ਟੀ. ਵੀ. ਸੀਰੀਅਲ ਦੁੱਲਾ ਭੱਟੀ, ਗੂੰਗੀ ਤਵਾਰੀਖ,ਥੈਂਕ ਯੂ ਮਿਸਟਰ ਗਲੈਡ, ਟੱਬਰ ਹਿੱਟਸ ਤੇ ਗੀਤ ਢੋਲੀ, ਸੱਸੇ ਨੀਂ ਸੱਸੇ ਖੁਸ਼ੀਆ 'ਚ ਵੱਸੇ ਅਤੇ ਜਲਦ ਦਰਸ਼ਕਾਂ ਦੀ ਕਚਹਿਰੀ ਹਾਜ਼ਰ ਹੋ ਰਹੇ ਹਨ , ਸੀਰੀਅਲ "ਨੈਨਾਂ" ਨਾਲ , "ਨੈਨਾਂ" ਸੀਰੀਅਲ ਨਵੇਂ ਮੀਲ ਪੱਥਰ ਸਥਾਪਿਤ ਕਰੇਗਾ।

ਜੇਕਰ ਟੀ ਵੀ ਚੈਨਲਾਂ ਤੇ ਪ੍ਰਕਾਸ਼ਿਤ ਹੋਣ ਵਾਲੀਆਂ ਫਿਲਮਾਂ ਦੀ ਗੱਲ ਕਰੀਏ ਤਾਂ ਹੁਣ ਤੱਕ "ਸੂਰਜ ਦਾ ਕਾਤਿਲ", "ਗੁਰੂ ਗੋਬਿੰਦ ਸਿੰਘ ਜੀ", "ਅਮਰ ਖਾਲਸਾ" "ਛੜਿਆਂ ਨੂੰ ਦਫਾ ਕਰੋ:, "ਹਿੰਦ ਦੀ ਚਾਦਰ" ਤੇ "ਸ਼ਹੀਦਾਂ ਦਾ ਸਰਤਾਜ" ਨੇ ਰਾਹੀ ਅਪਣੀ ਅਦਾਕਾਰੀ ਨਾਲ ਨਵੀਂਆਂ ਪੈੜਾਂ ਦਾ ਸਿਰਜਣ ਕੀਤਾ।


'ਅਮਰੀਕ ਸਿੰਘ ਤੇਜਾ ਜੀ' ਨੇ ਅਪਣੀ ਮਾਣਮੱਤੀ ਅਦਾਕਾਰੀ ਵੈਬ ਸੀਰੀਜ਼ ਚੰਡੀਗੜ੍ਹ ਵਾਲਾ, ਵੰਗਾਂ ਤੇ ਐਰਰ ਆਫ ਕਿਸਮਤ ਵਿੱਚ ਅਦਾਕਾਰੀ ਕਰ ਵਾਹ ਵਾਹ ਖੱਟੀ। ਪਾਲੀਵੁੱਡ ਫਿਲਮ "ਫੱਫੇ ਕੁਟਣੀ" ਨੂਰੀ ਬਾਜਵਾ ਜੀ ਨਾਲ ਤੇ "ਬਾਗੀ ਹਵਾਏ" ਫਿਲਮਜ਼ 'ਚ ਅਦਾਕਾਰ ਵਜੋਂ ਆਪਣੀ ਤਮਸੀਲ ਕਰਵਾਈ।

ਵੀਹ ਦੇ ਕਰੀਬ ਰੇਡੀਓ ਪ੍ਰੋਗਰਾਮ ਵਿਚ ਸ਼ਾਮਲ ਹੋਏ। ਏਥੇ ਬਸ ਨਹੀ ਫਿਰ ਤੇਜਾ ਜੀ ਨੇ ਆਪਣਾ ਰੁਖ ਬਾਲੀਵੁੱਡ ਵੱਲ ਕੀਤਾ। ਬਾਲੀਵੁੱਡ ਮੂਵੀਜ਼ ਵਿੱਚ ਦਿਗਜ ਅਦਾਕਾਰਾਂ ਨਾਲ ਦੇਸ਼ ਹੋਇਆਂ ਪ੍ਰਦੇਸ਼,ਬੰਤਾਂ ਸਿੰਘ, ਸਹੀਦੇ ਏ ਮੁਹੱਬਤ ਤੇ ਹਵਾਏ ਆਦਿ ਮੂਵੀਜ਼ ਨੂੰ ਅੰਜਾਮ ਦਿੱਤਾ। ਇਹ ਫਿਲਮਾਂ ਜਲਦ ਸਿਨੇਮਾਘਰ ਵਿਚ ਤਹਿਲਕਾ ਮਚਾਉਣ ਆ ਰਹੀਆਂ ਹਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਸਪੂਤ "ਅਮਰੀਕ ਸਿੰਘ ਤੇਜਾ" ਲਈ ਦੁਆਵਾਂ।

**ਕਲਾ ਪਰਿਕਰਮਾ**

## 14 ਭਾਸ਼ਾਵਾਂ ਵਿਚ ਗਾਉਣ ਵਾਲਾ ਪੰਜਾਬੀ ਗਾਇਕ

# ਅੰਮ੍ਰਿਤਪਾਲ ਸਿੰਘ ਨਕੋਦਰ



ਕੈਨੇਡਾ ਦੀ ਪ੍ਰਸਿੱਧ ਆਲੀਸ਼ਾਨ ਐਡਮਿੰਟਨ ਪਬਲਿਕ ਲਾਇਬ੍ਰੇਰੀ ਵਿਖੇ ਲਗਭਗ 11 ਸਾਲ ਗੁਜ਼ਾਰ ਚੁੱਕੇ ਗਾਇਕ ਅੰਮ੍ਰਿਤਪਾਲ ਸਿੰਘ ਨਕੋਦਰ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਜ਼ਰੂਰਤਮੰਦਾਂ ਦਾ ਮਦਦਗਾਰ, ਵਾਕਫ਼ੀਅਤ ਦਾ ਇਨਸਾਈਕਲੋਪੀਡੀਆ ਅਤੇ ਸੰਗੀਤ ਗਾਇਨ ਕਲਾ ਵਿਚ ਪਰਪੱਕ ਨਿਪੁੰਨ, ਕਈ ਸਾਜ਼ ਵਜਾਉਣ ਵਿਚ ਮੁਹਾਰਤ ਰੱਖਣ ਵਾਲਾ ਗਾਇਕ ਹੈ। ਅੰਮ੍ਰਿਤਪਾਲ ਸਿੰਘ ਰੇਡੀਓ ਟੀ.ਵੀ. ਤੋਂ ਮਾਨਤਾ ਪ੍ਰਾਪਤ ਕਲਾਕਾਰ ਹੈ। ਉਸ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਐਮ.ਏ. ਸੰਗੀਤ ਦੀ ਵਿੱਦਿਆ ਹਾਸਿਲ ਕੀਤੀ। ਮੁਢਲੀ ਸੰਗੀਤ ਦੀ ਸਿੱਖਿਆ ਉਨ੍ਹਾਂ ਨੇ ਆਪਣੇ ਤਾਇਆ ਜੀ ਕੀਰਤਨੀਏ ਗਿਆਨੀ ਦਲੀਪ ਸਿੰਘ ਜੀ ਤੋਂ ਹਾਸਿਲ ਕੀਤੀ। ਸੰਗੀਤ ਅਤੇ ਕੱਵਾਲੀ ਗਾਇਨ ਸਿੱਖਿਆ ਉਨ੍ਹਾਂ ਬਲਦੇਵ ਨਾਰੰਗ ਡੀ.ਏ.ਵੀ. ਕਾਲਜ ਜਲੰਧਰ ਤੋਂ ਅਤੇ ਪ੍ਰੋ. ਕ੍ਰਿਪਾਲ ਸਿੰਘ ਜੰਡੂ ਅਤੇ ਰਮੇਸ਼ ਪੁਸ਼ਕਰਨਾ (ਦੋਵੇਂ ਉਸਤਾਦ) ਤੋਂ ਸੰਗੀਤ ਅਤੇ ਗਾਇਨ ਦੀਆਂ ਬਾਰੀਕੀਆਂ ਸਿੱਖੀਆਂ। ਅੰਮ੍ਰਿਤਪਾਲ ਨੇ ਭਾਰਤ ਦੀਆਂ 14 ਭਾਸ਼ਾਵਾਂ ਵਿਚ ਗਾਇਆ ਹੈ। ਉਸ ਨੇ ਨੌਵੀਂ ਜਮਾਤ ਵਿਚ ਪੜ੍ਹਦਿਆਂ ਹੀ ਰਾਸ਼ਟਰਪਤੀ ਐਵਾਰਡ ਲੈ ਲਿਆ ਸੀ। ਉਹ ਭੰਗੜੇ ਗਿੱਧੇ ਦੇ ਨਿਪੁੰਨ ਪ੍ਰਸਿੱਖਿਅਕ ਸਨ, ਜੋ ਕਈ ਮਾਣ-ਸਨਮਾਨ ਹਾਸਿਲ ਕਰ ਚੁਕੇ ਹਨ। ਉਸ ਨੇ ਐਨ.ਸੀ.ਈ.ਆਰ.ਟੀ. ਵਲੋਂ ਸਮੂਹ ਗਾਨ ਵਿਚ

**ਬਲਵਿੰਦਰ ਬਾਲਮ ਗੁਰਦਾਸਪੁਰ**

ਭਾਗ ਲੈ ਕੇ ਲਾਲ ਕਿਲ੍ਹਾ ਭਾਰਤ ਵਿਖੇ 90 ਅਧਿਆਪਕਾਂ ਸਣੇ ਗਾਇਨ ਦੇ ਜੌਹਰ ਵੀ ਵਿਖਾਏ ਹਨ।

ਭਾਰਤ ਛੱਡੋ ਅੰਦੋਲਨ ਦੀ 42ਵੀਂ ਵਰ੍ਹੇਗੰਢ ਉਪਰ ਮੁੰਬਈ ਵਿਚ 3500 ਬੱਚਿਆਂ ਨੂੰ ਦੇਸ਼-ਭਗਤੀ ਦੇ ਗੀਤ ਤਿਆਰ ਕਰਵਾਏ। ਜਿਹੜੇ ਗੀਤ ਭਾਰਤ-ਪਾਕਿ ਵੰਡ ਤੋਂ ਪਹਿਲਾਂ ਅੰਡਰ ਗਰਾਊਂਡ ਰੇਡੀਓ ਸਟੇਸ਼ਨ 'ਤੇ ਵੱਜਦੇ ਸਨ, ਉਹ ਗੀਤ ਬੱਚਿਆਂ ਨੂੰ ਲਾਲ ਕਿਲ੍ਹੇ ਲਈ ਤਿਆਰ ਕਰਵਾਏ, ਜਿਸ ਦੀ ਕੁਮੈਂਟਰੀ ਪ੍ਰਸਿੱਧ ਅਭਿਨੇਤਾ ਨਸੀਰੂਨਦੀਨ ਸ਼ਾਹ ਨੇ ਕੀਤੀ ਅਤੇ ਡਾ. ਮੋਹਨ ਆਗਾਸ਼ੇ ਨੇ ਕੋਰੀਓਗ੍ਰਾਫੀ ਕੀਤੀ ਸੀ। ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ ਦੇਣਾ ਤੇ ਮੈਡੀਕਲ ਕੈਂਪ, ਬਲੱਡ ਡੋਨੇਸ਼ਨ ਕੈਂਪ, ਸਕੂਲ-ਕਾਲਜ ਦੀਆਂ ਜ਼ਰੂਰਤਮੰਦ ਲੜਕੀਆਂ ਦੀਆਂ ਫੀਸਾਂ, ਵਰਦੀਆਂ ਆਦਿ ਦੇਣ ਦਾ ਪ੍ਰਬੰਧ ਕੀਤਾ ਹੋਇਆ ਹੈ। ਉਨ੍ਹਾਂ ਨੇ ਗੰਧਰਵ ਮਹਾਂਵਿਦਿਆਲੇ ਦੇ ਚੇਅਰਮੈਨ ਵਿਨੋਦ ਚੰਦਰ ਮੌਦਗਿਲ, ਸਾਧਨ ਇੰਡੀਆ ਫਿਲਮ ਇੰਡਸਟਰੀ ਦੇ ਸੰਗੀਤ ਡਾਇਰੈਕਟਰ ਐਮ.ਬੀ. ਸ੍ਰੀਨਿਵਾਸਨ, ਡਾ. ਪ੍ਰੇਮ ਭਾਟੀਆ ਆਲ ਇੰਡੀਆ ਰੇਡੀਓ ਤੋਂ ਸੰਗੀਤ ਕਲਾ ਗੁਣ ਅਤੇ ਬਾਰੀਕੀਆਂ ਸਿੱਖੀਆਂ। ਅੰਮ੍ਰਿਤਪਾਲ ਐਨ.ਸੀ.ਈ.ਆਰ.ਟੀ. ਦੇ ਸਹਾਇਕ ਰਿਸੋਰਸ ਪਰਸਨ ਰਹੇ ਅਤੇ ਭਾਰਤ ਦੇ — ਵੱਖ ਰਾਜਾਂ ਵਿਚ ਸੰਗੀਤ ਸਿਖਲਾਈ ਕੈਂਪ ਵੀ ਲਗਾਏ। ਉਹ ਸੰਗੀਤ ਗਾਇਨ ਕਲਾ ਵਿਚ ਆਪਣੀ ਸ਼ੈਲੀ ਆਪ -ਨਿਰਧਾਰਿਤ ਕਰਦੇ ਹਨ। ਗਾਇਨ ਪੇਸ਼ਕਾਰੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਪਰੈਲ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-684



*ਬੰਦੇ ਨਾਲ਼ੋਂ ਹੈ ਕੁੱਤਾ ਚੰਗਾ, ਰੱਬ ਦਾ ਖ਼ੌਫ਼ ਉਹ ਖਾਵੇ,*
*ਮੰਜ਼ਰ ਤਬਾਹੀ ਦੀ ਗਾਥਾ, ਤਸਵੀਰ ਪਈ ਹੈ ਗਾਵੇ।*
*ਬੰਦਾ ਬਣ ਕੇ ਬੰਦੇ ਦਾ ਵੈਰੀ, ਕਿੰਨਾ ਸਿਤਮ ਹੈ ਢਾਵੇ,*
*ਮਾਸੂਮ ਜਾਨ ਫਸ ਕੁੜਿੱਕੀ, ਕੁੱਤੇ ਦੀ ਜਿੰਦ ਤੜਫਾਵੇ।*

## ਕੈਪਸ਼ਨ ਮੁਕਾਬਲਾ-682



ਕਿੰਗਰਿਆਂ ਵਾਲਾਂ ਬਣਾ ਕੇ ਓਟਾ
ਲਿੱਪ ਪੋਚ ਕੇ ਖੂਬ ਸਜਾਇਆ।
ਤਵਾ ਟਿਕਾ ਕੇ ਚੁੱਲ੍ਹੇ ਉੱਪਰ
ਫੁਲਾ-ਫੁਲਾ ਕੇ ਫੁਲਕਾ ਲਾਹਿਆ।
ਥਾਉਂ ਥਾਈਂ ਬੈਠਿਆਂ ਤਾਈਂ
ਤੱਤਾ ਤੱਤਾ ਥਾਲ਼ੀ ਟਿਕਾਇਆ।
ਟੱਬਰ ਦੇ ਵਿਚ ਨਿੱਘ ਬੜਾ ਸੀ
ਮੁੜ ਕੇ ਨਾ ਉਹ ਵੇਲ਼ਾ ਆਇਆ।
***-ਜਗਮੀਤ ਸਿੰਘ ਪੰਧੇਰ***

---

ਪਿੰਡਾਂ ਚਿਹਰੇ-ਮੁਹਰੇ ਬਦਲੇ,
ਹਵਾ ਪਾਣੀ ਸਭ ਬਦਲ ਗਿਆ।
ਦਿੱਸਣ ਨਾ ਹੀ ਬਾਗ਼ ਸੰਘਣੇ,
ਵੱਡਾ ਬਾਣੀਆ ਨਿਗ਼ਲ ਗਿਆ।
ਵਟਾਇਆ ਰੂਪ ਲੇਫ਼ ਤਲਾਈਆਂ,
ਨਾ ਲੱਭਦੇ ਪਲੰਘ ਨਿਵਾਰੀ।
ਨਾ ਪ੍ਰਾਹੁਣਾ ਈ ਰਾਤੀਂ ਟਿਕਦਾ,
ਕਿੰਜ ਮੰਜਿਆਂ ਤਕ ਆਵੇ ਵਾਰੀ।

ਚੁੱਲ੍ਹੇ ਮੂੜ੍ਹੇ ਪੀੜ੍ਹੀਆਂ ਗੁੰਮੀਆਂ,
ਨਾ ਪਾਏ ਘੂੰਮਰ ਮਧਾਣੀ ਤੜਕੇ।
ਨਾ ਹਾਲੀ ਢੱਗੇ ਪਾਉਣ ਪੰਜਾਲੀ,
ਧੂੰਆਂ ਛੱਡਣ ਟ੍ਰੈਕਟਰ ਸੜਕੇ।
ਨਾ ਮੁਟਿਆਰ ਹੀ ਭੱਤਾ ਲਿਜਾਵੇ,
ਨਾ ਗਾਧੀ ਚੜ੍ਹ ਜੱਟ ਗਾਵੇ।
ਇਮਲੀ ਪਿੱਪਲ ਨਾ ਕਿੱਕਰਾਂ ਦਿੱਸਣ,
ਝੜ ਗਏ ਨੇ ਪੱਤ ਸਾਵੇਂ।
ਨਾ ਮਾਂਵਾਂ ਜਿਹੀਆਂ ਛਾਵਾਂ ਲੱਭਣ,
ਨਾ ਪੁੱਤਰਾਂ ਜਿਹੇ ਰਹੇ ਰੁੱਖ।
ਮਾਨਵ ਅੱਜ ਸੰਤਾਪ ਗ੍ਰਸਿਆ,
ਘਣੇ ਕੁਦਰਤ ਬਾਝੋਂ ਸਹੇ ਦੁੱਖ।
***-ਗੁਰਬਖਸ਼ ਸਿੰਘ 'ਨਾਕਾਮ'***

---

ਸਾਦਗੀ 'ਚ ਰਿਸ਼ਤਿਆਂ ਦੀ
ਸਾਂਝ ਹੁੰਦੀਸੀ ਪਕੇਰੀ।
ਰਲ-ਮਿਲ ਹੁੰਦੀਆਂ ਸੀ ਸਾਰੀਆਂ ਖੁਸ਼ੀਆਂ
ਨਾ ਤੇਰੀ ਨਾ ਮੇਰੀ।
ਬਰਾਬਰ ਸਤਿਕਾਰ ਸੀ ਸਭ ਨੂੰ ਮਿਲਦਾ
ਕੀ ਛੋਟਾ ਕੀ ਵੱਡਾ
ਮੋਬਾਈਲਾਂ ਭਾਵੇਂ ਦੂਰੀਆਂ ਘਟਾਈਆਂ
ਪਰ ਰਿਸ਼ਤਿਆਂ ਦੀਆਂ ਦੂਰੀਆਂ
ਵਧਾ ਕੇ ਪਾਇਆ ਖੱਭਾ।
ਕਾਹਲੀ ਵਾਲੇ ਯੁੱਗ 'ਚ ਬੰਦਾ
ਅੰਦਰੇ ਅੰਦਰ ਜ਼ਹਿਰ ਜਾਵੇ ਘੋਲੀ।
ਚੱਜ ਨਾਲ ਨਾ ਮਨਾਵੇ ਤਿਉਹਾਰ
ਦਸਹਿਰਾ, ਦੀਵਾਲੀ ਤੇ ਹੋਲੀ।
***-ਅਮਰਜੀਤ ਸਿੰਘ ਤੂਰ***

## ਖੇਤਾਂ ਦੇ ਪੁੱਤਾਂ ਦੀ ਕਹਾਣੀ

ਨਾ ਢਾਹ ਬਾਬਰਾ ਮੁੜ ਮੁੜ ਕੇ ਤੂੰ, ਜਬਰ ਕਿਸਾਨਾਂ 'ਤੇ
ਨਾ ਪਰਖ ਜਾਬਰਾ ਮੁੜ ਮੁੜ ਕੇ ਤੂੰ, ਸਬਰ ਕਿਸਾਨਾਂ ਦੇ
ਜਿਨ੍ਹਾਂ ਨੇ ਤੈਨੂੰ ਆਪਣੇ ਹੱਥੀਂ ਤਖਤ ਬਿਠਾਇਆ ਏ
ਹਿੱਕ ਨਾਲ ਲਾ ਕੇ ਉਨ੍ਹਾਂ ਦੀ ਪਿੱਠ 'ਤੇ ਛੁਰਾ ਚਲਾਇਆ ਏ
ਧਰਤੀ ਭੁੱਲ ਗਿਆ ਪੰਛੀਆ ਓਏ ਤੂੰ, ਬਹਿ ਅਸਮਾਨਾਂ 'ਤੇ
ਨਾ ਪਰਖ ਜਾਬਰਾ ਮੁੜ ਮੁੜ ਕੇ ਤੂੰ, ਸਬਰ ਕਿਸਾਨਾਂ ਦੇ

ਕੰਡਿਆਂ ਵਾਂਗੂੰ ਚੁੱਬਦੀ ਏ ਤੈਨੂੰ, ਫੋਟੋ ਸੰਤਾਂ ਦੀ
ਗੈਰਾਂ ਤੋਂ ਕਰਵਾਈ ਏ ਨਿਸੂਲਟ, ਤੂੰ ਅੰਤਾਂ ਦੀ
ਮੱਥੇ ਲਾਉਣੇ ਛੱਡਦੇ ਓਏ ਤੂੰ, ਨਾਲ ਤੂਫ਼ਾਨਾਂ ਦੇ
ਨਾ ਪਰਖ ਜਾਬਰਾ ਮੁੜ ਮੁੜ ਕੇ ਤੂੰ, ਸਬਰ ਕਿਸਾਨਾਂ ਦੇ

ਇਹ ਸਾਗਰ ਦੇ ਪਾਣੀ ਕਿੱਦਾਂ, ਡੋਹਲਿਆਂ ਮੁੱਕਣਗੇ
ਇਹ ਰੁਕੇ ਨਾ ਦਿੱਲੀ ਕੋਲੋਂ, ਤੈਥੋਂ ਕਿੱਦਾਂ ਰੁਕਣਗੇ
ਤੂੰ ਕਿਹੜੇ ਬਾਗ ਦੀ ਮੂਲੀ ਤੈਨੂੰ, ਜੜ੍ਹ ਤੋਂ ਪੁੱਟਣਗੇ
ਇਹ ਮੱਚਦੇ ਅੰਗਿਆਰੇ, ਭਾਂਬੜ ਬਣ ਬਣ ਉੱਠਣਗੇ
ਚੰਗਾ ਏ ਤੂੰ ਰਹਿਣ ਦੇ ਛੁਰੀਆਂ, ਵਿੱਚ ਮਿਆਨਾਂ ਦੇ
ਨਾ ਪਰਖ ਜਾਬਰਾ ਮੁੜ ਮੁੜ ਕੇ ਤੂੰ, ਸਬਰ ਕਿਸਾਨਾਂ ਦੇ

ਜੇ ਆਈ 'ਤੇ ਆਗੇ, ਤੇਰੀ ਰੇਲ ਬਣਾ ਦੇਣਗੇ, ਤੇਰੇ ਤਖਤਾਂ ਥੱਲੇ ਦੇਖੀਂ, ਅੱਗ ਮਚਾ ਦੇਣਗੇ
ਡਾਣਸੀਵਾਲੀਆ ਭੈੜੇ ਹੁੰਦੇ, ਗਦਰ ਕਿਸਾਨਾਂ ਦੇ, ਨਾ ਪਰਖ ਜਾਬਰਾ ਤੂੰ, ਸਬਰ ਕਿਸਾਨਾਂ ਦੇ
***-ਕੁਲਵੀਰ ਸਿੰਘ ਡਾਨਸੀਵਾਲ***

# ਕੈ੍ਰਬੀਅਨ ਟਾਪੂਆਂ ਦੀ ਸੈਰ- 2

. *(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**4. ਗੋਰਿਆਂ ਦੀ ਬਸਤੀ ਕੇਮਨ ਟਾਪੂ**

ਸਾਡਾ ਅਗਲਾ ਪੜਾਅ ਸੀ ਕੇਮਨ ਆਈਲੈਂਡਜ਼। ਗੋਰਿਆ ਦੀ ਬਸਤੀ। ਇੰਗਲੈਂਡ ਦੇ ਬਾਦਸ਼ਾਹ ਦੀ ਸਲਤਨਤ। ਇੰਗਲੈਂਡ ਵਲੋਂ ਨਿਯੁਕਤ ਕੀਤਾ ਗਵਰਨਰ ਇਨ੍ਹਾਂ ਟਾਪੂਆਂ ਦਾ ਕਰਤਾ-ਧਰਤਾ। ਕੇਮਨ ਆਈਲੈਂਡਜ਼ ਤਿੰਨ ਟਾਪੂਆਂ ਦਾ ਸੰਗ੍ਰਹਿ ਹੈ। ਗਰੈਂਡ ਕੇਮਨ ਆਈਲੈਂਡ, ਲਿਟਲ ਕੇਮਨ ਆਈਲੈਂਡ, ਅਤੇ ਬਲੈਕ ਕੇਮਨ ਆਈਲੈਂਡ। ਗਰੈਂਡ ਕੇਮਨ ਆਈਲੈਂਡ 22 ਮੀਲ ਲੰਬਾ ਅਤੇ 8 ਮੀਲ ਚੌੜਾ ਹੈ ਜਿਸਦੀ ਅਬਾਦੀ 90,000 ਹੈ। ਲਿਟਲ ਕੇਮਨ ਆਈਲੈਂਡ 10 ਮੀਲ ਲੰਬਾ ਅਤੇ 2 ਮੀਲ ਚੌੜਾ ਹੈ ਜਿਸਦੀ ਆਬਾਦੀ

ਸਿਰਫ਼ 3000 ਹੈ ਜਦ ਕਿ ਬਲੈਕ ਆਈਲੈਂਡ 12 ਮੀਲ ਲੰਬਾ ਅਤੇ 1 ਮੀਲ ਚੌੜਾ ਹੈ ਇਸਦੀ ਆਬਾਦੀ ਸਿਰਫ਼ 200 ਹੈ। ਲੋਕਾਂ ਵਲੋਂ 19 ਨੁਮਾਇੰਦੇ ਚੁਣੇ ਜਾਂਦੇ ਹਨ ਜਦ ਕਿ ਇੰਗਲੈਂਡ ਦੇ ਬਾਦਸ਼ਾਹ ਵਲੋਂ 6



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਪ੍ਰਤੀਨਿਧ ਨਾਮਜ਼ਦ ਕੀਤੇ ਜਾਂਦੇ ਹਨ। ਇਹ 25 ਪ੍ਰਤੀਨਿਧ ਹੀ ਕੇਮਨ ਟਾਪੂਆਂ ਦੀ ਸਰਕਾਰ ਚਲਾਉਂਦੇ ਹਨ ਜਦ ਕਿ ਹਰ ਕੰਮ ਦੀ ਸਹਿਮਤੀ ਇੰਗਲੈਂਡ ਵਲੋਂ ਹੀ ਦਿੱਤੀ ਜਾਂਦੀ ਹੈ।


ਕੇਮਨ ਟਾਪੂਆਂ ਦੀ ਰਾਜਧਾਨੀ ਗਰੈਂਡ ਕੇਮਨ ਆਈਲੈਂਡ ਵਿਖੇ ਹੈ ਜਿਥੇ ਸਮੁੰਦਰ ਵਿਚ ਹੀ ਸਾਡਾ ਜਹਾਜ਼ ਰੁਕਿਆ ਸੀ। ਕਿਸ਼ਤੀਆਂ ਰਾਹੀਂ ਸੈਲਾਨੀਆਂ ਨੂੰ ਕੰਢੇ 'ਤੇ ਲਿਜਾਇਆ ਗਿਆ। ਫਿਰ ਟੈਕਸੀ ਰਾਹੀਂ ਸੈਲਾਨੀ 7 ਮੀਲ ਲ਼ੰਬੀ ਬੀਚ 'ਤੇ ਜਾਂਦੇ ਹਨ। ਇਸਦੇ ਪਾਣੀਆਂ ਅਤੇ ਸਮੁੰਦਰੀ ਲਹਿਰਾਂ ਵਿਚ ਭਿੱਜਦੇ ਆਨੰਦਿਤ ਹੁੰਦੇ ਹਨ। ਸ਼ਫ਼ਾਫ਼ ਪਾਣੀ ਵਿਚ ਅੱਠਖੇਲੀਆਂ ਕਰਦੇ ਕੁਦਰਤ ਦੀ ਖ਼ੂਬਸੂਰਤੀ ਨੂੰ ਮਾਣਦੇ ਹਨ। ਬੀਚ ਕੱਕੀ ਰੇਤ ਵਾਲੀ ਸਾਫ਼ ਸੁਥਰੀ ਹੈ। ਕਿਧਰੇ ਵੀ ਗੰਦਗੀ ਦਾ ਨਾਮੋ-ਨਿਸ਼ਾਨ ਨਹੀਂ। ਨੀਲੇ ਪਾਣੀਆਂ ਵਿਚ ਤੈਰਦਿਆਂ ਅਤੇ ਸਮੁੰਦਰੀ ਲਹਿਰਾਂ ਦੀ ਛੋਹ ਮਾਣਦਿਆਂ ਬੰਦਾ ਇਕ ਸੁਖਨ ਅਤੇ ਸਕੂਨ ਵਿਚ ਭਿੱਜ ਜਾਂਦਾ ਹੈ। ਉਸ ਦੀ ਰੂਹ ਪਾਣੀਆਂ ਵਾਂਗ ਨਿਰਮਲ ਹੋਣਾ ਲੋਚਦੀ ਹੈ।

ਦਰਅਸਲ ਸਮੁੰਦਰ ਦੇ ਪਾਣੀ ਵਿਚ ਬੰਦਾ ਕੁਦਰਤ ਦੇ ਸਭ ਤੋਂ ਨੇੜੇ। ਇਸਦੇ ਬਲਿਹਾਰੇ ਜਾਂਦਾ ਕਿ ਇਹ ਕੁਦਰਤ ਦੀ ਕੇਹੀ ਇਨਾਇਤ ਕਿ ਉਸਨੇ ਬੰਦੇ ਦੀ ਝੋਲੀ ਵਿਚ ਸਮੁੰਦਰ, ਧਰਤੀ, ਪਹਾੜ, ਮਾਰੂਥਲ, ਮੈਦਾਨੀ ਖਿੱਤੇ, ਰੇਗਸਤਾਨ, ਜੰਗਲ ਵਰਗੀਆਂ ਨਿਆਮਤਾਂ ਨਾਲ ਮਾਲੋਮਾਲ ਕੀਤਾ ਹੈ। ਪਰ ਮਨੁੱਖ ਕਿੰਨਾ ਨਾਸ਼ੁਕਰਾ ਕਿ ਉਹ ਇਨ੍ਹਾਂ ਰਹਿਮਤਾਂ ਦੀ ਬੇਰੁਹਮਤੀ ਕਰਨ ਲਈ ਹਰਦਮ ਤਾਕ ਵਿਚ ਰਹਿੰਦਾ। ਅਸੀਂ ਸਮੁੰਦਰ ਅਤੇ ਇਸਦੇ ਤੱਟਾਂ ਨੂੰ ਪਲੀਤ ਕੀਤਾ। ਪਹਾੜਾਂ ਦੇ ਤਨ ਦੀ ਹਰਿਆਵਲੀ ਚਾਦਰ ਜੰਗਲਾਂ ਨੂੰ ਖਤਮ ਕਰਨ ਲਈ ਰੁੱਖਾਂ ਨੂੰ ਵੱਢਣ ਜਾਂ ਅੱਗ ਲਾ ਕੇ ਸਾੜਨ ਵਿਚ ਕੋਈ ਕਸਰ ਨਹੀਂ ਛੱਡਦੇ। ਧਰਤੀ ਨੂੰ ਮਾਰੂਥਲ ਬਣਾਉਣ ਲਈ ਹਮੇਸ਼ਾ ਉਤਸੁਕ। ਜੰਗਲੀ ਜੀਵਾਂ ਦੀਆਂ ਕਈ ਨਸਲਾਂ ਤਾਂ ਅਸੀਂ ਖਾ ਕੇ ਹੀ ਮੁਕਾ ਦਿਤੀਆਂ ਪਰ ਬੰਦੇ ਦਾ ਢਿੱਡ ਨਹੀਂ ਭਰਿਆ।

ਇਸ ਦੀ ਆਪਣੀ ਕਰੰਸੀ ਕੇਮਨ ਡਾਲਰ ਹੈ ਜਿਹੜਾ ਅਮਰੀਕੀ ਡਾਲਰ ਤੋਂ ਵੱਡਾ ਹੈ ਅਤੇ ਇਕ ਅਮਰੀਕੀ ਡਾਲਰ ਦੇ ਸਿਰਫ਼ 87 ਸੈਂਟ ਬਣਦੇ ਹਨ। ਗਰੈਂਡ ਕੇਮਨ ਆਈਲੈਂਡ ਵਿਚ ਬੀਚ ਦੇ ਨਾਲ-ਨਾਲ ਮਹਿੰਗੇ ਹੋਟਲ ਅਤੇ ਅਮੀਰਾਂ ਦੇ ਘਰ ਹਨ। ਬੀਚ ਦੇ ਕੋਲ ਬਣੇ ਘਰਾਂ ਦੀ ਕੀਮਤ ਅੰਦਾਜਨ਼ ਚਾਲੀ ਤੋਂ ਪੰਜਾਹ ਮਿਲੀਅਨ ਹੈ। ਮੂਲ ਨਿਵਾਸੀਆਂ ਦੀ ਆਰਥਿਕ ਹਾਲਤ ਤਾਂ ਬਹੁਤੀ ਚੰਗੀ ਨਹੀਂ। ਉਨ੍ਹਾਂ ਦੀ ਮਾਨਸਿਕਤਾ ਵਿਚ ਖ਼ੁਦਗਰਜ਼ੀ ਅਤੇ ਲਾਲਚ ਦੇਖਣ ਨੂੰ ਮਿਲਿਆ।

ਇਥੇ ਬੀਚ 'ਤੇ ਬਹਿਣ ਲਈ ਕੁਰਸੀਆਂ ਜਾਂ ਛੱਤਰੀ ਕਿਰਾਏ 'ਤੇ ਹੀ ਮਿਲ ਜਾਂਦੀਆਂ ਹਨ। ਪਰ ਛਾਤਰ ਲੋਕ ਪੈਸੇ ਲੈ ਕੇ ਕਿਸੇ ਹੋਰ ਦੀਆਂ ਕੁਰਸੀਆਂ ਚੁਕਾ ਕੇ ਪੈਸੇ ਬਟੋਰ ਲੈਂਦੇ ਹਨ ਅਤੇ ਰਫੂ ਚੱਕਰ ਹੋ ਜਾਂਦੇ ਹਨ। ਕਈ ਲੋਕ ਅਜੇਹੇ ਠੱਗ ਵਿਅਕਤੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਜੇਹਾ ਹੀ ਸਾਡੇ ਨਾਲ ਹੋਇਆ ਕਿ ਇਕ ਵਿਅਕਤੀ ਨੇ ਚਲਾਕੀ ਨਾਲ ਪੈਸੇ ਲੈ ਕੇ ਕਿਸੇ ਹੋਰ ਦੀਆਂ ਦੋ ਕੁਰਸੀਆਂ ਦੇ ਦਿੱਤੀਆਂ ਅਤੇ ਆਪ ਤਿੱਤਰ ਹੋ ਗਿਆ। ਜਦ ਅਸਲੀ ਮਾਲਕ ਨੂੰ ਪਤਾ ਲੱਗਿਆ ਤਾਂ ਉਹ ਲੜਨ ਲੱਗਾ ਕਿ ਮੈਨੂੰ ਪੈਸੇ ਦਿਓ। ਬੋਲ ਬੁਲਾਰਾ ਸੁਣ ਕੇ ਪੁਲੀਸ ਵੀ ਆ ਗਈ। ਪੁਲੀਸ ਅਫਸਰ ਦਾ ਕਹਿਣਾ ਸੀ ਇਹ ਲੋਕ ਅਜੇਹੀ ਬੇਈਮਾਨੀ ਕਰ ਜਾਂਦੇ ਹਨ। ਅਸੀਂ ਕੋਸ਼ਿਸ਼ ਤਾਂ ਬਹੁਤ ਕਰਦੇ ਹਾਂ ਪਰ ਠੱਗ ਬਾਜ਼ ਨਹੀਂ ਆਉਂਦੇ। ਨਿੱਕੀ ਜਹੀ ਬਦਮਗਜ਼ੀ ਤੁਹਾਡੇ ਸੈਰ-ਸਪਾਟੇ ਦਾ ਮਜ਼ਾ ਤਾਂ ਕਿਰਕਿਰਾ ਕਰ ਹੀ ਜਾਂਦੀ ਹੈ।

ਕੇਮਨ ਟਾਪੂ ਸੈਰ-ਸਪਾਟੇ ਦਾ ਕੇਂਦਰ ਹਨ। ਅਮੀਰ ਲੋਕਾਂ ਦੇ ਰਿਟਾਇਰਮੈਂਟ ਤੋਂ ਬਾਅਦ ਰਹਿਣ ਲਈ ਵਧੀਆ ਥਾਂ ਹੈ। ਇਥੋਂ ਦੀ ਅਸਲੀ ਤਾਕਤ ਤਾਂ ਹਾਲੇ ਵੀ ਗੋਰਿਆਂ ਦੇ ਹੱਥ ਹੈ। ਗਵਰਨਰ ਚਾਰ ਸਾਲ ਲਈ ਨਿਯੁਕਤ ਕੀਤਾ ਜਾਂਦਾ ਹੈ ਅਤੇ ਹੁਣ ਪਹਿਲੀ ਵਾਰ ਇਸਦੀ ਗਵਰਨਰ ਇਕ ਔਰਤ ਹੈ। ਜਦ ਸਾਨੂੰ ਗਾਈਡ ਨੇ ਗਵਰਨਰ ਹਾਊਸ ਦਿਖਾਇਆ ਤਾਂ ਕਮਾਲ ਦੀ ਗੱਲ ਇਹ ਸੀ ਕਿ ਗਵਰਨਰ ਹਾਊਸ ਦੇ ਬਾਹਰ ਕੋਈ ਵੀ ਪੁਲੀਸ ਕਰਮੀ ਤਾਇਨਾਤ ਨਹੀਂ ਸੀ। ਕੋਈ ਵੀ ਗਵਰਨਰ ਨੂੰ ਮਿਲ ਸਕਦਾ ਹੈ। ਪਹਿਲਾਂ ਪਹਿਲ ਲੱਭੀਆਂ ਜ਼ਿਆਦਾਤਰ ਨਵੀਆਂ ਅਬਾਦੀਆਂ 'ਤੇ ਗੋਰਿਆਂ, ਫਰਾਂਸੀਸੀਆਂ ਜਾਂ ਸਪੈਨਿਸ਼ ਲੋਕਾਂ ਨੇ ਕਬਜ਼ੇ ਕਰ ਕੇ ਇਨ੍ਹਾਂ ਨੂੰ ਆਪਣੀਆਂ ਕਲੋਨੀਆਂ ਬਣਾਇਆ ਸੀ ਜਿਸਦੀ ਰਹਿੰਦ-ਖੂੰਹਦ ਹੁਣ ਕੁਝ ਕੁ ਕਲੋਨੀਆਂ ਹੀ ਰਹਿ ਗਈਆਂ। ਕੁਝ ਕੁ ਦੇਸ਼ ਸਿਰਫ਼ ਨਾਮਾਤਰ ਹੀ ਇੰਗਲੈਂਡ ਦੀ ਸਲਤਨਤ ਹਨ ਜਿਵੇਂ





ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਆਦਿ ਕੁਝ ਦੇਸ਼ ਹੀ ਇੰਗਲੈਂਡ ਦੇ ਪ੍ਰਭਾਵ ਹੇਠ ਹਨ।

**5. ਚੱਲ ਮੈਕਸੀਕੋ ਚੱਲੀਏ**

ਪੰਜਾਬੀ ਫਿਲਮ 'ਚੱਲ ਮੈਕਸੀਕੋ ਚੱਲੀਏ' ਦੇਖਦਿਆਂ ਡੌਂਕੀ ਲਾ ਕੇ ਵਾਇਆ ਮੈਕਸੀਕੋ, ਅਮਰੀਕਾ ਆਉਂਦੇ ਪੰਜਾਬੀਆਂ ਦੀ ਤਰਸਯੋਗ ਹਾਲਾਤ ਅਤੇ ਕਠਿਨ ਹਾਲਤਾਂ ਨੂੰ ਦੇਖਦਿਆਂ ਕਈ ਵਾਰ ਮਨ ਵਿਚ ਖਿਆਲ ਆਇਆ ਸੀ ਕਿ ਮੈਕਸੀਕੋ ਵੀ ਦੇਖਣਾ ਚਾਹੀਦਾ ਹੈ। ਇਹ ਸਬੱਬ



ਹੀ ਸਮਝੋ ਕਿ ਇਸ ਕਰੂਜ਼ ਦਾ ਆਖਰੀ ਪੜਾਅ ਮੈਕਸੀਕੋ ਦਾ ਕੋਜ਼ੂਮਲ ਟਾਪੂ ਸੀ। ਇਹ ਮੈਕਸੀਕੋ ਦਾ ਸਭ ਤੋਂ ਵੱਡਾ ਕ੍ਰੈਬੀਅਨ ਟਾਪੂ ਹੈ ਜਿਸਦੀ ਲੰਬਾਈ 48 ਕਿਲੋਮੀਟਰ ਅਤੇ ਚੌੜਾਈ 15 ਕਿਲੋਮੀਟਰ ਹੈ। ਇਸ ਟਾਪੂ ਦੀ ਵਸੋਂ 88626 ਹੈ। ਸਾਰਾ ਟਾਪੂ ਹੀ ਕੁਦਰਤ ਦਾ ਕਮਾਲ ਹੈ। ਕੋਜ਼ੂਮਲ ਬਹੁਤ ਹੀ ਹਰਮਨ ਪਿਆਰੀ ਕਰੂਜ਼ ਪੋਰਟ ਹੈ। ਸਾਡੇ ਸ਼ਿਪ ਦੇ ਕੰਢੇ ਲੱਗਣ ਤੋਂ ਪਹਿਲਾਂ ਇਥੇ ਚਾਰ ਹੋਰ ਕਰੂਜ਼ ਸ਼ਿਪ ਖੜ੍ਹੇ ਸਨ। ਦਰਅਸਲ ਇਸ ਟਾਪੂ ਦੇ ਵਾਸੀਆਂ ਦੀ ਸਮੁੱਚੀ ਕਮਾਈ ਸੈਲਾਨੀਆਂ ਤੋਂ ਹੁੰਦੀ ਹੈ।

ਕੋਜ਼ੂਮਲ ਵਿਖੇ ਸ਼ਿਪ ਤੋਂ ਉਤਰ ਕੇ ਟੈਕਸੀ ਰਾਹੀਂ ਅਸੀਂ ਪਾਮ ਬੀਚ 'ਤੇ ਪਹੁੰਚ ਗਏ ਜੋ ਕਰੂਜ਼ ਪੋਰਟ ਤੋਂ ਘੰਟੇ ਕੁ ਦੀ ਵਾਟ 'ਤੇ ਸੀ। ਇਥੇ ਦੀਆਂ ਬੀਚਾਂ ਬਹੁਤ ਹੀ ਸਾਫ਼ ਸੁਥਰੀਆਂ ਅਤੇ ਪ੍ਰਾਈਵੇਟ ਹਨ। ਨਿੱਜੀ ਹੋਣ ਕਰਕੇ, ਬੀਚਾਂ ਦਾ ਰੱਖ-ਰਖਾਅ ਬਹੁਤ ਸੁੰਦਰ ਤਰੀਕੇ ਨਾਲ ਕੀਤਾ ਜਾਂਦਾ ਹੈ। ਸੈਲਾਨੀਆਂ ਦੀਆਂ ਸਹੂਲਤਾਂ ਦਾ ਖਾਸ ਖ਼ਿਆਲ ਰੱਖਿਆ ਜਾਂਦਾ ਹੈ। ਹਰੇਕ ਬੀਚ 'ਤੇ ਤੁਹਾਨੂੰ ਖਾਣ ਲਈ ਮੈਕਸੀਕਨ ਫੂਡ ਮਿਲੇਗਾ। ਕੁਰਸੀਆਂ ਅਤੇ ਛੱਤਰੀਆਂ ਤੋਂ ਇਲਾਵਾ ਖੁਦ ਬੋਟਿੰਗ ਕਰਨ ਦੀ ਸੁਵਿਧਾ ਹੈ ਅਤੇ ਬੋਟ ਰਾਈਡ ਲੈਣ ਦਾ ਮਜ਼ਾ ਵੀ ਲੈ ਸਕਦੇ ਹੋ। ਇਥੇ ਸਮੁੰਦਰੀ ਪਾਣੀ ਵਿਚ ਲੂਣ ਦੀ ਘਣਤਾ ਜ਼ਿਆਦਾ ਹੋਣ ਕਰਕੇ ਤੁਸੀਂ ਪਾਣੀ ਉਪਰ ਲੇਟ ਕੇ ਤੈਰਨ ਵਰਗਾ ਵਿਸਮਾਦ ਵੀ ਹਾਸਲ ਕਰ ਸਕਦੇ ਹੋ। ਕਈ ਵਾਰ ਮੈਂ ਸੋਚਦਾ ਹਾਂ ਕਿ ਸਮੁੰਦਰ ਤੋਂ ਵਿੱਛੜ ਕੇ ਇਹ ਖਾਰਾ ਪਾਣੀ ਜਦ ਖੁੱਲ੍ਹੇ ਤਲਾਬਾਂ ਵਿਚ ਛੱਡ ਕੇ ਲੂਣ ਬਣਾਉਣ ਲਈ ਸੁਕਾਇਆ ਜਾਂਦਾ ਤਾਂ ਇਸ ਪਾਣੀ ਦੀ ਆਪਣੇ ਸਮੁੰਦਰ ਨੂੰ ਫਿਰ ਮਿਲਣ ਦੀ ਰੀਝ ਹੀ ਹੁੰਦੀ ਕਿ ਉਹ ਵਾਸ਼ਪ ਹੋ ਕੇ ਬੱਦਲ ਬਣਦਾ, ਬਾਰਸ਼ ਰਾਹੀਂ ਨਦੀਆਂ ਨਾਲਿਆਂ ਤੋਂ ਬਾਅਦ ਦਰਿਆਵਾਂ ਦਾ ਰੂਪ ਧਾਰਦਾ। ਅਖੀਰ ਫਿਰ ਸਮੁੰਦਰ ਦੀ ਗਲਵੱਕੜੀ ਵਿਚ ਆ ਕੇ ਸਮਾ ਜਾਂਦਾ। ਕਦੇ ਸਾਨੂੰ ਵੀ ਆਪਣੇ ਮੂਲ ਨੂੰ ਯਾਦ ਕਰਦਿਆਂ ਪਾਣੀ ਵਾਂਗ ਉਚੇਚ ਜ਼ਰੂਰ ਕਰਨਾ ਚਾਹੀਦਾ।

ਬੀਚ 'ਤੇ ਸਮੁੰਦਰ ਵਿਚ ਤਾਰੀਆਂ ਵੀ ਲਾਈਆਂ, ਮਨਪਸੰਦ ਖਾਣਾ ਵੀ ਖਾਧਾ, ਕੁਝ ਸਮੇਂ ਲਈ ਟਹਿਲਦਿਆਂ, ਸੈਲਾਨੀਆਂ ਦੇ ਪਾਣੀਆਂ ਸੰਗ ਮਨਆਈਆਂ ਦੇ ਨਜ਼ਾਰੇ ਵੀ ਮਾਣੇ। ਆਖਰ ਨੂੰ ਵਾਪਸੀ ਲਈ ਚਾਲੇ ਪਾ ਦਿਤੇ ਕਿਉਂਕਿ ਬੱਚਿਆਂ ਦਾ ਵਿਚਾਰ ਸੀ ਕਿ ਨਿਸ਼ਾਨੀ ਵਜੋਂ ਕੁਝ ਤਾਂ ਖਰੀਦਿਆ ਜਾਵੇ ਭਾਵੇਂ ਇਹ ਪਤਾ ਹੁੰਦਾ ਕਿ ਟੂਰਿਸਟ ਥਾਵਾਂ 'ਤੇ ਹਰੇਕ ਚੀਜ਼ ਮਨਮਰਜ਼ੀ ਦੇ ਭਾਅ ਵੇਚੀ ਜਾਂਦੀ ਹੈ। ਹਰੇਕ ਬੀਚ 'ਤੇ ਟੈਕਸੀ ਤੁਹਾਨੂੰ ਛੱਡ ਕੇ ਨਵੀਂ ਸਵਾਰੀ ਲੈ ਕੇ ਵਾਪਸ ਚਲੇ ਜਾਂਦੀ ਹੈ। ਆਉਣ ਵੇਲੇ ਕੋਈ ਹੋਰ ਟੈਕਸੀ ਲਵੋਗੇ ਤਾਂ ਪ੍ਰਤੀ ਸਵਾਰੀ ਉਹੀ ਕਿਰਾਇਆ ਵਸੂਲ ਕਰਨਗੇ ਅਤੇ ਤੁਹਾਨੂੰ ਆਪਣੇ ਮੁੱਢਲੇ ਟਿਕਾਣੇ 'ਤੇ ਪੁੱਜਦਾ ਕਰਦੇ ਹਨ। ਇਸ ਪੋਰਟ 'ਤੇ ਸੈਲਾਨੀਆਂ ਦੀ ਹਰ ਵੇਲੇ ਖ਼ੂਬ ਰੌਣਕ ਲੱਗੀ ਰਹਿੰਦੀ ਹੈ। ਵਾਪਸ ਸ਼ਿਪ 'ਤੇ ਜਾਂਦਿਆਂ ਕੋਜ਼ੂਮਲ ਵਲੋਂ ਅਧਿਕਾਰਤ ਡਿਊਟੀ ਫ਼ਰੀ ਬਜ਼ਾਰ ਹੈ ਜਿਸ ਵਿਚੋਂ ਲੰਘ ਕੇ ਹਰੇਕ ਸੈਲਾਨੀ ਸ਼ਿਪ 'ਤੇ ਜਾਂਦਿਆਂ ਮਨਚਾਹੀ ਖ਼ਰੀਦਦਾਰੀ ਵੀ ਕਰ ਸਕਦਾ ਹੈ।

ਮੈਕਸੀਕਨ ਲੋਕਾਂ ਦਾ ਰਹਿਣ-ਸਹਿਣ, ਖਾਣ-ਪੀਣ ਅਤੇ ਤਰਜ਼ੇ-ਜ਼ਿੰਦਗੀ ਪੰਜਾਬੀਆਂ ਨਾਲ ਮਿਲਦੀ ਜੁਲਦੀ ਹੈ। ਇਸਦੀ ਟ੍ਰੈਫ਼ਿਕ, ਪੋਰਟ ਤੇ ਭੀੜ ਭੜੱਕਾ ਅਤੇ ਦੁਕਾਨਦਾਰਾਂ ਵਲੋਂ ਕੀਤੀ ਜਾਂਦੀ ਸੌਦੇਬਾਜ਼ੀ ਤੋਂ ਇਉਂ ਜਾਪਦਾ ਜਿਵੇਂ ਤੁਸੀਂ ਜਲੰਧਰ ਦੀ ਰੇਹੜੀ ਮਾਰਕਿਟ ਵਿਚ ਫਿਰਦੇ ਹੋਵੋ। ਪਰ ਨਵੀਂ ਦੁਨੀਆ, ਨਵੇਂ ਲੋਕ, ਨਵਾਂ ਚੌਗਿਰਦਾ ਅਤੇ ਨਵੀਂ ਸਭਿਅਤਾ ਵਿਚੋਂ ਤੁਸੀਂ ਬਹੁਤ ਕੁਝ ਸਿੱਖਦੇ, ਆਪਣੇ ਮਨ ਦੇ ਬੰਦ ਕਿਵਾੜਾਂ ਨੂੰ ਖੋਲ੍ਹਦੇ ਹੋ। ਤੁਹਾਨੂੰ ਪਤਾ ਲੱਗਦਾ ਹੈ ਕਿ ਦੁਨੀਆ ਕਿੰਨੀ ਰੰਗ-ਬਿਰੰਗੀ ਅਤੇ ਬਹੁ-ਭਾਂਤੀ ਹੈ। ਆਪਣੀ ਮਸਤੀ ਵਿਚ ਝੂਮਦੇ ਅਤੇ ਜੀਵਨ ਦੇ ਸੁਰਖ਼ ਰੰਗਾਂ ਤੇ ਪਰਤਾਂ ਨੂੰ ਜਿਊਂਦੇ ਲੋਕ ਹੀ ਦਰਅਸਲ ਜ਼ਿੰਦਗੀ ਦੇ ਸ਼ਾਹਅਸਵਾਰ ਹੁੰਦੇ। ਇਨ੍ਹਾਂ ਕੋਲੋਂ ਅਸੀਂ ਜ਼ਿੰਦਗੀ ਨੂੰ ਜਿਉਣ ਦਾ ਵੱਲ ਸਿੱਖ ਸਕਦੇ ਹਾਂ।

ਸਵੇਰੇ 11 ਤੋਂ ਸ਼ਾਮ ਛੇ ਵਜੇ ਤੱਕ ਦਾ ਸਮਾਂ ਕੋਜ਼ੂਮਲ ਟਾਪੂ ਵਿਚ ਗੁਜ਼ਾਰ ਕੇ ਵਾਪਸ ਮੁੜੇ ਤਾਂ ਚਾਰ/ਪੰਜ ਕਰੂਜ਼ ਸ਼ਿਪਾਂ ਵਿਚ ਜਾਣ ਵਾਲੇ ਸੈਲਾਨੀਆਂ ਦਾ ਜ਼ਾਬਤਾ ਅਤੇ ਅਨੁਸ਼ਾਸਨ ਕਮਾਲ ਸੀ। ਮਜਾਲ ਕੇ ਕੋਈ ਲਾਈਨ ਤੋੜੇ, ਧੱਕਾ-ਮੁੱਕੀ ਹੋਵੇ ਜਾਂ ਕਿਸੇ ਕਿਸਮ ਦਾ ਚੀਕ-ਚਹਾੜਾ ਪੈਂਦਾ ਹੋਵੇ। ਹਰ ਕੋਈ ਸਮੇਂ ਦੀ ਕਦਰ ਕਰਦਾ ਅਤੇ ਆਪਣੀ ਵਾਰੀ ਸਿਰ ਸ਼ਿਪ ਵਿਚ ਜਾ ਰਿਹਾ ਸੀ। ਦਿਨ ਭਰ ਦੀ ਥਕਾਵਟ ਲਾਹੁਣ ਲਈ ਕੁਝ ਤਾਂ ਬਾਰ ਵੱਲ ਜਾ ਰਹੇ ਸਨ ਅਤੇ ਕੁਝ ਡਿੱਕ 'ਤੇ ਜਾ ਕੇ ਸੰਗੀਤ ਸੁਣਦੇ, ਉਤਰੀ ਸ਼ਾਮ ਦੇ ਘੁਸਮੁਸੀ ਰੰਗ ਵਿਚ ਰੰਗੇ ਜਾਣ ਲਈ ਕਾਹਲੇ ਸਨ।

ਕਰੂਜ਼ 'ਤੇ ਜਾਣਾ, ਸਰਦ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਲਈ ਹਫ਼ਤੇ ਭਰ ਦੀ ਰਾਹਤ ਸੀ ਕਿਉਂਕਿ ਸਖਤ ਸਰਦੀ, ਸੀਤ ਅਤੇ ਬਰਫ਼ਬਾਰੀ ਤੋਂ ਅੱਕਿਆਂ ਲਈ ਇਹ ਸਮਾਂ ਗਰਮ ਖੇਤਰਾਂ ਵਿਚ ਬਿਤਾਉਣ ਦਾ ਹੁੰਦਾ। ਬੰਦੇ ਦੀ ਵੀ ਕੇਹੀ ਫਿਤਰਤ ਕਿ ਜਦ ਗਰਮੀਆਂ ਹੁੰਦੀਆਂ ਤਾਂ ਉਹ ਕੁਝ ਸਮੇਂ ਲਈ ਅਲਾਸਕਾ ਆਦਿ ਠੰਢੇ ਖੇਤਰਾਂ ਵਿਚ ਛੁੱਟੀਆਂ ਮਨਾਉਣ ਚਲਿਆ ਜਾਂਦਾ। ਜਦ ਸਰਦੀ ਸਤਾਉਂਦੀ ਤਾਂ ਗਰਮ ਖੇਤਰਾਂ ਵੱਲ ਚਲਿਆ ਜਾਂਦਾ। *(ਚੱਲਦਾ)*

---

# ਜਨਮ ਸਮੇਂ ਰਹਿ ਗਈਆਂ ਸਰੀਰਕ ਬਣਤਰ ਦੀਆਂ ਕਮੀਆਂ – 2

**ਵੱਢੀ ਨਾੜੀ ਦੀ ਘੁਟਨ:** ਦਿਲ ਦੇ ਜਮਾਂਦਰੂ ਰੋਗਾਂ ਵਿਚ ਏਓਰਟਾ ਯਾਨੀ ਵੱਡੀ ਨਾੜੀ ਜਿਹੜੀ ਲੈਫਟ ਵੈਂਟਰੀਕਲ ਯਾਨੀ ਦਿਲ ਦੇ ਖੱਬੇ ਹੇਠਾਂ ਵਾਲੇ ਖ਼ਾਨੇ ਵਿਚੋਂ ਖ਼ੂਨ ਲੈ ਕੇ ਸਾਰੇ ਸਰੀਰ ਨੂੰ ਸਪਲਾਈ ਕਰਦੀ ਹੈ ਉਸ ਵਿਚ ਵੀ ਕੁਦਰਤੀ ਜਮਾਂਦਰੂ ਘੁਟਨ ਹੁੰਦੀ ਹੈ ਜਿਸ ਨਾਲ ਸਰੀਰ ਨੂੰ ਖ਼ੂਨ ਰਾਹੀਂ" ਆਕਸੀਜਨ ਦੀ ਲੋੜੀਂਦੀ ਪੂਰੀ ਸਪਲਾਈ ਨਹੀਂ ਹੋ ਸਕਦੀ।



**ਗੁਰਦੀਪ ਸਿੰਘ ਸੰਧੂ**
**ਫੋਨ: 408-687-1899**

**ਸਿਰ ਦੀ ਖੋਪੜੀ ਦਾ ਵੱਡਾ ਹੋਣਾ ਤੇ ਇਸ ਵਿਚ ਪਾਣੀ ਦਾ ਭਰਿਆ ਹੋਣਾ :** ਹਾਈਡਰੋਸੈਫਾਲਸ ਜਿਸ ਵਿਚ ਖੋਪੜੀ ਦੇ ਅੰਦਰ ਬਰੇਨ ਦੇ ਅਲੱਗ ਅਲੱਗ ਅੰਗਾਂ ਨੂੰ ਕਵਰ ਕਰਨ ਵਾਲੇ ਗਿਲਾਫ਼ ਜਿਨ੍ਹਾਂ ਨੂੰ ਮਨਿੰਜਿਜ ਕਹਿੰਦੇ ਹਨ ਉਨ੍ਹਾਂ ਦੀਆਂ ਤੈਹਾਂ ਵਿਚ ਸੇਰੇਬਰਲ ਫਲਿਊਡ ਯਾਨੀ ਪਾਣੀ ਭਰ ਜਾਂਦਾ ਹੈ। ਜਿਨ੍ਹਾਂ ਦਾ ਸਿੱਧਾ ਸੰਬੰਧ ਰੀੜ੍ਹ ਦੀ ਹੱਡੀ ਵਿਚਲੇ ਸੁਰਾਖ ਨਾਲ ਵੀ ਹੁੰਦਾ ਹੈ। ਵਾਧੂ ਪਾਣੀ ਖੋਪੜੀ ਦੇ ਅਕਾਰ ਨੂੰ ਵਧਾ ਦਿੰਦਾ ਹੈ ਜਿਸ ਨਾਲ ਬੱਚੇ ਨੂੰ ਸਿਰ ਉਠਾ ਕੇ ਰੱਖਣ ਵਿਚ ਮੁਸ਼ਕਲ ਹੁੰਦੀ ਹੈ ਤੇ ਨਾਰਮਲ ਤਿੰਨ ਮਹੀਨਿਆਂ ਵਿਚ ਵੀ ਬੱਚਾ ਪੂਰੀ ਤਰ੍ਹਾਂ ਗਰਦਨ ਉੱਪਰ ਆਪਣਾ ਸਿਰ ਨਹੀਂ ਸੰਭਾਲ ਸਕਦਾ। ਹਮੇਸ਼ਾ ਸਿਰ ਸੁੱਟ ਕੇ ਪਿਆ ਰਹਿੰਦਾ ਹੈ। ਨੱਕ ਵਗਣਾ ਛਿੱਕਾਂ ਜ਼ੁਕਾਮ ਦੇ ਨਾਲ ਨਾਲ ਲੱਤਾਂ ਵਿਚ ਕਮਜ਼ੋਰੀ ਜਿਸ ਨਾਲ ਬੱਚਾ ਨਾਰਮਲ ਨੌਂ ਦਸ ਮਹੀਨਿਆਂ ਵਿਚ ਵੀ ਖੜਾ ਨਹੀਂ ਹੋ ਸਕਦਾ। ਅਜੇਹੇ ਨੁਕਸ ਵੀ ਜਮਾਂਦਰੂ ਤੇ ਮਾਂ ਦੀ ਸਹੀ ਖ਼ੁਰਾਕ ਦੀ ਕਮੀ ਖ਼ਾਸਕਰ ਫੋਲਕ ਏਸਿਡ ਦੀ ਕਮੀ ਕਰਕੇ ਪੈਦਾ ਹੁੰਦੇ ਹਨ। ਅਜੇਹੇ ਰੋਗਾਂ ਵਿਚ ਹੋਮਿਓ ਪੈਥਿਕ ਇਲਾਜ ਪ੍ਰਕਿਰਿਆ ਅੰਡਰ ਡਿਵੈਲਪਮੈਂਟ ਦੇ ਸਾਰੇ ਰੋਗਾਂ ਦਾ ਬਹੁਤ ਕਾਮਯਾਬੀ ਨਾਲ ਇਲਾਜ ਕਰਦੀ ਹੈ। ਖ਼ਾਸ ਕਰ ਜਦ ਸਪਲੀਮੈਂਟ ਵਿਟਾਮਿਨ ਤੇ ਮਿਨਰਲ ਦੇਣ ਬਾਅਦ ਵੀ ਇਹ ਡਿਵੈਲਪਮੈਂਟ ਨਾਰਮਲ ਹੋ ਕੇ ਇਸ ਨਾਲ ਸੰਬੰਧਿਤ ਸਰੀਰਕ ਕਿਰਿਆ ਨਾਰਮਲ ਨਹੀਂ ਹੋ ਜਾਂਦੀਆਂ।

**ਰੀੜ੍ਹ ਦੀ ਹੱਡੀ ਦੇ ਰੋਗ**

ਬਚਿਆਂ ਵਿਚ ਰੀੜ੍ਹ ਦੀ ਹੱਡੀ ਦੇ ਰੋਗਾਂ ਵਿਚ ਸ਼ਾਮਲ ਹੈ ਸਪਿੰਨਾਬਾਈਫਿਡਾ ਜਿਸ ਵਿਚ ਰੀੜ੍ਹ ਦੀ ਬਣਤਰ ਕਈ ਥਾਵਾਂ ਤੋਂ ਕਮਜ਼ੋਰ ਹੋਣ ਕਰਕੇ ਉਹਦੇ ਅੰਦਰ ਦੇ ਸੁਰਾਖ ਸਣੇ ਬਾਹਰ ਵੱਲ ਇਕ ਫੋੜੇ ਦੀ ਸ਼ਕਲ ਵਿਚ ਉੱਭਰ ਜਾਂਦੀ ਹੈ। ਇਹ ਸਪਿੰਨਾਬਾਈਫਿਡਾ ਵੀ ਦੋ ਤਰ੍ਹਾਂ ਦਾ ਹੁੰਦਾ ਹੈ ਪਹਿਲੀ ਕਿਸਮ ਵਿਚ ਰੀੜ੍ਹ ਦੀ ਹੱਡੀ ਹੀ ਪੂਰੀ ਗੁਲ਼ਾਈ ਵਿਚ ਬਾਹਰ ਵੱਲ ਘੁੰਮ ਜਾਂਦੀ ਹੈ ਤੇ ਅੰਦਰ ਦਾ ਸੁਰਾਖ ਤੇ ਇਸ ਅੰਦਰ ਦੀਆਂ ਨਸਾਂ ਤੇ ਤਰਲ ਵੀ ਉਸੇ ਤਰ੍ਹਾਂ ਗੁਲ਼ਾਈ ਵਿਚ ਘੁੰਮ ਕੇ ਫਿਰ ਰੀੜ੍ਹ ਦੀ ਹੱਡੀ ਸਿੱਧੀ ਹੇਠਾਂ ਵੱਲ ਜਾਂਦੀ ਹੈ। ਇਸ ਨਾਲ ਸਿਰਫ ਰੀੜ੍ਹ ਦੀ ਹੱਡੀ ਦੇ ਅੰਦਰ ਦੀਆਂ ਨਸਾਂ ਦਾ ਕੰਮ ਹੀ ਪ੍ਰਭਾਵਿਤ ਹੁੰਦਾ ਹੈ ਇਸਨੂੰ ਮਨਿਗੋਮਾਈਲੋਸਿਲ ਕਹਿੰਦੇ ਹਨ।

ਦੂਸਰੀ ਕਿਸਮ ਸਪਿਨਾਬਾਈਫਿਡਾ ਜਿਸ ਵਿਚ ਕਿਸੇ ਜਗ੍ਹਾ 'ਤੇ ਨਿਉਰਲ ਕਨਾ਼ਲ ਯਾਨੀ ਰੀੜ੍ਹ ਦੀ ਹੱਡੀ ਦੇ ਅੰਦਰ ਵਾਲਾ ਸੁਰਾਖ ਬਣਾਉਣ ਵਾਲੀਆਂ ਹੱਡੀਆਂ ਪੂਰੀ ਤਰ੍ਹਾਂ ਆਪਸ ਵਿਚ ਜੁੜੀਆਂ ਹੀ ਨਹੀਂ ਹੁੰਦੀਆਂ। ਜਿਸ ਵਿਚ ਬਾਹਰ ਤੋਂ ਨਿਊਰਲ ਕੈਨਾਲ ਕੇਵਲ ਚਮੜੀ ਨਾਲ ਹੀ ਢੱਕੀ ਹੁੰਦੀ ਹੈ। ਇਹ ਬਹੁਤ ਖ਼ਤਰਨਾਕ ਹਾਲਤ ਹੁੰਦੀ ਹੈ ਤੇ ਕਿਸੇ ਵਕਤ ਵੀ ਚਮੜੀ ਦੇ ਫਟਣ ਕਰਕੇ ਮੌਤ ਦਾ ਕਾਰਨ ਬਣ ਸਕਦੀ ਹੈ। ਇਨ੍ਹਾਂ ਹਾਲਾਤਾਂ ਵਿਚ ਸਰਜਰੀ ਲਈ ਐਕਸਪਰਟ ਨਿਊਰੋ ਸਰਜਨਾਂ ਦੀ ਦੇਖ-ਰੇਖ ਜ਼ਰੂਰੀ ਹੁੰਦੀ ਹੈ। ਸੋ ਦੋਹਾਂ ਹੀ ਹਾਲਤਾਂ ਵਿਚ ਇਹ ਬਰਥ ਡਿਫੈਕਟ ਬਹੁਤ ਸੀਰੀਅਸ ਸਮਝ ਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਦੋਹਾਂ ਹੀ ਹਾਲਤਾਂ ਵਿਚ ਨਿਊਰਲ ਕੈਨਾਲ ਯਾਨੀ ਰੀੜ੍ਹ ਦੀ ਹੱਡੀ ਦਾ ਸੁਰਾਖ ਇਕ ਗੋਲਾਈ ਦਾ ਮੋੜ ਕੱਟ ਕੇ ਫਿਰ ਸਿੱਧਾ ਅੱਗੇ ਵਧਣ ਲੱਗਦਾ ਹੈ। ਪਰ ਖਾ਼ਲੀ ਜਗ੍ਹਾ ਜਿੱਥੇ ਰੀੜ੍ਹ ਦੀ ਹੱਡੀ ਦੇ ਮਣਕੇ ਆਪਸ ਵਿਚ ਖੁਰਾਕੀ ਕਮੀ ਕਰਕੇ ਨਹੀਂ ਜੁੜ ਸਕੇ ਉੱਥੇ ਕੇਵਲ ਚਮੜੀ ਹੀ ਇਸ ਖਾ਼ਲੀ ਥਾਂ ਨੂੰ ਭਰਦੀ ਹੈ। ਜੋ ਹੱਡੀ ਜਿੰਨੀ ਸੰਭਾਲ ਨਿਊਰਲ ਕੈਨਾਲ ਤੇ ਇਸ ਵਿਚ ਮੌਜੂਦ ਨਸਾਂ ਤੇ ਤਰਲ ਪਦਾਰਥ ਦੀ ਨਹੀਂ ਕਰ ਸਕਦੀ। ਹਰ ਵਕਤ ਇਹਦੇ ਫਟਣ ਦਾ ਖਤਰਾ ਬਣਿਆ ਰਹਿੰਦਾ ਹੈ।

ਸਪਿੰਨਾਬਾਈਫਿਡਾ ਦੇ ਰੀੜ੍ਹ ਦੀ ਹੱਡੀ ਦੇ ਇਸ ਮੋੜ ਨਾਲ ਰੀੜ੍ਹ ਦੀਆਂ ਨਸਾਂ ਦੀ ਸ਼ਕਤੀ ਘਟਦੀ ਹੈ ਤੇ ਇਸ ਤੋਂ ਹੇਠਲੇ ਅੰਗਾਂ ਵਿਚ ਕੰਮ ਕਰਨ ਦੀ ਪੂਰੀ ਤਾਕਤ ਨਹੀਂ ਰਹਿ ਜਾਂਦੀ। ਜਿਸ ਕਰਕੇ ਹੇਠਾਂ ਵਾਲਾ ਧੜ ਪੇਸ਼ਾਪ ਨਾਲ ਸੰਬੰਧਿਤ ਅੰਗ ਤੇ ਗੁਦਾ ਵਾਲਾ ਸਾਰਾ ਹਿੱਸਾ ਪ੍ਰਭਾਵਿਤ ਹੁੰਦਾ ਹੈ ਜਿਸ ਨਾਲ ਇਨ੍ਹਾਂ ਅੰਗਾਂ ਦਾ ਕੰਮ ਪ੍ਰਭਾਵਿਤ ਹੋ ਕੇ ਪੇਸ਼ਾਪ ਅਤੇ ਟੱਟੀ ਦੀ ਨਾਰਮਲ ਕਿਰਿਆ ਪ੍ਰਭਾਵਤ ਹੁੰਦੀ ਹੈ ਬਲਕਿ ਬੇਕਾਬੂ ਯਾਨੀ ਅਨਕੰਟਰੋਲਡ ਹੁੰਦੀ ਹੈ। ਅਜੇਹੀ ਬੇਕਾਬੂ ਕਾਰਕਰਦਗੀ ਦੇ ਨਾਲ-ਨਾਲ ਇਸ ਸਪਿਨਾ ਬਾਈਫਿਡਾ ਤੋਂ ਹੇਠਲੇ ਧੜ ਵਿਚ ਸੁੰਨ ਹੁੰਦੀ ਹੈ ਭਾਵ ਅਹਿਸਾਸ ਦੀ ਕਮੀ ਹੁੰਦੀ ਹੈ ਭਾਵ ਸੈਂਸਰੀ ਨਰਵਜ਼ ਦਾ ਫੰਕਸ਼ਨ ਪੂਰੀ ਤਰ੍ਹਾਂ ਸਤਰਕ ਨਹੀਂ ਰਹਿੰਦਾ ਜੋ ਸਮੇਂ ਨਾਲ ਘਟਦਾ ਹੀ ਜਾਂਦਾ ਹੈ।

**ਰੀੜ੍ਹ ਦੀ ਹੱਡੀ ਵਿਚ ਮੋੜ**

ਸਕੋਲੀਓਸਿਸ ਯਾਨੀ ਕਰਵਡ ਸਪਾਈਨ ਸਭ ਤੋਂ ਸਧਾਰਨ ਰੀੜ੍ਹ ਦੀ ਹੱਡੀ ਦਾ ਨੁਕਸ ਕਹਿ ਸਕਦੇ ਹਾਂ ਜਿਸ ਵਿਚ ਰੀੜ੍ਹ ਦੀ ਹੱਡੀ ਕਮਾਨ ਵਾਂਗ ਅਗੇ ਨੂੰ ਗੋਲ ਹੋ ਕੇ ਕਮਾਨ ਦੀ ਸ਼ਕਲ ਵਿਚ ਹੁੰਦੀ ਹੈ। ਇਨ੍ਹਾਂ ਸਾਰੇ ਹੀ ਜਨਮ ਸਮੇਂ ਤੱਕ ਦੀ ਡਿਵੈਲਪਮੈਂਟ ਵਿਚ ਰਹਿ ਗਏ ਨੁਕਸਾਂ ਕਾਰਨ ਜੀਵਨ ਉਮਰ ਘਟਦੀ ਹੀ ਹੈ ਅਤੇ ਨਾਲ ਹੀ ਨਾਲ ਮਾਨਸਿਕ ਪੱਧਰ ਅਤੇ ਸਰੀਰਕ ਪੱਧਰ ਦੀਆਂ ਕਾਰਵਾਈਆਂ ਵੀ ਸੁਸਤ ਤੇ ਮੁਸ਼ਕਲ ਹੋ ਜਾਂਦੀਆਂ ਹਨ। ਹੋਮਿਓਪੈਥਿਕ ਇਲਾਜ ਪ੍ਰਕਿਰਿਆ ਨਾਲ ਡਿਵੈਲਪਮੈਂਟ ਵਿਚ ਰਹਿ ਗਈਆਂ ਬਹੁਤ ਸਾਰੀਆਂ ਕਮੀਆਂ ਨੂੰ ਸਹਿਯੋਗ ਦੇ ਕੇ ਕੰਟਰੋਲ ਕੀਤਾ ਜਾ ਸਕਦਾ ਹੈ ਤੇ ਸਰੀਰਕ ਕਿਰਿਆਵਾਂ ਨੂੰ ਸਹੀ ਕੀਤਾ ਜਾ ਸਕਦਾ ਹੈ। ਅਜੇਹੇ ਪਰਵਾਰਾਂ ਵਿਚ ਜਿਥੇ ਇਕ ਬੱਚਾ ਇੰਜ ਜਨਮ ਸਮੇਂ ਤੋਂ ਹੀ ਸਪਿੰਨਾ ਬਾਈਫਿਡਾ ਦੇ ਨੁਕਸ ਨਾਲ ਪੈਦਾ ਹੋਇਆ ਹੋਵੇ ਦੂਸਰੇ ਬੱਚੇ ਵਿਚ ਵੀ ਅਜੇਹਾ ਹੋਣ ਦੇ ਚਾਂਸ ਜ਼ਿਆਦਾ ਹੁੰਦੇ ਹਨ ਜਦ ਤੱਕ ਕਿ ਬਣਨ ਵਾਲੀ ਮਾਂ ਦੀ ਪੂਰੀ ਸਰੀਰਕ ਜਾਂਚ ਤੋਂ ਬਾਅਦ ਉਹਦਾ ਸਹੀ ਇਲਾਜ ਨਹੀਂ ਕੀਤਾ ਜਾਂਦਾ ਤੇ ਉਹ ਪੂਰੀ ਤਰ੍ਹਾਂ ਮਾਂ ਬਣਨ ਲਈ ਤੰਦਰੁਸਤ ਨਹੀਂ ਹੋ ਜਾਂਦੀ।

# ਹੌਸਲੇ ਤੇ ਹਿੰਮਤ ਦੀ ਮਿਸਾਲ - ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼

ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ 9 ਮਹੀਨੇ 14 ਦਿਨ ਭਾਵ 287 ਦਿਨ ਪੁਲਾੜ ਵਿਚ ਬਿਤਾਉਣ ਤੋਂ ਬਾਅਦ ਬੁੱਧਵਾਰ ਨੂੰ ਧਰਤੀ 'ਤੇ ਆ ਗਏ ਹਨ। ਉਨ੍ਹਾਂ ਦਾ ਡਰੈਗਨ ਪੁਲਾੜ ਯਾਨ ਭਾਰਤੀ ਸਮੇਂ ਅਨੁਸਾਰ 19 ਮਾਰਚ ਨੂੰ ਸਵੇਰੇ 3.27 ਵਜੇ ਪਾਣੀ ਵਿਚ ਫਲੋਰੀਡਾ ਦੇ ਸਮੁੰਦਰੀ ਤੱਟ 'ਤੇ ਡੇਲਾਹਾਸੇ ਜਲ ਖੇਤਰ ਵਿਚ ਉਤਾਰਿਆ ਗਿਆ। ਉਹ ਮੰਗਲਵਾਰ 18 ਮਾਰਚ ਨੂੰ 08.35 ਵਜੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਰਵਾਨਾ ਹੋਏ ਸਨ। ਜਦੋਂ ਪੁਲਾੜ ਯਾਨ ਧਰਤੀ ਦੇ ਵਾਯੂਮੰਡਲ ਵਿਚ ਦਾਖਲ ਹੋਇਆ ਤਾਂ ਇਸਦਾ ਤਾਪਮਾਨ 1650 ਡਿਗਰੀ ਸੈਲਸੀਅਸ ਤੋਂ ਵਧ ਗਿਆ ਸੀ ਪ੍ਰੰਤੂ ਕੈਪਸੂਲ ਦੇ ਪੁਲਾੜ ਨਾਲੋਂ ਵੱਖ ਹੋਣ ਸਮੇਂ ਡਰੈਗਨ ਦੀ ਪਲਾਜ਼ਮਾ ਸ਼ੀਲਡ ਦਾ ਤਾਪਮਾਨ ਵਧ ਕੇ 1927 ਸੈਲਸੀਅਸ ਤੱਕ ਪਹੁੰਚ ਗਿਆ ਸੀ, ਜਿਸ ਕਰਕੇ 7 ਮਿੰਟ ਕੈਪਸੂਲ ਨਾਲੋਂ ਸੰਪਰਕ ਟੁੱਟਿਆ ਰਿਹਾ ਸੀ। ਤੁਰੰਤ ਗੋਤਾਖੋਰਾਂ ਨੇ ਕੈਪਸੂਲ ਨੂੰ ਰਿਕਵਰੀ ਸ਼ਿਪ 'ਤੇ ਚੜ੍ਹਾ ਲਿਆ। ਇੱਕ ਘੰਟੇ ਬਾਅਦ



**ਉਜਾਗਰ ਸਿੰਘ**
**ਫੋਨ: 94178 13072**

ਪੁਲਾੜ ਯਾਤਰੀਆਂ ਨੂੰ ਬਾਹਰ ਕੱਢਿਆ ਗਿਆ ਤੇ ਸਟਰੈਚਰ 'ਤੇ ਪਾ ਕੇ ਲਿਜਾਇਆ ਗਿਆ। ਵਾਪਸ ਆਉਣ ਲਈ ਉਨ੍ਹਾਂ ਨੂੰ 17 ਘੰਟੇ ਸਮਾਂ ਲੱਗਿਆ। ਸੁਨੀਤਾ ਵਿਲੀਅਮਜ਼ ਅਤੇ ਬੈਰੀ ਬੁੱਚ ਵਿਲਮੋਰ ਨੂੰ ਵਾਪਸ ਲਿਆਉਣ ਲਈ ਕਰੂ-9 ਵਿਚ ਅਮਰੀਕਾ ਦੇ ਨਿੱਗ ਹੇਗ ਅਤੇ ਰੂਸ ਦੇ ਅਲੈਗਜ਼ੈਂਡਰ ਗੋਰਬੁਨੋਟ ਗਏ ਸਨ। ਪੁਲਾੜ 27359 ਕਿਲੋਮੀਟਰ ਪ੍ਰਤੀ ਘੰਟਾ ਰਫ਼ਤਾਰ ਨਾਲ ਆਇਆ ਹੈ ਤੇ ਉਸਨੇ 12 ਕਰੋੜ 10 ਲੱਖ ਮੀਲ ਦਾ ਸਫ਼ਰ ਤੈਅ ਕੀਤਾ ਹੈ। ਉਨ੍ਹਾਂ ਦੇ ਸਫਲਤਾਪੂਰਵਕ ਜ਼ਮੀਨੀ ਸਤਹ 'ਤੇ ਆਉਣ ਨਾਲ ਸਮੁੱਚੇ ਸੰਸਾਰ ਅਤੇ ਨਾਸਾ ਦੇ ਵਿਗਿਆਨੀਆਂ ਨੇ ਸੁੱਖ ਦਾ ਸਾਹ ਲਿਆ, ਕਿਉਂਕਿ ਇੱਕ ਵਾਰ ਪਹਿਲਾਂ ਵੀ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਯੋਜਨਾ ਨੁਕਸ ਪੈ ਜਾਣ ਕਰਕੇ ਅੱਗੇ ਪਾਉਣੀ ਪਈ ਸੀ। ਲੋਕਾਂ ਵਿਚ ਉਨ੍ਹਾਂ ਦੀ ਵਾਪਸੀ ਲਈ ਬਹੁਤ ਉਤਸ਼ਾਹ ਅਤੇ ਅਸਥਿਰਤਾ ਬਣੀ ਹੋਈ ਸੀ।ਬੈਰੀ ਬੁੱਚ ਵਿਲਮੋਰ ਅਤੇ ਸੁਨੀਤਾ ਲੀਨਾ ਪਾਂਡਿਆ ਵਿਲੀਅਮਜ਼ 6 ਜੂਨ 2024 ਨੂੰ ਅੰਤਰਰਾਸ਼ਟਰੀ ਸਪੇਸ ਸਟੇਸ਼ਨ ਲਈ ਸਿਰਫ 8 ਦਿਨ ਠਹਿਰਨ ਵਾਸਤੇ ਗਏ ਸਨ ਅਤੇ ਉਸੇ ਪੁਲਾੜ ਵਿਚ ਵਾਪਸ ਆਉਣਾ ਸੀ ਪ੍ਰੰਤੂ ਪੁਲਾੜ ਜਹਾਜ਼ ਵਿਚ ਨੁਕਸ ਪੈਣ ਕਰਕੇ ਉਨ੍ਹਾਂ ਨੂੰ ਉਥੇ ਲੰਬਾ ਸਮਾਂ ਰਹਿਣਾ ਪਿਆ। ਇਕ ਬੋਰਡ ਸਪੇਸ ਕਰਾਫਟ ਐਲਨ ਮਸਕ ਦੇ ਸਪੇਸ ਐਕਸ ਦਾ ਸੀ। ਰਾਸ਼ਟਰਪਤੀ ਟਰੰਪ ਦੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਟਰੰਪ ਅਤੇ ਐਲਨ ਮਸਕ ਨੇ ਐਲਾਨ ਕੀਤਾ ਸੀ ਕਿ ਦੋਹਾਂ ਪੁਲਾੜ ਯਾਤਰੀਆਂ ਨੂੰ ਜਲਦੀ ਵਾਪਸ ਲਿਆਂਦਾ ਜਾਵੇਗਾ। ਸਪੇਸ ਐਕਸ ਅਤੇ ਨਾਸਾ ਵਧਾਈ ਦੇ ਪਾਤਰ ਹਨ। ਉਨ੍ਹਾਂ ਨੂੰ ਟੈਕਸਾਸ ਰਾਜ ਦੇ ਹਿਊਸਟਨ ਵਿਚ ਸਥਿਤ ਨਾਸਾ ਦੇ ਜੌਹਨਸਨ ਸਪੇਸ ਸੈਂਟਰ ਵਿਚ ਲਿਜਾਇਆ ਗਿਆ ਹੈ। ਇਥੇ ਉਨ੍ਹਾਂ ਦੇ ਵਾਈਟਲ ਅੰਗਾਂ ਦਾ ਮੁਆਇਨਾ ਕੀਤਾ ਜਾਵੇਗਾ। ਉਨ੍ਹਾਂ ਨੂੰ 45 ਦਿਨ ਲਈ ਹਸਪਤਾਲ ਵਿਚ ਡਾਕਟਰਾਂ ਦੀ ਵੇਖ-ਰੇਖ ਵਿਚ ਰੱਖਿਆ ਜਾਵੇਗਾ ਕਿਉਂਕਿ ਲੰਬਾ ਸਮਾਂ ਪੁਲਾੜ ਵਿਚ ਰਹਿਣ ਕਰਕੇ ਉਨ੍ਹਾਂ ਦੇ ਸਰੀਰ ਦੇ ਕਈ ਅੰਗਾਂ ਵਿਚ ਥੋੜ੍ਹੀ ਬਹੁਤੀ ਤਬਦੀਲੀ ਆ ਗਈ ਹੋਵੇਗੀ। ਪੂਰੇ ਤੰਦਰੁਸਤ ਹੋਣ ਤੋਂ ਬਾਅਦ ਉਹ ਸਭ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਓਵਲ ਹਾਊਸ ਵਿਚ ਮਿਲਣ ਜਾਣਗੇ। ਚਾਰ ਵਾਰ ਸਫ਼ਲਤਾਪੂਰਵਕ ਪੁਲਾੜ ਦੀ ਯਾਤਰਾ ਕਰਨ ਵਾਲੀ ਭਾਰਤੀ ਮੂਲ ਦੀ ਅਮਰੀਕੀ ਸੁਨੀਤਾ ਵਿਲੀਅਮਜ਼ ਸਭ ਤੋਂ ਲੰਬਾ ਸਮਾਂ ਪੁਲਾੜ ਵਿਚ ਬਿਤਾਉਣ ਵਾਲੀ ਸੰਸਾਰ ਦੀ ਪਹਿਲੀ ਮਹਿਲਾ ਬਣ ਗਈ ਹੈ। ਉਸ ਨੇ ਚਾਰ ਵਾਰੀ ਪੁਲਾੜ ਦੀ ਯਾਤਰਾ ਸਮੇਂ ਕੁਲ 606 ਦਿਨ ਦਾ ਸਮਾਂ ਪੁਲਾੜ ਵਿਚ ਬਿਤਾਇਆ ਹੈ। ਇਸਦੇ ਨਾਲ ਹੀ ਉਹ ਭਾਰਤੀ ਮੂਲ ਦੀ ਦੂਜੀ ਪੁਲਾੜ ਯਾਤਰੀ ਹੈ। ਇਹ ਯਾਤਰਾਵਾਂ ਉਸ ਨੇ 31 ਜਨਵਰੀ, 4 ਫਰਵਰੀ, 9 ਫਰਵਰੀ 2007 ਅਤੇ 18 ਮਾਰਚ 2025 ਵਿਚ ਕੀਤੀਆਂ ਹਨ। ਇਸ ਤੋਂ ਪਹਿਲਾਂ ਭਾਰਤੀ ਮੂਲ ਦੀ ਕਲਪਨਾ ਚਾਵਲਾ ਪੁਲਾੜ ਵਿਚ ਗਈ ਸੀ, ਜਿਸਦੀ ਵਾਪਸੀ ਸਮੇਂ ਪੁਲਾੜ ਜਹਾਜ਼ ਵਿਚ ਤਕਨੀਕੀ ਖ਼ਰਾਬੀ ਕਾਰਨ ਦੁਰਘਟਨਾ ਵਿਚ ਮੌਤ ਹੋ ਗਈ ਸੀ। ਕਲਪਨਾ ਚਾਵਲਾ ਭਾਰਤ ਦੇ ਹਰਿਆਣਾ ਅਤੇ ਸੁਨੀਤਾ ਵਿਲੀਅਮਜ਼ ਪੱਛਮੀ ਗੁਜਰਾਤ ਸੂਬੇ ਨਾਲ ਸੰਬੰਧ ਰੱਖਦੀ ਹੈ। ਨਾਸਾ ਦੀ ਜਾਣਕਾਰੀ ਅਨੁਸਾਰ ਇਸਦੇ ਨਾਲ ਹੀ ਸੁਨੀਤਾ ਵਿਲੀਅਮਜ਼ ਪੁਲਾੜ ਵਿਚ ਸਭ ਤੋਂ ਵੱਧ ਸਮਾਂ ਬਿਤਾਉਣ ਵਾਲੇ ਪੁਲਾੜ ਯਾਤਰੀਆਂ ਵਿਚ ਦੂਜੇ ਸਥਾਨ 'ਤੇ ਪਹੁੰਚ ਗਈ ਹੈ। ਇਸ ਮਿਸ਼ਨ ਵਿਚ ਉਸ ਨੇ ਪੁਲਾੜ ਵਿਚ ਲਗਾਤਾਰ 286 ਦਿਨ ਬਿਤਾ ਕੇ ਇਤਿਹਾਸ ਸਿਰਜ ਦਿੱਤਾ ਹੈ। ਪੁਲਾੜ ਵਿਚ ਰਹਿੰਦਿਆਂ ਉਸ ਨੇ 4576 ਵਾਰ ਧਰਤੀ ਦੀ ਪਰਿਕਰਮਾ ਕੀਤੀ। ਸੁਨੀਤਾ ਵਿਲੀਅਮਜ਼ ਨੂੰ ਭਾਰਤ ਸਰਕਾਰ ਨੇ ਪੁਲਾੜ ਦੇ ਖੇਤਰ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ 2007 ਵਿਚ ਪਦਮ ਭੂਸ਼ਣ ਦਾ ਖ਼ਿਤਾਬ ਦੇ ਕੇ ਸਨਮਾਨਤ ਕੀਤਾ ਸੀ। ਉਹ 2007 ਅਤੇ 2013 ਵਿਚ ਭਾਰਤ ਆਈ ਸੀ। ਉਸ ਸਮੇਂ ਉਸ ਨੇ ਆਪਣੇ ਪਿੰਡ ਝੂਲਾਸਨ ਦੇ ਡੋਲਾ ਮਾਤਾ ਮੰਦਰ ਵਿਚ ਪੂਜਾ ਕੀਤੀ ਸੀ। ਜਦੋਂ 2024 ਵਿਚ ਪੁਲਾੜ ਯਾਤਰਾ 'ਤੇ ਗਈ ਸੀ, ਉਦੋਂ ਦੀ ਹੀ ਇਸ ਮੰਦਰ ਵਿਚ ਅਖੰਡ ਜਯੋਤੀ ਲਗਾਤਾਰ ਜਲ ਰਹੀ ਹੈ। ਪਿੰਡ ਦੀਆਂ ਔਰਤਾਂ ਉਸਦੇ ਸੁਰੱਖਿਅਤ ਆਉਣ ਦੀਆਂ ਪ੍ਰਾਰਥਨਾਵਾਂ ਕਰਦੀਆਂ ਸਨ। ਸੁਨੀਤਾ ਦੇ ਵਾਪਸ ਸੁਰੱਖਿਅਤ ਆਉਣ 'ਤੇ ਪਿੰਡ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ, ਪਟਾਕੇ ਚਲਾਏ ਤੇ ਮਠਿਆਈਆਂ ਵੰਡੀਆਂ ਗਈਆਂ।

ਮਹਿਜ਼ 22 ਸਾਲ ਦੀ ਉਮਰ ਵਿਚ 1987 ਵਿਚ ਸੁਨੀਤਾ ਵਿਲੀਅਮਜ਼ ਨੇ ਨੇਵਲ ਅਕਾਡਮੀ ਤੋਂ ਸਰੀਰਕ ਵਿਗਿਆਨ ਵਿਚ ਬੈਚੂਲਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕਰਕੇ ਸਟੇਟ ਨੇਵੀ ਵਿਚ ਭਰਤੀ ਹੋ ਗਈ ਸੀ। ਉਸਨੂੰ ਨੇਵਲ ਕੋਸਟਲ ਸਿਸਟਮ ਕਮਾਂਡ ਵਿਚ ਛੇ ਮਹੀਨੇ ਜ਼ਿੰਮੇਵਾਰੀ ਨਿਭਾਉਣ ਤੋਂ



ਬਾਅਦ ਬੇਸਿਕ ਡਾਈਵਿੰਗ ਅਧਿਕਾਰੀ ਨਿਯੁਕਤ ਕਰ ਦਿੱਤਾ ਸੀ। ਉਸ ਤੋਂ ਬਾਅਦ 1989 ਵਿਚ ਸੁਨੀਤਾ ਵਿਲੀਅਮਜ਼ ਨੂੰ ਏਵੀਏਟਰ ਨਾਮਜ਼ਦ ਕਰ ਦਿੱਤਾ ਸੀ। ਉਸਨੇ ਹੈਲੀਕਾਪਟਰ ਲੜਾਈ ਸਪੋਰਟ ਸਕੁਐਡਰਨ-3 (ਐਚ.ਸੀ-3) ਵਿਚ ਸ਼ੁਰੂਆਤੀ ਐਚ-46 ਸਾਗਰ ਨਾਈਟ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਫਿਰ ਉਸਨੂੰ ਹੈਲੀਕਾਪਟਰ ਲੜਾਈ ਸਪੋਰਟਸ ਵਿਚ ਨਿਯੁਕਤ ਕੀਤਾ ਗਿਆ। ਉਸਤੋਂ ਬਾਅਦ ਸੁਨੀਤਾ ਵਿਲੀਅਮਜ਼ ਦੀ ਨਾਰਫੋਕ, ਵਰਜੀਨੀਆ ਵਿਚ ਸਕੁਐਡਰਨ 8 (ਐਚ.ਸੀ-8) ਜਿਸ ਨਾਲ ਉਸਨੇ ਮੈਡੀਟੇਰੀਅਨ, ਲਾਲ ਸਾਗਰ ਅਤੇ ਫਾਰਸ ਦੀ ਖਾੜੀ ਅਪ੍ਰੇਸ਼ਨ ਪ੍ਰੋਵਾਈਡ ਕੰਫਰਟ ਲਈ ਵਿਦੇਸ਼ ਤਾਇਨਾਤੀ ਸਮੇਂ ਕੰਮ ਕੀਤਾ। ਸਤੰਬਰ 1992 ਵਿਚ ਉਹ ਯੂ.ਐਸ.ਐਸ. ਸਿਲਵਾਨੀਆ ਵਿਚ ਤੂਫ਼ਾਨ ਐਂਡਿਰ ਰੀਲੀਫ਼ ਤਹਿਤ ਕਾਰਜਾਂ ਲਈ ਸਿਖਲਾਈ ਵਾਸਤੇ ਫਲੋਰੀਡਾ ਭੇਜੀ ਗਈ, ਜੋ ਐਚ.46 ਦੀ ਟੁਕੜੀ ਦੀ ਅਧਿਕਾਰੀ ਸੀ। 1993 ਵਿਚ ਸੰਯੁਕਤ ਰਾਜ ਦੇ ਨੇਵਲ ਟੈਸਟ ਪਾਇਲਟ ਸਕੂਲ ਵਿਚ ਉਸ ਨੇ ਸਿਖਲਾਈ ਲਈ ਅਤੇ ਗ੍ਰੈਜੂਏਸ਼ਨ ਕੀਤੀ। ਉਸਨੂੰ ਰੋਟਰੀ ਵਿੰਗ ਏਅਰ ਕਰਾਫਟ ਟੈਸਟ ਡਾਇਰੈਕਟੋਰੇਟ ਐਚ.46 ਪ੍ਰੋਜੈਕਟ ਅਧਿਕਾਰੀ ਅਤੇ ਟੀ.2 ਵਿਚ ਵੀ 22 ਚੇਜ਼ ਪਾਇਲਟ ਵਜੋਂ ਨਿਯੁਕਤ ਕੀਤਾ ਗਿਆ। ਉਸਤੋਂ ਬਾਅਦ ਸਕੁਐਡਰਨ ਸੇਫਟੀ ਅਫ਼ਸਰ ਨਿਯੁਕਤ ਕਰ ਦਿੱਤਾ ਗਿਆ। 1995 ਵਿਚ ਫਲੋਰੀਡਾ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਇੰਜਨੀਅਰਿੰਗ ਮੈਨੇਜਮੈਂਟ ਵਿਚ ਮਾਸਟਰ ਆਫ਼ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। 1998 ਵਿਚ ਉਹ ਨਾਸਾ ਵਿਚ ਭਰਤੀ ਹੋ ਗਈ ਸੀ। ਸੁਨੀਤਾ ਵਿਲੀਅਮਜ਼ 17 ਸਤੰਬਰ 2012 ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਕਮਾਂਡਰ ਬਣੀ ਸੀ। ਉਹ ਸੰਸਾਰ ਦੇ ਤਜਰਬੇਕਾਰ ਪੁਲਾੜ ਯਾਤਰੀਆਂ ਵਿਚ ਨੌਵੇਂ ਸਥਾਨ 'ਤੇ ਆਉਂਦੀ ਹੈ। ਉਸ ਨੇ ਚਾਰ ਸਪੇਸਵਾਕਾਂ ਵਿਚ 9 ਵਾਰ 62 ਘੰਟੇ ਸੈਰ ਕੀਤੀ। ਉਹ ਜੌਹਨ ਹਿਗਿਨ ਨਾਲ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੀ ਮੰਜ਼ਲ ਪ੍ਰਯੋਗਸ਼ਾਲਾ ਵਿਚ ਕਨੇਡਾਰਮ 2 ਦੇ ਨਿਯੰਤਰਣ ਦਾ ਕੰਮ ਕਰਦੀ ਰਹੀ ਹੈ। ਉਸਨੇ ਅਲੱਗ ਅਲੱਗ ਪੁਲਾੜ ਯੰਤਰਾਂ ਵਿਚ ਲਗਪਗ 3000 ਉਡਾਣਾਂ ਭਰੀਆਂ। ਸੁਨੀਤਾ ਵਿਲੀਅਮਜ਼ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲੇ ਹਨ, ਜਿਨ੍ਹਾਂ ਵਿਚ ਨੇਵ ਕਮਾਂਡੇਸ਼ਨ ਮੈਡਲ, ਨੇਵੀ ਐਂਡ ਮੈਰੀਨ ਸ਼ਾਰਪ ਅਚੀਵਮੈਂਟ ਮੈਡਲ ਅਤੇ ਹਿਊਮੈਨੇਟੇਰੀ ਸਰਵਿਸ ਮੈਡਲ ਸ਼ਾਮਲ ਹਨ। ਉਹ ਸੋਸਾਇਟੀ ਆਫ਼ ਐਕਸਪੈਰੀਮੈਂਟਲ, ਟੈਸਟ ਪਾਇਲਟਸ ਇਜੰਨੀਅਰਿੰਗ ਅਤੇ ਅਮਰੀਕੀ ਹੈਲੀਕਾਪਟਰ ਐਸੋਸੀਏਸ਼ਨ ਨਾਲ ਜੁੜੀ ਹੋਈ ਹੈ। ਉਹ ਅਮਲੀ ਤੌਰ 'ਤੇ ਕੰਮ ਕਰਨ ਵਿਚ ਯਕੀਨ ਰੱਖਦੀ ਹੈ। ਉਹ ਟਿਕ ਕੇ ਵਿਹਲੀ ਨਹੀਂ ਬੈਠ ਸਕਦੀ, ਲਗਾਤਾਰ ਕੁਝ ਨਾ ਕੁਝ ਕਰਨ ਵਿਚ ਰੁੱਝੀ ਰਹਿੰਦੀ ਹੈ। ਇਸ ਸਮੇਂ ਉਸਦਾ ਪਰਿਵਾਰ ਮੈਸੇਚਿਊਸੇਟਸ ਵਿਚ ਰਹਿੰਦਾ ਹੈ। ਉਸ ਦੇ ਸੁਰੱਖਿਅਤ ਵਾਪਸ ਆਉਣ 'ਤੇ ਪਿੰਡ ਵਿਚ ਉਸਦੇ ਪਰਿਵਾਰ ਦੇ ਨਜ਼ਦੀਕੀਆਂ ਨੇ ਖ਼ੁਸ਼ੀਆਂ ਮਨਾਈਆਂ ਅਤੇ ਉਥੇ ਵਿਆਹ ਵਰਗਾ ਮਾਹੌਲ ਹੈ।

ਸੁਨੀਤਾ ਲਿਨ ਪਾਂਡਿਆ ਦਾ ਜਨਮ 19 ਸਤੰਬਰ 1965 ਨੂੰ ਓਹਾਈਓ ਰਾਜ ਦੇ ਯੂਕਲਿਡ ਨਗਰ (ਕਲੀਵਲੈਂਡ) ਵਿਚ ਪਿਤਾ ਦੀਪਕ ਪਾਂਡਿਆ ਅਤੇ ਮਾਤਾ ਉਰਸੁਲਾਈਨ ਬੋਨੀ (ਜ਼ਾਲੋਕਰ) ਪਾਂਡਿਆ ਦੀ ਕੁੱਖੋਂ ਹੋਇਆ। ਉਸ ਦੇ ਪਿਤਾ ਡਾ. ਦੀਪਕ ਪਾਂਡਿਆ ਨਿਊਰੋਆਟੋਮਿਸਟ ਸਨ, ਜਿਨ੍ਹਾਂ ਦੀ 2020 ਵਿਚ ਮੌਤ ਹੋ ਗਈ ਸੀ। ਸੁਨੀਤਾ ਦੀ ਮਾਤਾ ਸੋਲਵਾਨੀਆ ਤੋਂ ਹੈ। ਸੁਨੀਤਾ ਆਪਣੇ ਭਰਾ ਜੈ ਥਾਮਸ ਪਾਂਡਿਆ ਅਤੇ ਭੈਣ ਦੀਨਾ ਅਨਾਦਜ਼ ਤੋਂ ਛੋਟੀ ਹੈ। ਉਸ ਦੇ ਪਿਤਾ ਡਾਕਟਰੀ ਦੀ ਪੜ੍ਹਾਈ ਕਰਨ ਲਈ 1958 ਵਿਚ ਅਮਰੀਕਾ ਗਏ ਸਨ। ਸੁਨੀਤਾ ਵਿਲੀਅਮਜ਼ ਦੇ ਚਾਚੇ-ਤਾਇਆਂ ਦਾ ਗੁਜਰਾਤ ਸੂਬੇ ਦੇ ਮਹਿਸਾਨਾ ਜ਼ਿਲ੍ਹੇ ਦੇ ਪਿੰਡ ਝੂਲਾਸਨ ਵਿਚ ਵੱਡਾ ਪਰਿਵਾਰ ਹੈ, ਜਿੱਥੇ ਉਸ ਦੀ ਦਾਦੀ ਰਾਮ ਬਹਿਨ ਨਰਮਦਾ ਸ਼ੰਕਰ ਪਾਂਡਿਆ ਦੀ ਯਾਦ ਵਿਚ ਲਾਇਬਰੇਰੀ ਸਥਾਪਤ ਕੀਤੀ ਹੋਈ ਹੈ। ਸੁਨੀਤਾ ਨੇ 1983 ਵਿਚ ਨੀਡਹੋਮ ਮੈਸੇਚਿਊਸੇਟਸ ਦੇ ਸਕੂਲ ਵਿਚੋਂ ਗ੍ਰੈਜੂਏਸ਼ਨ ਕੀਤੀ ਸੀ। ਉਸ ਦਾ ਵਿਆਹ ਆਪਣੇ ਕਲਾਸ ਫੈਲੋ ਮਾਈਕਲ. ਜੇ. ਵਿਲੀਅਮਜ਼ ਨਾਲ ਹੋਇਆ। ਸੁਨੀਤਾ ਮਿਹਨਤੀ, ਆਤਮ ਵਿਸ਼ਵਾਸੀ, ਦਲੇਰ, ਹੈਲੀਕਾਪਟਰ ਪਾਇਲਟ, ਜਲ ਸੈਨਿਕ, ਗੋਤਾਖੋਰ, ਤੈਰਾਕ, ਜਲਸੈਨਾ ਪੌਡ ਚਾਲਕ ਤੇ ਪਸ਼ੂ ਪ੍ਰੇਮੀ ਹੈ। ਉਹ ਹਰ ਕੰਮ ਨੂੰ ਵੰਗਾਰ ਸਮਝ ਕੇ ਕਰਦੀ ਹੈ। ਇਸ ਕਰਕੇ ਇੱਕ ਸਾਧਾਰਨ ਪਰਿਵਾਰ ਵਿਚੋਂ ਉਠ ਕੇ ਉਸ ਨੇ ਇਤਨੇ ਵੱਡੇ ਕਾਰਜ ਕੀਤੇ ਹਨ।

# ਸ਼ਾਇਰ ਤੇ ਵਾਰਤਾਕਾਰ ਮਲਵਿੰਦਰ ਨਾਲ ਰੂ-ਬ-ਰੂ

**ਅੰਮ੍ਰਿਤਸਰ:** ਲੰਘੇ ਸ਼ਨਿਚਰਵਾਰ 22 ਮਾਰਚ ਨੂੰ 'ਸ਼ਬਦ ਨਾਦ ਬਿਆਸ ਮੰਚ' ਵੱਲੋਂ 'ਰਾਬਤਾ ਮੁਕਾਲਮਾ ਕਾਵਿ-ਮੰਚ ਤੇ 'ਏਕਮ ਸਾਹਿਤ ਮੰਚ' ਦੇ ਸਹਿਯੋਗ ਨਾਲ ਸ਼ਾਇਰ ਤੇ ਵਾਰਤਾਕਾਰ ਮਲਵਿੰਦਰ ਨਾਲ ਰੂ-ਬ-ਰੂ ਦਾ ਸਫ਼ਲ ਆਯੋਜਨ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਭਾਈ ਗੁਰਦਾਸ ਹਾਲ ਵਿਖੇ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਕੈਨੇਡਾ ਤੋਂ ਆਏ ਡਾ. ਸੁਖਦੇਵ ਸਿੰਘ ਝੰਡ ਤੇ ਨਾਟਕਕਾਰ ਹੀਰਾ ਰੰਧਾਵਾ,





ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਹੀਰਾ ਸਿੰਘ, ਸਾਬਕਾ ਐਕਸਾਈਜ਼ ਕਮਿਸ਼ਨਰ ਤੇ ਲੇਖਕ ਪੂਰਨ ਪਿਆਸਾ ਤੇ ਕਹਾਣੀਕਾਰ ਦੀਪ ਦਵਿੰਦਰ ਸਿੰਘ ਸ਼ਾਮਲ ਸਨ।

ਪ੍ਰੋਗਰਾਮ ਦੇ ਆਰੰਭ ਵਿਚ ਦੀਪ ਦਵਿੰਦਰ ਸਿੰਘ ਵਲੋਂ ਸਮਾਗ਼ਮ ਦੀ ਰੂਪ-ਰੇਖਾ ਤੇ ਇਸ ਦੀ ਅਹਿਮੀਅਤ ਬਾਰੇ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਮਲਵਿੰਦਰ ਮੁੱਢਲੇ ਤੌਰ 'ਤੇ ਕਵੀ ਹੈ ਅਤੇ ਉਸ ਦੀਆਂ ਕਵਿਤਾਵਾਂ ਦੀਆਂ ਕਈ ਪੁਸਤਕਾਂ ਛਪ ਚੁੱਕੀਆਂ ਹਨ ਪਰ ਉਸ ਨੇ ਕੈਨੇਡਾ ਜਾ ਕੇ ਉੱਥੋਂ ਦੇ ਅਜੋਕੇ ਹਾਲਾਤ ਤੇ ਸਰੋਕਾਰਾਂ ਉੱਪਰ ਕਈ ਆਰਟੀਕਲ ਲਿਖ ਕੇ ਅਖ਼ਬਾਰਾਂ ਨੂੰ ਭੇਜੇ ਅਤੇ ਫਿਰ ਇਨ੍ਹਾਂ ਨੂੰ ਪੁਸਤਕ ਰੂਪ ਵਿਚ ਲਿਆ ਕੇ ਵਾਰਤਕ ਖ਼ੇਤਰ ਵਿਚ ਵੀ ਵਧੀਆਂ ਥਾਂ ਬਣਾ ਲਈ ਹੈ। ਮਲਵਿੰਦਰ ਨਾਲ ਇਹ ਰੂ-ਬ-ਰੂ ਸਮਾਗ਼ਮ ਰੱਖ ਕੇ ਵਿਸ਼ਾਲ ਬਿਆਸ ਤੇ ਉਸ ਦੇ ਸਾਥੀਆਂ ਨੇ ਸ਼ਾਨਦਾਰ ਉਪਰਾਲਾ ਕੀਤਾ ਹੈ। ਵਿਸ਼ਾਲ ਬਿਆਸ ਤੇ ਅਰਤਿੰਦਰ ਸੰਧੂ ਵੱਲੋਂ ਸਮਾਗ਼ਮ ਵਿਚ ਆਏ ਸਾਹਿਤਕਾਰਾਂ, ਮਹਿਮਾਨਾਂ ਤੇ ਸਰੋਤਿਆਂ ਦਾ ਸੁਆਗ਼ਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਲਵਿੰਦਰ ਵਧੀਆ ਇਨਸਾਨ ਤੇ ਕਵੀ ਹੈ। ਉਸ ਦੀ ਕਵਿਤਾ ਵਿਚ ਤਾਜ਼ਗੀ ਤੇ ਰਵਾਨਗੀ ਹੈ। ਆਪਣੀ ਸ਼ਾਇਰੀ ਬਾਰੇ ਗੱਲ ਕਰਦਿਆਂ ਮਲਵਿੰਦਰ ਨੇ ਕਿਹਾ ਕਿ ਉਹ ਕਵਿਤਾ ਨਿੱਠ ਕੇ ਨਹੀਂ ਲਿਖਦੇ। ਇਹ ਕਦੀ ਵੀ ਤੇ ਕਿਸੇ ਸਮੇਂ ਵੀ ਉਨ੍ਹਾਂ ਨੂੰ ਅਹੁੜ ਸਕਦੀ ਹੈ। ਉਹ ਕਵਿਤਾਵਾਂ ਵਿਚ ਵੱਖ-ਵੱਖ ਸਮਾਜਿਕ ਵਿਸ਼ੇ ਲੈਂਦੇ ਹਨ ਅਤੇ ਇਨ੍ਹਾਂ ਨਾਲ ਇਨਸਾਫ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਵਿਸ਼ੇ ਆਮ ਤੌਰ 'ਤੇ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਹੁੰਦੇ ਹਨ। ਕਈ ਵਾਰੀ ਇਹ ਵਿਸ਼ੇ ਘਰੇਲੂ ਮਸਲਿਆਂ ਬਾਰੇ, ਛੋਟੇ-ਛੋਟੇ ਬੱਚਿਆਂ ਦੀਆਂ ਕਿਲਕਾਰੀਆਂ ਤੇ ਝੂਠੀ-ਮੂਠੀ ਰੁੱਸਣ ਤੇ ਰੋਣ ਬਾਰੇ ਵੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਰਹਿੰਦਿਆਂ ਉੱਥੋਂ ਦੇ ਸਮਾਜਿਕ ਤੇ ਸੱਭਿਆਚਾਰਕ ਜੀਵਨ ਨੂੰ ਨੇੜਿਓਂ ਵੇਖਿਆ ਹੈ ਅਤੇ ਇਨ੍ਹਾਂ ਬਾਰੇ ਕਈ ਆਰਟੀਕਲ ਵੱਖ ਵੱਖ ਅਖ਼ਬਾਰਾਂ ਵਿਚ ਛਪੇ ਅਤੇ ਪਾਠਕਾਂ ਵੱਲੋਂ ਬੇਹੱਦ ਪਸੰਦ ਕੀਤੇ ਗਏ। ਇਸ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਨੇ ਇਨ੍ਹਾਂ ਆਰਟੀਕਲਾਂ ਨੂੰ ਪੁਸਤਕ ਰੂਪ 'ਚ ਛਪਵਾਇਆ ਅਤੇ ਪਾਠਕਾਂ ਵੱਲੋਂ ਇਸ ਪੁਸਤਕ ਨੂੰ ਵਧੀਆ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕੈਨੇਡਾ ਦੇ ਪਰਵਾਸ ਤੇ ਪਰਵਾਸੀ ਜੀਵਨ ਬਾਰੇ ਵੀ ਵਿਚਾਰ ਪ੍ਰਗਟਾਏ।

ਡਾ. ਸੁਖਦੇਵ ਸਿੰਘ ਝੰਡ ਨੇ ਮਲਵਿੰਦਰ ਨਾਲ ਆਪਣੀ ਸਾਂਝ ਬਾਰੇ ਦੱਸਦਿਆਂ ਕਿਹਾ ਕਿ ਉਹ ਦੋਵੇਂ ਗਵਾਂਢੀ ਪਿੰਡਾਂ ਚੌਹਾਨ ਤੇ ਛੱਜਲਵੱਡੀ ਦੇ ਵਸਨੀਕ ਹਨ। ਉਹ ਸਰਕਾਰੀ ਹਾਈ ਸਕੂਲ ਛੱਜਲਵੱਡੀ ਦੇ ਵੱਖ-ਵੱਖ ਸਮੇਂ ਵਿਦਿਆਰਥੀ ਰਹੇ ਹਨ ਪਰ ਉਨ੍ਹਾਂ ਦੀ ਮੁਲਾਕਾਤ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ ਕਰਵਾਏ ਗਏ ਇੱਕ ਮਹੀਨਾਵਾਰ ਸਾਹਿਤਕ ਸਮਾਗ਼ਮ ਦੌਰਾਨ ਹੋਈ। ਮਲਵਿੰਦਰ ਦੀ ਕਵਿਤਾ ਬਾਰੇ ਉਨ੍ਹਾਂ ਕਿਹਾ ਕਿ ਉਹ ਹੁਣ ਤੱਕ ਕਵਿਤਾਵਾਂ ਦੀਆਂ 7-8 ਕਿਤਾਬਾਂ ਛਪਵਾ ਚੁੱਕਾ ਹੈ ਪਰ ਉਸ ਦੀ 'ਚੁੱਪ ਦੇ ਬਹਾਨੇ' ਨਾਮਕ ਲੰਮੀ ਕਵਿਤਾ ਦੀ ਪੁਸਤਕ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਬਹੁਤ ਸਾਰੇ ਆਲੋਚਕਾਂ ਤੇ ਸੁਹਿਰਦ ਸਾਥੀਆਂ ਵੱਲੋਂ ਇਸ ਦੇ ਰੀਵਿਊ ਲਿਖੇ ਗਏ, ਜਿਨ੍ਹਾਂ ਨੂੰ ਸੰਪਾਦਿਤ ਕਰ ਕੇ ਮਲਵਿੰਦਰ ਨੇ ਇੱਕ ਹੋਰ ਪੁਸਤਕ 'ਚੁੱਪ ਦੇ ਬਹਾਨੇ: ਸਹਿਜ ਸਮਾਲੋਚਨਾ' ਵੀ ਛਪਵਾਈ। ਉਨ੍ਹਾਂ ਦੱਸਿਆ ਕਿ ਮਲਵਿੰਦਰ ਦੀ ਇਹ ਪੁਸਤਕ ਹੁਣ ਲਾਹੌਰ ਵਿਚ ਸ਼ਾਹਮੁਖੀ ਵਿਚ ਵੀ ਛਪ ਰਹੀ ਹੈ। ਆਪਣੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਵਿਚ ਮਲਵਿੰਦਰ ਨੇ ਕੈਨੇਡਾ ਬਾਰੇ ਬੜਾ ਸੰਤੁਲਤ ਲਿਖਿਆ ਹੈ। ਜਿੱਥੇ ਉਸ ਨੇ ਕੈਨੇਡਾ ਦੇ ਪਰਵਾਸੀ ਜੀਵਨ ਅਤੇ ਇਸ ਦੀਆਂ ਚੰਗੀਆਂ ਕਦਰਾਂ-ਕੀਮਤਾਂ ਦੀ ਸਿਫ਼ਤ ਕੀਤੀ ਹੈ, ਉੱਥੇ ਇਸ ਸਮੇਂ ਕੈਨੇਡਾ ਵਿਚ ਫ਼ੈਲ ਰਹੀਆਂ ਭੈੜੀਆਂ ਅਲਾਮਤਾਂ ਨਸ਼ਿਆਂ ਦੀ ਭਰਮਾਰ, ਕਾਰਾਂ ਦੀ ਚੋਰੀ ਤੇ ਦਿਨੋਂ-ਦਿਨ ਵਧ ਰਹੀ ਹਿੰਸਾ ਬਾਰੇ ਵੀ ਬਾਖ਼ੂਬੀ ਜ਼ਿਕਰ ਕੀਤਾ ਹੈ।

ਵਿਸ਼ਾਲ ਬਿਆਸ, ਇੰਦਰੇਸ਼ਮੀਤ ਤੇ ਕਈ ਹੋਰਨਾਂ ਨੇ ਮਲਵਿੰਦਰ ਨੂੰ ਕੈਨੇਡਾ ਦੇ ਸਮਾਜਿਕ ਜੀਵਨ, ਪਰਵਾਸ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਬਾਰੇ ਸੁਆਲ ਕੀਤੇ ਜਿਨ੍ਹਾਂ ਦੇ ਜੁਆਬ ਮਲਵਿੰਦਰ ਵੱਲੋਂ ਤਸੱਲੀਪੂਰਵਕ ਦਿੱਤੇ ਗਏ। ਇਸ ਮੌਕੇ ਮਲਵਿੰਦਰ ਨੂੰ 'ਸ਼ਬਦ ਨਾਦ ਮੰਚ ਬਿਆਸ' ਵੱਲੋਂ ਸ਼ਾਨਦਾਰ ਫੁਲਕਾਰੀ ਤੇ ਕੈਕਟਸ ਦੇ ਪੌਦੇ ਨਾਲ ਸਨਮਾਨਿਤ ਕੀਤਾ ਗਿਆ।

ਸਮਾਗ਼ਮ ਦੇ ਦੂਸਰੇ ਸੈਸ਼ਨ ਵਿਚ ਹੋਏ ਕਵੀ-ਦਰਬਾਰ ਵਿਚ ਕਵੀਆਂ ਤੇ ਕਵਿੱਤਰੀਆਂ ਕੰਵਲਜੀਤ ਭੁੱਲਰ, ਸਰਬਜੀਤ ਸਿੰਘ ਸੰਧੂ, ਹੀਰਾ ਰੰਧਾਵਾ, ਇੰਦਰੇਸ਼ਮੀਤ, ਹਰਦੀਪ ਸਿੰਘ ਸੰਧੂ, ਅਰਤਿੰਦਰ ਸੰਧੂ, ਜਗਤਾਰ ਗਿੱਲ, ਜਸਵੰਤ ਧਾਪ, ਡਾ. ਮੋਹਨ ਬੇਗੋਵਾਲ, ਡਾ. ਭੁਪਿੰਦਰ ਸਿੰਘ ਬੇਗੋਵਾਲ, ਤਰਸੇਮ ਲਾਲ ਬਾਵਾ,ਐੱਸ. ਪ੍ਰਸ਼ੋਤਮ, ਵਿਜੇਤਾ ਭਾਰਦਵਾਜ, ਡਾ. ਰਾਜੇਸ਼ ਭਾਰਦਵਾਜ, ਸੀਮਾ ਗਰੇਵਾਲ, ਰਾਜਬੀਰ ਗਰੇਵਾਲ, ਪੂਰਨ ਪਿਆਸਾ ਨੇ ਭਾਗ ਲਿਆ, ਜਦ ਕਿ ਰਾਜਖ਼ੁਸ਼ਵੰਤ ਸਿੰਘ ਸੰਧੂ, ਮਨਮੋਹਣ ਸਿੰਘ ਢਿੱਲੋਂ, ਸੰਨੀ ਗਿੱਲ ਪੱਖੋਕੇ, ਹਰਕੰਵਲ ਸਾਹਿਲ, ਤੇਜਿੰਦਰ ਬਾਵਾ, ਪਰਵੀਨ ਪੁਰੀ ਤੇ ਕਈ ਹੋਰ ਸੁਹਿਰਦ ਸਾਥੀ ਸਰੋਤਿਆਂ ਵਜੋਂ ਹਾਜ਼ਰ ਹੋਏ। ਅਖ਼ੀਰ ਵਿਚ ਪਰਵੀਨ ਪੁਰੀ ਵੱਲੋਂ ਆਏ ਮਹਿਮਾਨਾਂ, ਕਵੀਆਂ-ਕਵਿੱਤਰੀਆਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਦੇ ਦੋਹਾਂ ਸੈਸ਼ਨਾਂ ਦੀ ਕਾਰਵਾਈ ਨੂੰ ਮੰਚ-ਸੰਚਾਲਕ ਬਖ਼ਤਾਵਰ ਧਾਲੀਵਾਲ ਵੱਲੋਂ ਬਾਖ਼ੂਬੀ ਨਿਭਾਇਆ ਗਿਆ।

*-ਰਿਪੋਰਟ: ਡਾ. ਝੰਡ*

# ਕੀ ਸ਼ਰਾਬ ਦਾ ਮਾਲੀਆ ਵਧਾਉਣਾ ਸਰਕਾਰਾਂ ਲਈ ਹੈ ਮਾਣ ਵਾਲੀ ਗੱਲ?

ਰਵਿੰਦਰ ਚੋਟ
ਫੋਨ: 98726-73703

ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਅਗਲੇ ਸਾਲ ਲਈ ਆਪਣੀ ਆਬਕਾਰੀ ਨੀਤੀ 2025-26 ਲੋਕਾਂ ਦੀ ਅਦਾਲਤ ਵਿਚ ਪੇਸ਼ ਕੀਤੀ ਹੈ। ਸ਼ਰਾਬ ਅਤੇ ਪੈਟਰੋਲੀਅਮ ਪਦਾਰਥਾਂ ਦਾ ਕਾਰੋਬਾਰ ਰਾਜ-ਸਰਕਾਰਾਂ ਤੇ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਜੀ.ਐਸ.ਟੀ ਐਕਟ 2017 ਤੋਂ ਬਾਹਰ ਰੱਖਿਆ ਗਿਆ ਸੀ ਕਿਉਂਕਿ ਇਨ੍ਹਾਂ ਦੋਵਾਂ ਤੋਂ ਬਹੁਤ ਵੱਡਾ ਮਾਲੀਆ ਆਉਂਦਾ ਸੀ। ਕੇਂਦਰ ਸਰਕਾਰ ਜੀ.ਐਸ.ਟੀ ਐਕਟ ਲਾਗੂ ਕਰਨ ਵੇਲੇ ਅਗਲੇ ਪੰਜ ਸਾਲ ਲਈ ਰਾਜ ਸਰਕਾਰਾਂ ਦੇ ਮਾਲੀਏ ਦੇ ਘਾਟੇ ਨੂੰ ਕੇਂਦਰੀ ਪੂਲ ਵਿਚੋਂ ਪੂਰਾ ਕਰਨਾ ਮੰਨ ਚੁੱਕੀ ਸੀ। ਇਸ ਲਈ ਕੇਂਦਰ ਨੂੰ ਖਦਸ਼ਾ ਸੀ ਕਿ ਉਸ ਲਈ ਇਨ੍ਹਾਂ ਦੋਹਾਂ ਮੱਦਾਂ ਦਾ ਘਾਟਾ ਪੂਰਾ ਕਰਨਾ ਔਖਾ ਸੀ। ਦੂਸਰੇ ਪਾਸੇ ਰਾਜ ਸਰਕਾਰਾਂ ਵੀ ਇਸ ਮਾਲੀਏ ਦਾ ਵੱਡਾ ਸਾਧਨ ਗੁਆਉਣਾ ਨਹੀਂ ਚਾਹੁੰਦੀਆਂ ਸਨ। ਆਬਕਾਰੀ ਰਾਜ ਸਰਕਾਰਾਂ ਦੀ ਆਮਦਨ ਦੇ ਮੁੱਖ ਸੋਮਿਆਂ ਵਿਚੋਂ ਇਕ ਮੰਨਿਆ ਗਿਆ ਹੈ। ਜਿਸ ਦੀ ਆਮਦਨ ਸਿੱਧੀ ਰਾਜ ਸਰਕਾਰ ਦੇ ਖਜ਼ਾਨੇ ਵਿਚ ਆਉਂਦੀ ਹੈ, ਜੀ.ਐਸ.ਟੀ. ਦੇ ਮਾਲੀਏ ਵਾਂਗ ਕੇਂਦਰ ਸਾਰਕਾਰ ਵਲੋਂ ਘੁੰਮ ਕੇ ਨਹੀਂ ਆਉਂਦੀ। ਕੁਝ ਸਾਲ ਪਹਿਲਾਂ ਸ਼ਰਾਬ ਦੇ ਠੇਕੇ ਖੁੱਲ੍ਹੀ ਬੋਲੀ ਰਾਹੀਂ ਵੇਚੇ ਜਾਂਦੇ ਸਨ। ਇਸ ਸਿਸਟਮ ਦੀਆਂ ਕੁਝ ਕਮੀਆਂ ਨੂੰ ਵੇਖਦਿਆਂ ਸਰਕਾਰ ਨੇ ਇਸ ਵਿਚ ਸੁਧਾਰ ਕਰਨ ਲਈ ਠੇਕੇਦਾਰਾਂ ਤੋਂ ਅਰਜ਼ੀਆਂ ਲੈ ਕੇ ਲਾਟਰੀ ਡਰਾਅ ਰਾਹੀਂ ਵੇਚਣੇ ਸ਼ੁਰੂ ਕਰ ਦਿੱਤੇ ਸਨ। ਪਿਛਲੇ ਸਾਲਾਂ ਵਿਚ ਟੈਂਡਰਾਂ ਰਾਹੀਂ ਠੇਕੇ ਵੇਚਣ ਦਾ ਤਜਰਬਾ ਕੀਤਾ ਗਿਆ ਅਤੇ ਇਸ ਸਾਲ ਦੀ ਆਬਕਾਰੀ ਨੀਤੀ ਮੁਤਾਬਕ ਫਿਰ ਈ-ਟੈਂਡਰਾਂ ਰਾਹੀਂ ਠੇਕੇ ਵੇਚਣ ਦੀ ਤਿਆਰੀ ਹੈ। ਜਦੋਂ ਕਿ ਆਬਕਾਰੀ ਨੀਤੀ ਬਣਾਉਣ ਵੇਲੇ ਚਾਰ ਧਿਰਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਪਹਿਲੀ ਸ਼ਰਾਬ ਬਣਾਉਣ ਵਾਲਿਆਂ (ਫੈਕਟਰੀਆਂ) ਦੀ ਜਾਇਜ਼ ਕਮਾਈ ਹੋਵੇ। ਦੂਸਰਾ ਠੇਕੇਦਾਰ ਜਿਸ ਨੇ ਫੈਕਟਰੀ ਤੋਂ ਲਿਆ ਕੇ ਸ਼ਰਾਬ ਵੇਚਣੀ ਹੈ। ਤੀਸਰਾ ਪਬਲਿਕ ਜਿਸ ਨੇ ਸ਼ਰਾਬ ਖਰੀਦ ਕੇ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਸ ਦੀ ਵਰਤੋਂ ਕਰਨੀ ਹੈ। ਅਖੀਰ 'ਤੇ ਸਰਕਾਰ ਨੇ ਆਪਣੇ ਰੈਵਿਨਿਊ ਦਾ ਧਿਆਨ ਕਰਨਾ ਹੁੰਦਾ ਹੈ। ਆਬਕਾਰੀ ਨੀਤੀ ਉਹੀ ਸਫਲ ਹੁੰਦੀ ਹੈ ਜਿਸ ਵਿਚ ਇਨ੍ਹਾਂ ਚਾਰਾਂ ਫੈਕਟਰਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਗਿਆ ਹੋਵੇ। ਲੋਕਾਂ ਦੀ ਸਿਹਤ ਨੂੰ ਨਜ਼ਰ-ਅੰਦਾਜ਼ ਕਰ ਕੇ ਸਰਕਾਰਾਂ ਹਰ ਸਾਲ ਆਪਣਾ ਰੈਵਿਨਿਊ ਵਧਾਉਣ ਲਈ ਸ਼ਰਾਬ ਦੇ ਕੋਟੇ ਵਿਚ ਲਗਾਤਾਰ ਵਾਧਾ ਕਰਦੀਆਂ ਆਈਆਂ ਹਨ। ਪਿਛਲੇ ਸਾਲ ਸ਼ਰਾਬ ਦਾ ਕੋਟਾ ਖੁੱਲ੍ਹਾ ਰੱਖਿਆ ਗਿਆ ਸੀ ਅਤੇ ਇਸ ਸਾਲ ਵੀ ਇਹ ਖੁੱਲ੍ਹਾ ਰੱਖਿਆ ਗਿਆ ਹੈ। ਠੇਕੇਦਾਰ ਵਧੀ ਵਿਕਰੀ ਮੁਤਾਬਕ ਵੱਧ ਸ਼ਰਾਬ ਦਾ ਕੋਟਾ ਚੁੱਕ ਸਕਦਾ ਹੈ। ਕੋਟਾ ਭਾਵੇਂ ਖੁੱਲ੍ਹਾ ਹੈ ਪਰ ਉੱਚ ਅਧਿਕਾਰੀ ਇਸ ਗੱਲ ਦਾ ਧਿਆਨ ਰੱਖਣਗੇ ਕਿ ਕੋਈ ਠੇਕੇਦਾਰ ਇਸ ਖੁੱਲ੍ਹ ਦੀ ਨਾਜਾਇਜ਼ ਵਰਤੋਂ ਨਾ ਕਰੇ। ਉੱਚ ਅਫਸਰ ਇਸ ਦੀ ਮਹੀਨਾਵਾਰ ਨਜ਼ਰਸਾਨੀ ਕਰਨਗੇ ਕਿ ਕੋਈ ਠੇਕੇਦਾਰ ਵਾਧੂ ਕੋਟਾ ਚੁੱਕ ਕੇ ਕਿਤੇ ਦੋ ਨੰਬਰ ਵਿਚ ਤਾਂ ਨਹੀਂ ਵੇਚ ਰਿਹਾ। ਪਿਛਲੇ ਕੁੱਝ ਸਾਲਾਂ ਦੀਆਂ ਆਬਕਾਰੀ ਨੀਤੀਆਂ 'ਤੇ ਨਜ਼ਰ ਮਾਰ ਕੇ ਅਸੀਂ ਇਸ ਸਾਲ ਦੀ ਨੀਤੀ 'ਤੇ ਵਿਚਾਰ ਕਰ ਸਕਦੇ ਹਾਂ।

ਜੇਕਰ ਅਸੀਂ ਪਿਛਲੇ ਕੁੱਝ ਸਾਲਾਂ ਦੇ ਆਬਕਾਰੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਾਲ 2016-17 ਵਿਚ ਵਧੀਆ ਗੱਲ ਕਰਦੇ ਹੋਏ ਪਿਛਲੇ ਸਾਲ ਨਾਲੋਂ 437.73 ਕਰੋੜ ਘਟਾ ਕੇ ਟੀਚਾ 4405.69 ਰੱਖਿਆ ਗਿਆ। ਇਸ ਸਾਲ ਸਿਆਣੇ ਲੋਕਾਂ ਨੂੰ ਖੁਸ਼ੀ ਹੋਈ ਸੀ ਕਿ ਲੋਕਾਂ ਦੀ ਸਿਹਤ ਦਾ ਧਿਆਨ ਕਰਦੀ ਹੋਈ ਸਰਕਾਰ ਨੇ ਆਪਣਾ ਸ਼ਰਾਬ ਦਾ ਮਾਲੀਆ ਘਟਾ ਕੇ ਚੰਗੀ ਪਿਰਤ ਪਾਈ ਹੈ। ਪਰ ਇਸ ਤੋਂ ਅਗਲੇ ਸਾਲ 5135.69 ਟੀਚਾ ਰੱਖਦੇ ਹੋਏ ਮਾਲੀਏ ਵਿਚ ਵਾਧਾ 729.96 ਕਰ ਦਿੱਤਾ। ਫਿਰ ਇਸ ਤੋਂ ਅਗਲੇ ਸਾਲ ਵਾਧਾ ਸਿਰਫ 20.10 ਕਰੋੜ ਦਾ ਹੀ ਕੀਤਾ ਗਿਆ ਤੇ ਟੀਚਾ 5155.79 ਕਰੋੜ ਦਾ ਰੱਖਿਆ ਗਿਆ। ਫਿਰ ਸਾਲ 2019-20 ਵਿਚ ਮਾਲੀਏ ਵਿਚ 38.17 ਕਰੋੜ ਘੱਟ ਕਰ ਕੇ ਟੀਚਾ 5117.73 ਕਰੋੜ ਦਾ ਰੱਖ ਦਿੱਤਾ ਗਿਆ। ਸਾਲ 2020-21 ਲਈ ਮਾਲੀਏ ਵਿਚ 1217.44 ਕਰੋੜ ਦਾ ਵਾਧਾ ਕਰ ਕੇ ਸ਼ਰਾਬ ਤੋਂ ਆਮਦਨ ਦਾ ਟੀਚਾ 6335.17 ਕਰੋੜ ਰੁਪਏ ਰੱਖਿਆ ਗਿਆ ਸੀ। ਫਿਰ ਸੰਨ 2021-22 ਵਿਚ ਆਬਕਾਰੀ ਮਾਲੀਆ 80.33 ਕਰੋੜ ਘਟਾ ਕੇ ਟੀਚਾ 6254.74 ਕਰੋੜ ਦਾ ਰੱਖਿਆ ਗਿਆ ਸੀ ਤੇ ਅਗਲੇ ਸਾਲ 2022-23 ਲਈ (ਸਿਰਫ 9 ਮਹੀਨਿਆਂ ਲਈ) ਮਾਲੀਏ ਦਾ ਟੀਚਾ 2641.26 ਕਰੋੜ ਵਧਾ ਕੇ ਮਾਲੀਏ ਦਾ ਟੀਚਾ 8896 ਕਰੋੜ ਕੀਤਾ ਗਿਆ ਸੀ। ਸਾਲ 2023-24 ਲਈ ਇਹ ਟੀਚਾ ਤਕਰੀਬਨ 858 ਕਰੋੜ ਵਧਾਇਆ ਗਿਆ ਸੀ ਅਤੇ ਇਸ ਸਾਲ ਆਬਕਾਰੀ ਤੋਂ 9754 ਕਰੋੜ ਮਾਲੀਆ ਆਇਆ ਸੀ। ਸਾਲ 2024-25 ਲਈ ਇਹ ਟੀਚਾ 10145.95 ਕਰੋੜ ਸੀ ਤੇ ਇਸ ਸਾਲ 2025-26 ਲਈ 874 ਕਰੋੜ ਵਧਾ ਕੇ 11020 ਕਰੋੜ ਕਰ ਦਿਤਾ ਗਿਆ ਹੈ। ਕਮਾਲ ਦੀ ਗੱਲ ਇਹ ਹੈ ਕਿ ਪੰਜਾਬ ਦੀਆਂ ਸਰਕਾਰਾਂ ਨੇ ਸ਼ਰਾਬ ਦਾ ਮਾਲੀਆ ਜਿਹੜਾ ਕਿ 2016-17 ਵਿਚ 4405.69 ਕਰੋੜ ਸੀ ਹੁਣ ਵਧਾ ਕੇ ਇਸ ਸਾਲ 11020 ਕਰੋੜ 'ਤੇ ਲੈ ਆਂਦਾ ਹੈ ਭਾਵ ਏਨੇ ਸਾਲਾਂ ਵਿਚ 6614.31 ਕਰੋੜ ਵਾਧਾ ਕੀਤਾ ਹੈ। ਅਜੇ ਵੀ ਸਰਕਾਰਾਂ ਪੂਰਨ ਨਸ਼ਾਬੰਦੀ ਦਾ ਰੌਲਾ ਪਾ ਰਹੀਆਂ ਹਨ। ਭਾਵੇਂ ਪਿਛਲੇ ਕਈ ਸਾਲਾਂ ਵਿਚ ਉਗਰਾਹੀ ਦੇ ਇਹ ਟੀਚੇ ਪੂਰੇ ਨਹੀਂ ਹੁੰਦੇ ਰਹੇ ਪਰ ਮਨੁੱਖੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅੰਕੜੇ ਵਿਚਾਰਨ ਯੋਗ ਹਨ। ਉਪਰੋਕਤ ਅੰਕੜਿਆਂ ਨੂੰ ਵੇਖ ਕੇ ਇੰਜ ਲਗਦਾ ਹੈ ਕਿ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਵੀ ਸਰਕਾਰਾਂ ਚਲਾਉਣ ਲਈ ਮਨੁੱਖੀ ਸਿਹਤ ਨੂੰ ਅੱਖੋਂ ਪਰੋਖੇ ਕਰ ਕੇ ਹਰ ਸਾਲ ਪੰਜਾਬ ਦੇ ਲੋਕਾਂ ਨੂੰ ਹਜ਼ਾਰਾਂ ਕਰੋੜ ਦੀ ਸ਼ਰਾਬ ਪਿਛਲੇ ਸਾਲ ਨਾਲੋਂ ਵਧਾ ਕੇ ਪੇਸ਼ ਕੀਤੀ ਜਾਂਦੀ ਹੈ। ਇਹ ਹਾਲ ਸਿਰਫ ਪੰਜਾਬ ਦਾ ਹੀ ਨਹੀਂ ਹੈ ਸਗੋਂ ਬਾਕੀ ਸੂਬੇ ਵੀ ਇਸੇ ਤਰ੍ਹਾਂ ਕਰਦੇ ਹਨ। ਉਂਜ ਪਹਿਲਾਂ ਹੀ ਪੰਜਾਬ ਨੂੰ ਬਾਕੀ ਸੂਬਿਆਂ ਦੇ ਮੁਕਾਬਲੇ ਵੱਧ ਸ਼ਰਾਬ ਪੀਣ ਦਾ ਮਾਣ ਪ੍ਰਾਪਤ ਹੈ।

ਜੇਕਰ ਇਸ ਸਾਲ ਦੀ ਆਬਕਾਰੀ ਨੀਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਦੇਸੀ ਸ਼ਰਾਬ ਦਾ ਕੋਟਾ ਪਿਛਲੇ ਸਾਲ ਨਾਲੋਂ ਤਿੰਨ ਪ੍ਰਤੀਸ਼ਤ ਵਧਾਇਆ ਗਿਆ। ਪਿਛਲੇ ਸਾਲ ਦੇਸੀ ਸ਼ਰਾਬ ਦਾ ਕੋਟਾ 8.286 ਕਰੋੜ ਪਰੂਫ ਲਿਟਰ ਸੀ। ਹੁਣ ਸਾਲ 2025-26 ਲਈ 248 ਕਰੋੜ ਪੀ.ਐਲ ਵਧਾ ਕੇ 8.534 ਕਰੋੜ ਪੀ.ਐਲ ਕਰ ਦਿਤਾ ਗਿਆ ਹੈ। ਕੋਟਾ ਵਧਾਉਣਾ ਸਰਕਾਰ ਦਾ ਚੰਗਾ ਕਦਮ ਨਹੀਂ ਹੈ। ਕਿਉਂਕਿ ਇਹ ਸਾਰਾ ਕੋਟਾ ਗਰੀਬ ਜਨਤਾ ਹੀ ਪੀਂਦੀ ਹੈ। ਦੂਸਰੇ ਪਾਸੇ ਪਿਛਲੇ ਸਾਲ ਵਾਂਗ ਹੀ ਅੰਗਰੇਜ਼ੀ ਸ਼ਰਾਬ ਤੇ ਬੀਅਰ ਦੇ ਕੋਟੇ 'ਤੇ ਕੋਈ ਲਗਾਮ ਨਹੀਂ ਦਿਤੀ ਗਈ ਕੋਟਾ ਖੁੱਲ੍ਹਾ ਹੈ ਠੇਕੇਦਾਰ ਜਿੰਨਾ ਮਰਜ਼ੀ ਕੋਟਾ ਚੁੱਕ ਸਕਦਾ ਹੈ। ਜੇਕਰ ਕਿਸੇ ਠੇਕੇਦਾਰ ਕੋਲ ਇਸ ਸਾਲ ਦਾ ਕੋਟਾ ਵਧ ਜਾਂਦਾ ਹੈ ਤਾਂ ਉਸਨੂੰ ਅਬਕਾਰੀ ਮਹਿਕਮੇ ਨੂੰ ਲਿਖਤੀ ਰੂਪ ਵਿਚ ਦੱਸਣਾ ਪਵੇਗਾ ਅਤੇ ਮਹਿਕਮੇ ਦੀ ਆਗਿਆ ਨਾਲ ਬਣਦੀ ਫੀਸ ਦੇ ਕੇ ਉਹ ਇਸ ਸਾਲ ਵਿਚ ਵੇਚਿਆ ਜਾ ਸਕਦਾ ਹੈ। ਇਸ ਲਈ ਇਸ ਸਾਲ 31 ਮਾਰਚ ਠੇਕਿਆਂ ਵਿਚ ਸਸਤੀ ਸ਼ਰਾਬ ਲਈ ਮੇਲੇ ਲੱਗਣ ਦੀ ਸੰਭਾਵਨਾ ਨਹੀਂ ਲੱਗਦੀ। ਇਸ ਸਾਲ ਦਾ ਕੋਟਾ ਮਹੀਨਾਵਾਰ 12 ਕਿਸ਼ਤਾਂ ਵਿਚ ਠੇਕੇਦਾਰ ਵਲੋਂ ਚੁੱਕਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ। ਇਸੇ ਤਰ੍ਹਾਂ ਠੇਕੇਦਾਰ 12 ਮਹੀਨਾਵਾਰ ਕਿਸ਼ਤਾਂ ਵਿਚ ਹਰ ਮਹੀਨੇ ਬਣਦੀ ਲਸੰਸ ਫੀਸ ਜਮ੍ਹਾਂ ਕਰਵਾਏਗਾ। ਜੇਕਰ ਉਹ 20 ਤਰੀਖ ਤਕ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦਾ ਲਸੰਸ ਰੱਦ ਹੋ ਸਕਦਾ ਹੈ।

ਆਬਕਾਰੀ ਪਾਲਿਸੀ ਮੁਤਾਬਕ ਪੰਜਾਬ ਵਿਚ ਠੇਕਿਆਂ ਦੇ 207 ਗਰੁੱਪ ਬਣਾਏ ਗਏ ਹਨ। ਇਕ ਗਰੁਪ 40 ਕਰੋੜ ਦਾ ਹੋਵੇਗਾ। ਇਕ ਗਰੁੱਪ ਵਾਲਾ ਅਲਾਟ ਕੀਤੇ ਏਰੀਏ ਵਿਚ ਦੋ ਮਾਡਲ ਸ਼ਾਪਸ਼ ਖੋਲ੍ਹ ਸਕਦਾ ਹੈ, ਜਿਹੜੀਆਂ ਡਿਪਾਰਟਮੈਂਟਲ ਸਟੋਰਾਂ ਵਿਚ ਖੋਲ੍ਹੀਆਂ ਜਾ ਸਕਦੀਆਂ ਹਨ ਪਰ ਇਹ ਕਿਸੇ ਵੀ ਠੇਕੇ ਤੋਂ 200 ਮੀਟਰ ਦੀ ਦੂਰੀ 'ਤੇ ਹੋਣੀਆਂ ਚਾਹੀਦੀਆਂ ਹਨ। ਕਾਰਪੋਰੇਸ਼ਨ ਏਰੀਏ ਵਿਚ ਇਸ ਦੀ ਫੀਸ 2 ਲੱਖ ਹੋਵੇਗੀ, ਮਿਉਂਸਿਪਲ ਏਰੀਏ ਵਿਚ ਇਕ ਲੱਖ ਅਤੇ ਪੇਂਡੂ ਏਰੀਏ ਵਿਚ 50000 ਹੋਵੇਗੀ। ਇਸ ਤੋਂ ਇਲਾਵਾ ਉਹ ਮਹਿਕਮੇ ਦੀਆਂ ਸ਼ਰਤਾਂ ਅਧੀਨ ਆਪਣੇ ਏਰੀਏ ਵਿਚ 10 ਸਬਵੈਂਡ ਵੀ ਖੋਲ੍ਹ ਸਕਦਾ ਹੈ ਪਰ ਇਸ ਦੀ ਵੱਖਰੀ ਲਸੰਸ ਫੀਸ ਦੇਣੀ ਪਵੇਗੀ। ਇਸ ਸਾਲ ਕੁਲ 6374 ਠੇਕੇ ਖੁੱਲ੍ਹਣ ਦੀ ਸੰਭਾਵਨਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਠੇਕੇਦਾਰਾਂ ਲਈ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਜਿਵੇਂ ਪੰਜਾਬ ਲਿਕਰ ਲਸੰਸ ਰੂਲਜ਼ 1956 ਦੇ ਰੂਲ 37 (9ਬ) ਮੁਤਾਬਕ ਠੇਕਾ ਖੋਲ੍ਹਣ ਵੇਲੇ ਇਹ ਧਿਆਨ ਰੱਖਿਆ ਜਾਵੇਗਾ ਕਿ ਇਹ ਕਿਸੇ ਵੀ ਧਾਰਮਿਕ ਸਥਾਨ ਅਤੇ ਵਿਦਿਅਕ ਅਦਾਰੇ ਤੋਂ ਪੇਂਡੂ ਖੇਤਰ ਵਿਚ ਘੱਟ ਤੋਂ ਘੱਟ 100 ਮੀਟਰ ਦੂਰ ਅਤੇ ਸ਼ਹਿਰੀ ਖੇਤਰ ਵਿਚ 50 ਮੀਟਰ ਦੂਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 29 ਮੁਤਾਬਕ ਕੋਈ ਠੇਕੇਦਾਰ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸ਼ਰਾਬ ਨਹੀਂ ਵੇਚੇਗਾ। ਇਸੇ ਐਕਟ ਦੀ ਧਾਰਾ 30 ਮੁਤਾਬਕ ਕੋਈ ਵੀ ਠੇਕੇਦਾਰ ਠੇਕੇ 'ਤੇ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਮੁਲਾਜ਼ਮ ਨਹੀਂ ਰੱਖ ਸਕਦਾ। ਇਨ੍ਹਾਂ ਦੋਵਾਂ ਨਿਯਮਾਂ ਦੀ ਉਲੰਘਣਾ ਸਜ਼ਾ ਯੋਗ ਹੈ। ਠੇਕਿਆਂ ਦੇ ਬੋਰਡ 'ਤੇ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣਾ ਜ਼ਰੂਰੀ ਹੋਵੇਗਾ। ਸੰਵਿਧਾਨ ਦੇ ਆਰਟੀਕਲ 47 ਦੇ ਮੁਤਾਬਕ ਸ਼ਰਾਬ ਦੀ ਮਸ਼ਹੂਰੀ ਕੋਈ ਵੀ ਅਦਾਰਾ ਨਹੀਂ ਕਰ ਸਕਦਾ ਪਰ ਇਸ ਦੇ ਪਰਚਾਰ ਲਈ ਟੀ.ਵੀ ਆਦਿ 'ਤੇ ਅਸਿੱਧੇ ਢੰਗ ਵਰਤੇ ਜਾਂਦੇ ਹਨ ਜਿਵੇਂ ਸ਼ਰਾਬ ਦੇ ਕਿਸੇ ਬਰੈਂਡ ਦੇ ਨਾਮ ਦਾ ਸੋਡਾ ਲੈ ਕੇ ਪ੍ਰਚਾਰ ਕੀਤਾ ਜਾਂਦਾ ਹੈ। ਭਾਵ ਉਸੇ ਨਾਂ ਦੇ ਸੋਡੇ ਦਾ ਸਹਾਰਾ ਲਿਆ ਜਾਂਦਾ ਹੈ।

ਕੁੱਝ ਲੋਕਾਂ ਦਾ ਵਿਚਾਰ ਸੀ ਕਿ ਦੇਸੀ ਸ਼ਰਾਬ ਵਾਂਗ ਹੀ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਵੀ ਫਿਕਸ ਹੋਣਾ ਚਾਹੀਦਾ ਹੈ। ਓਪਨ ਕੋਟੇ ਨਾਲ ਸ਼ਰਾਬ ਫੈਕਟਰੀਆਂ ਨੂੰ ਫਾਇਦਾ ਹੋਵੇਗਾ, ਪਰਚੂਨ ਵੇਚਣ ਵਾਲਿਆਂ ਨੂੰ ਘਾਟਾ ਰਹੇਗਾ। ਉਨ੍ਹਾਂ ਦਾ ਇਹ ਵੀ ਖਦਸ਼ਾ ਸੀ ਕਿ ਇਹ ਪਾਲਿਸੀ ਕਾਰਪੋਰੇਟ ਸੈਕਟਰ ਦੇ ਹੱਕ ਵਿਚ ਭੁਗਤਦੀ ਹੈ। ਇਸ ਸਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਰਾਬ ਦੇ ਰੇਟ ਗੁਆਂਢੀ ਸੂਬਿਆਂ ਨਾਲੋਂ ਘੱਟ ਰੱਖੇ ਜਾਣਗੇ ਤਾਂ ਕਿ ਉਧਰੋਂ ਸ਼ਰਾਬ ਪੰਜਾਬ ਵੱਲ ਨਾ ਆਵੇ ਅਤੇ ਸਰਕਾਰੀ ਮਾਲੀਏ ਨੂੰ ਢਾਅ ਨਾ ਲੱਗੇ ਸਗੋਂ ਸਰਕਾਰ ਦਾ ਮਾਲੀਆ ਵੀ ਵਧਣ ਦੀ ਸੰਭਾਵਨਾ ਬਣੇ। ਇਸ ਆਬਕਾਰੀ ਪਾਲਿਸੀ ਨਾਲ ਜਿੱਥੇ ਪਿਆਕੜਾਂ ਨੂੰ ਸ਼ਰਾਬ ਸਸਤੀ ਮਿਲੇਗੀ ਉੱਥੇ ਜਿਹੜੀ ਸ਼ਰਾਬ ਗੁਆਂਢੀ ਸੂਬਿਆਂ ਤੋਂ ਲਿਆ ਕੇ ਇੱਥੇ ਵੇਚੀ ਜਾਂਦੀ ਸੀ ਉਹ ਵੀ ਬਹੁਤ ਘੱਟ ਜਾਵੇਗੀ। ਕਿਉਂਕਿ ਸ਼ਰਾਬ ਦੀ ਸਮੱਗਲਿੰਗ ਰੋਕਣ ਲਈ ਪੰਜਾਬ 'ਚ ਦੋ ਬਟਾਲੀਅਨ ਰੱਖਿਆ ਕਰਮੀਆਂ ਦੀਆਂ ਹੋਰ ਲਗਾਉਣ ਦੀ ਤਜਵੀਜ਼ ਹੈ। ਸਗੋਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਸ਼ਰਾਬ ਸਸਤੀ ਅਤੇ ਕੋਟਾ ਓਪਨ ਹੋਣ ਕਰਕੇ ਦੂਸਰੇ ਸੂਬਿਆਂ ਵਿਚ ਵੀ ਦੋ ਨੰਬਰ ਵਿਚ ਵਿਕਣ ਤੋਂ ਰੋਕਿਆ ਜਾਵੇਗਾ। ਲੋਕਾਂ ਵਲੋਂ ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਿਹੜੀ ਭਸੂੜੀ ਦਿੱਲੀ ਪਿਛਲੇ ਸਾਲ ਦੀ ਆਬਕਾਰੀ ਨੀਤੀ ਦੇ ਸਬੰਧ ਵਿਚ ਪਈ ਹੋਈ ਹੈ, ਉਸ ਦੇ ਪ੍ਰਭਾਵ ਅਧੀਨ ਸ਼ਾਇਦ ਇੱਥੇ ਪਿਛਲੀ ਆਬਕਾਰੀ ਨੀਤੀ ਵਿਚ ਬਹੁਤੀ ਛੇੜ-ਛਾੜ ਨਹੀਂ ਕੀਤੀ ਗਈ। ਪੰਜਾਬ ਵਿਚ ਭੰਗ ਦਾ ਇਕੋ ਇਕ ਠੇਕਾ ਜਿਹੜਾ ਕਿ ਹੁਸ਼ਿਆਰਪੁਰ ਹਰ ਸਾਲ ਚੜ੍ਹਦਾ ਹੈ ਉਸ ਦੀ ਸਰਕਾਰੀ ਕੀਮਤ ਛੇ ਲੱਖ ਰੱਖੀ ਗਈ ਹੈ ਉਸ ਨੂੰ ਵੀ ਠੇਕੇ 'ਤੇ ਚੜ੍ਹਾਇਆ ਜਾਵੇਗਾ। ਜੇਕਰ ਨਸ਼ੇ ਬੰਦ ਕਰਨੇ ਜਾਂ ਘਟਾਉਣੇ ਚਾਹੁੰਦੇ ਹਾਂ ਤਾਂ ਸਰਕਾਰ ਨੂੰ ਆਬਕਾਰੀ ਮਾਲੀਏ ਲਈ ਹੋਰ ਬਦਲ ਲੱਭਣੇ ਪੈਣਗੇ ਅਤੇ ਆਮਦਨ ਲਈ ਹੋਰ ਸਰੋਤ ਪੈਦਾ ਕਰਨੇ ਪੈਣਗੇ। ਹੁਣ ਸਵਾਲ ਇਹ ਉੱਠਦਾ ਹੈ ਕੀ ਪੰਜਾਬ ਸਰਕਾਰ ਵਲੋਂ ਹਜ਼ਾਰਾਂ ਕਰੋੜ ਰੁਪਏ ਦਾ ਸ਼ਰਾਬ ਦੇ ਮਾਲੀਏ ਵਿਚ ਵਾਧਾ ਕਰ ਕੇ (ਨਸ਼ੇ ਰੋਕਣ ਵਾਲੀ ਸਰਕਾਰ) ਇਸ 'ਤੇ ਮਾਣ ਕਰਨਾ ਬਣਦਾ ਹੈ?

## ਕਿੱਸਾ ਸਰਵਉੱਚ ਰਾਜ ਸਿੰਘਾਸਣ ਦਾ!

ਹਰਜੀਤ ਦਿਓਲ
E-mail: sarjit125@gmail.com

'ਪੰਜਾਬ ਟਾਈਮਜ਼' ਦੇ ਇਕ ਮਾਰਚ ਦੇ ਅੰਕ ਵਿਚ ਹਜ਼ਾਰਾ ਸਿੰਘ ਮਿਸੀਸਾਗਾ ਵਲੋਂ 'ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ, ਸੋਸ਼ਲ ਮੀਡੀਆ ਦੀ ਦਹਿਸ਼ਤਗਰਦੀ ਤੇ ਮਗਰਮੱਛ' ਸਿਰਲੇਖ ਹੇਠ ਲਿਖਿਆ ਮੁੱਲਵਾਨ ਲੇਖ ਪੜ੍ਹਨ ਨੂੰ ਮਿਲਿਆ। ਮਨ ਨੂੰ ਤਸੱਲੀ ਹੋਈ। ਲੇਖ ਵਿਚ ਸ. ਹਜ਼ਾਰਾ ਸਿੰਘ ਵਲੋਂ ਸਿੱਖ ਵਿਦਵਾਨਾਂ ਤੇ ਸੋਸ਼ਲ ਮੀਡੀਆ ਕਰਮੀਆਂ ਨੂੰ ਪੁਰਜ਼ੋਰ ਸ਼ਬਦਾਂ ਵਿਚ ਇਮਾਨਦਾਰੀ ਨਾਲ ਅੰਤਰਝਾਤ ਮਾਰਨ ਦੀ ਨੇਕ ਸਲਾਹ ਦਿੱਤੀ ਗਈ ਹੈ। ਅਜਿਹਾ ਕਰੜਾ ਤੇ ਨਿਸੰਗ ਲੇਖ ਲਿਖਣ ਲਈ ਸ. ਹਜ਼ਾਰਾ ਸਿੰਘ ਵਧਾਈ ਦੇ ਹੱਕਦਾਰ ਹਨ, ਪਰ ਉਨ੍ਹਾਂ ਦੀ ਸਲਾਹ ਮੰਨਦਿਆਂ ਮੀਡੀਆਕਰਮੀ ਆਪਣੇ ਅੰਦਰ ਅੰਤਰਝਾਤ ਮਾਰਨ ਦੀ ਖੇਚਲ ਕਰਨਗੇ, ਇਸਦੀ ਆਸ ਬੜੀ ਘੱਟ ਹੈ, ਪਰ ਉਨ੍ਹਾਂ ਦਾ ਲੇਖ ਪੜ੍ਹ ਕੇ ਬਚਪਨ ਵਿਚ ਸੁਣੀ ਇਕ ਲੋਕ ਕਥਾ ਦੀ ਯਾਦ ਮੇਰੇ ਮਨ ਮਸਤਕ ਅੰਦਰ ਜ਼ਰੂਰ ਉਭਰ ਆਈ ਹੈ, ਜੋ ਪਾਠਕਾਂ ਦੇ ਰੂ-ਬ-ਰੂ ਹੈ।

ਪ੍ਰਾਚੀਨ ਕਾਲ ਵਿਚ ਇੱਕ ਦੇਸ਼ ਹੁੰਦਾ ਸੀ। ਜ਼ਾਹਰ ਹੈ ਦੇਸ਼ ਦਾ ਇੱਕ ਰਾਜਾ ਵੀ ਹੋਵੇਗਾ। ਰਾਜਾ ਹੋਵੇਗਾ ਤਾਂ ਜਨਾਬ ਉਸ ਦੀ ਪਰਜਾ ਵੀ ਹੋਵੇਗੀ। ਰਾਜੇ ਦਾ ਵਿਸ਼ਵਾਸ ਪਾਤਰ ਮੰਤਰੀ ਵੀ ਹੋਵੇਗਾ ਤੇ ਰਾਜ ਨੂੰ ਦੁਸ਼ਮਣਾਂ ਤੋਂ ਸੁਰੱਖਿਅਤ ਰੱਖਣ ਲਈ ਇੱਕ ਤਾਕਤਵਰ ਸੈਨਾਪਤੀ ਵੀ। ਰਾਜਕਾਜ ਚਲਾਉਣ ਦੀਆਂ ਸਾਰੀਆਂ ਸ਼ਕਤੀਆਂ ਵੀ ਰਾਜੇ ਕੋਲ ਹੁੰਦੀਆਂ ਹੀ ਹਨ। ਪਰ ਨਹੀਂ ਦਰਅਸਲ ਸਾਰੀਆਂ ਸ਼ਕਤੀਆਂ ਸਰਵਉੱਚ ਰਾਜ ਸਿੰਘਾਸਣ ਦੀਆਂ ਹੁੰਦੀਆਂ ਹਨ ਕਿਉਂ ਜੋ ਇਸ 'ਤੇ ਜੋ ਬੈਠ ਜਾਂਦਾ ਜਾਂ ਬੈਠਾ ਦਿੱਤਾ ਜਾਂਦਾ ਹੈ, ਸ਼ਕਤੀਆਂ ਆਪ-ਮੁਹਾਰੇ ਉਸ ਪਾਸ ਅੱਪੜ ਜਾਂਦੀਆਂ ਹਨ। ਦੇਸ਼ ਠੀਕ-ਠਾਕ ਚੱਲ ਰਿਹਾ ਸੀ ਕਿ ਸੈਨਾਪਤੀ ਦੇ ਮਨ ਵਿਚ ਖਿਆਲ ਆਇਆ ਕਿ ਮੇਰੇ ਹੀ ਕਰਕੇ ਦੇਸ਼ ਸੁਰੱਖਿਅਤ ਹੈ। ਦੇਸ਼ ਸੁਰੱਖਿਅਤ ਤਾਂ ਰਾਜਾ ਵੀ ਸੁੱਰਖਿਅਤ ਤੇ ਉਸਦਾ ਸ਼ਕਤੀਸ਼ਾਲੀ ਸਰਵਉੱਚ ਸਿੰਘਾਸਣ ਵੀ। ਕਿਉਂ ਨਾ ਇਸ ਸਿੰਘਾਸਣ 'ਤੇ ਮੇਰਾ ਕਬਜ਼ਾ ਹੋਵੇ। ਪਰ ਉਹ ਜਾਣਦਾ ਸੀ ਕਿ ਰਾਜਾ ਦੇ ਵਿਸ਼ਵਾਸ-ਪਾਤਰ ਮੰਤਰੀ ਦੇ ਹੁੰਦੇ ਹੋਏ ਇਹ ਸੰਭਵ ਨਹੀਂ। ਉਸ ਦੇ ਰਾਹ ਦਾ ਰੋੜਾ ਮੰਤਰੀ ਹੈ, ਜਿਸ ਨੂੰ ਲਾਂਭੇ ਕਰਨ ਲਈ ਉਹ ਤਰਕੀਬਾਂ ਸੋਚਣ ਲੱਗਾ। ਕੁਝ ਦਿਨਾਂ ਉਪਰੰਤ ਰਾਜ ਵਿਚ ਇੱਕ ਅਜੀਬ ਖਬਰ ਫੈਲੀ ਕਿ ਰਾਜ ਵਿਚ ਦੋ ਐਸੇ ਕੱਪੜਾ ਬੁਣਨ ਵਾਲੇ ਕਾਰੀਗਰ ਆਏ ਹਨ, ਜਿਨ੍ਹਾਂ ਦਾ ਬੁਣਿਆ ਕੱਪੜਾ ਸਿਰਫ ਈਮਾਨਦਾਰ ਵਿਅਕਤੀ ਹੀ ਦੇਖ ਸਕਦਾ ਹੈ ਬੇਈਮਾਨ ਨਹੀਂ। ਖਬਰ ਰਾਜਾ ਤੱਕ ਅੱਪੜਨੀ ਹੀ ਸੀ, ਤੇ ਅਪੜਾ ਦਿੱਤੀ ਗਈ। ਫੇਰ ਰਾਜਾ ਇਸ ਵਿਲੱਖਣ ਕੱਪੜੇ ਨੂੰ ਬੁਣਵਾਉਣਾ ਵੀ ਜ਼ਰੂਰ ਚਾਹੇਗਾ ਸੋ ਕਾਰੀਗਰਾਂ ਨੂੰ ਲੋੜੀਂਦੀ ਮਾਇਆ ਉਪਲੱਬਧ ਕਰਾ ਇੱਕ ਭਵਨ ਵਿਚ ਕੱਪੜਾ ਬੁਣਨ ਦਾ ਕੰਮ ਅਰੰਭ ਹੋ ਗਿਆ। ਦੋ ਕੁ ਦਿਨ ਬਾਅਦ ਮੰਤਰੀ ਨੇ ਆਪਣੇ ਸੇਵਕਾਂ ਨੂੰ ਬਣ ਰਿਹਾ ਕੱਪੜਾ ਦੇਖਣ ਭੇਜਿਆ ਜਿਨ੍ਹਾਂ ਆ ਕੇ ਬਹੁਤ ਵਧੀਆ ਬਣ ਰਹੇ ਕੱਪੜੇ ਦੀ ਖਬਰ ਦਿੱਤੀ। ਦਰਅਸਲ ਦਿਸਦਾ ਕਿਸੇ ਨੂੰ ਕੁਝ ਨਹੀਂ ਸੀ ਪਰ ਬੇਈਮਾਨ ਬਣਨ ਦੇ ਡਰੋਂ ਸਭ ਝੂਠ ਬੋਲਦੇ ਗਏ। ਕੁਝ ਸਮੇਂ ਬਾਅਦ ਰਾਜੇ ਨੇ ਆਪਣੇ ਵਿਸ਼ਵਾਸ ਪਾਤਰ ਮੰਤਰੀ ਨੂੰ ਕਾਰੀਗਰਾਂ ਦੇ ਕੰਮ ਦਾ ਜਾਇਜ਼ਾ ਲੈਣ ਭੇਜਿਆ ਤਾਂ ਮੰਤਰੀ ਇਹ ਦੇਖ ਹੈਰਾਨ ਹੋਇਆ ਕਿ ਕਾਰੀਗਰ ਬੜੇ ਜ਼ੋਰ-ਸ਼ੋਰ ਨਾਲ ਕੱਪੜਾ ਤਾਂ ਬੁਣ ਰਹੇ ਹਨ ਪਰ ਉਹ ਦਿਸਦਾ ਨਹੀਂ। ਮੰਤਰੀ ਅੰਦਰੋਂ ਕੰਬ ਗਿਆ ਕਿਉਂਕਿ ਹੁਣ ਉਸ ਨੂੰ ਬੇਈਮਾਨ ਸਮਝਿਆ ਜਾਵੇਗਾ ਸੋ ਉਸ ਵੀ ਰਾਜੇ ਨੂੰ ਝੂਠ ਬੋਲਣ ਵਿਚ ਭਲਾਈ ਸਮਝੀ। ਅੰਤ ਵਿਚ ਰਾਜਾ ਇਸ ਵਿਲੱਖਣ ਕੱਪੜੇ ਨੂੰ ਦੇਖਣ ਗਿਆ। ਬੜੇ ਸ਼ਸ਼ੋਪੰਜ ਅਤੇ ਘਬਰਾਹਟ ਵਿਚ ਉਸ ਨੂੰ ਵੀ ਝੂਠ ਬੋਲ ਖਹਿੜਾ ਛੁਡਾਉਣਾ ਪਿਆ। ਉਸ ਸੋਚਿਆ ਕੀ ਮੈਂ ਬੇਈਮਾਨ ਹਾਂ? ਸਾਰੇ ਬੇਈਮਾਨ ਨਹੀਂ ਹੋ ਸਕਦੇ ਕਿਉਂਕਿ ਸਭ ਨੂੰ ਕੱਪੜਾ ਦਿਸ ਰਿਹਾ ਹੈ ਸਿਰਫ ਮੈਨੂੰ ਨਹੀਂ। ਹੁਣ ਸੈਨਾਪਤੀ ਮੈਦਾਨ ਵਿਚ ਆਇਆ। ਉਸ ਰਾਜੇ ਨੂੰ ਕਿਹਾ ਕਿ ਧਾਡਾ ਵਿਸ਼ਵਾਸ ਪਾਤਰ ਮੰਤਰੀ ਝੂਠ ਬੋਲ ਰਿਹਾ ਹੈ, ਕਿਉਂਕਿ ਕੱਪੜਾ ਉਸ ਨੂੰ ਦਿਸਿਆ ਨਹੀਂ। ਇਸ ਗੱਲ ਦੀ ਸਭ ਦੇ ਸਾਹਮਣੇ ਪੜਤਾਲ ਕੀਤੀ ਗਈ। ਸੈਨਾਪਤੀ ਨੇ ਚਾਰ ਖਾਲੀ ਕਮਰਿਆਂ ਵਿਚੋਂ ਇੱਕ ਵਿਚ ਵਿਲੱਖਣ ਕੱਪੜਾ ਰੱਖਣ ਦਾ ਡਰਾਮਾ ਕੀਤਾ ਤੇ ਮੰਤਰੀ ਨੂੰ ਕਿਹਾ ਕਿ ਉਹ ਦੱਸੇ ਕਿਸ ਕਮਰੇ ਵਿਚ ਕੱਪੜਾ ਮੌਜੂਦ ਹੈ। ਮੰਤਰੀ ਵਿਚਾਰਾ ਫਸ ਗਿਆ। ਚਲਾਕ ਸੈਨਾਪਤੀ ਅਤੇ ਉਸ ਦੇ ਪਿੱਠੂ ਦਰਬਾਰੀਆਂ ਦੇ ਕਹਿਣ 'ਤੇ ਝੂਠ ਬੋਲਣ ਦਾ ਦੋਸ਼ ਲਾ ਮੰਤਰੀ ਬਰਖਾਸਤ ਕਰ ਦਿੱਤਾ ਗਿਆ। ਸੈਨਾਪਤੀ ਦਾ ਰਾਹ ਸਾਫ ਹੋ ਚੁੱਕਿਆ ਸੀ। ਇਸ ਉਪਰੰਤ ਇੱਕ ਦਿਨ ਸੈਨਾਪਤੀ ਨੇ ਰਾਜੇ ਨੂੰ ਦੱਸਿਆ ਕਿ ਸਾਰੇ ਦਰਬਾਰੀ (ਜੋ ਸੈਨਾਪਤੀ ਨਾਲ ਰਲ ਗਏ ਸਨ) ਰਾਜੇ ਦੇ ਸੱਚ ਬੋਲਣ ਬਾਰੇ ਵੀ ਇਵੇਂ ਹੀ ਪੜਤਾਲ ਚਾਹੁੰਦੇ ਹਨ। ਰਾਜਾ ਜੋ ਪਹਿਲਾਂ ਹੀ ਇਸ ਭੰਬਲਭੂਸੇ ਤੋਂ ਡਾਢਾ ਪਰੇਸ਼ਾਨ ਸੀ ਤੇ ਰਾਤਾਂ ਦੀ ਨੀਂਦ ਗੁਆ ਚੁੱਕਿਆ ਸੀ, ਹੋਣ ਵਾਲੀ ਨਮੋਸ਼ੀ ਤੋਂ ਡਰਦਾ ਸੈਨਾਪਤੀ ਨੂੰ ਰਾਜਕਾਜ ਸੰਭਾਲ ਮਨ ਦੀ ਸ਼ਾਂਤੀ ਲਈ ਤੀਰਥਯਾਤਰਾ 'ਤੇ ਨਿਕਲ ਗਿਆ। ਹੁਣ ਸਰਵਉੱਚ ਰਾਜ ਤਖ਼ਤ ਸੈਨਾਪਤੀ ਦੀ ਮਲਕੀਅਤ ਸੀ। ਇਤਿਹਾਸ ਗਵਾਹ ਹੈ ਕਿ ਸੰਸਾਰ ਦੇ ਸਾਰੇ ਸਰਵਉੱਚ ਰਾਜ ਸਿੰਘਾਸਣਾਂ 'ਤੇ ਸੁਸ਼ੋਭਿਤ ਹੋਣ ਵਾਲੇ ਰਾਜਿਆਂ ਵਿਚਕਾਰ ਇਹੋ ਜਿਹੀਆਂ ਸ਼ਤਰੰਜ ਦੀਆਂ ਬਿਸਾਤਾਂ ਵਿਛਦੀਆਂ ਰਹੀਆਂ ਹਨ ਤੇ ਤਾਕਤ ਹਥਿਆਉਣ ਦਾ ਨਾ ਰੁਕਣ ਵਾਲਾ ਘੋਲ ਚਲਦਾ ਰਿਹਾ ਹੈ।

ਨੋਟ-ਇਹ ਕਲਪਿਤ ਕਹਾਣੀ ਹੈ ਜਿਸ ਦਾ ਕਿਸੇ ਚੱਲ ਰਹੇ ਸਰਵਉੱਚ ਸਿੰਘਾਸਣ ਦੇ ਵਿਵਾਦ ਨਾਲ ਮੇਲ ਇੱਕ ਸੰਯੋਗ ਮਾਤਰ ਸਮਝਿਆ ਜਾਵੇ।

---

## ਸੰਪਾਦਕ ਦੀ ਡਾਕ

### ਅਸਲੀਅਤ ਬਿਆਨ ਕਰਦਾ ਹੈ 'ਬੰਦਾ ਬਨਾਮ ਬਹੁਰੂਪੀਆ'

*ਸੰਪਾਦਕ ਜੀ,*

ਪ੍ਰੋ. ਜਸਵੰਤ ਸਿੰਘ ਗੰਡਮ ਜੀ ਦਾ ਲੇਖ 'ਬੰਦਾ ਬਨਾਮ ਬਹੁਰੂਪੀਆ' ਵੱਡੀ ਅਸਲੀਅਤ ਬਿਆਨ ਕਰਦਾ ਹੈ। ਅੱਜ ਕੱਲ੍ਹ ਬੰਦਾ ਘੱਟ ਤੇ ਬਹਿਰੂਪੀਆ ਜ਼ਿਆਦਾ ਲੱਗਦਾ ਹੈ। ਸਮਾਜ ਵਿਚ ਬਹਿਰੂਪੀਆਪਨ ਜ਼ਿਆਦਾ ਆ ਚੁੱਕਾ ਹੈ। ਅਸਲੀ ਤੇ ਨਕਲੀ ਦੀ ਪਛਾਣ ਬੜੇ ਚਿਰ ਬਾਅਦ ਹੁੰਦੀ ਹੈ ਜਿਵੇਂ ਕਹਾਵਤ ਹੈ 'ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ'। ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਤਾਂ ਬਹਿਰੂਪੀਆਪਨ ਬਹੁਤ ਆ ਚੁੱਕਾ ਹੈ। ਜਿਨ ਮਨ ਹੋਰ ਮੁੱਖ ਹੋਰ ਸੇ ਕਾਢੇ ਕਚਿਆ ਵਾਲੀ ਗੱਲ ਬਣ ਗਈ ਹੈ। ਸਿਆਸੀ ਲੀਡਰ ਚੋਣ ਮਨੋਰਥ ਪੱਤਰਾਂ ਵਿਚ ਤੇ ਸਟੇਜਾਂ 'ਤੇ ਚੋਣਾਂ ਵੇਲੇ ਬੜੇ ਲੁਭਾਣੇ ਵਾਅਦੇ ਕਰਦੇ ਨੇ ਪਰ ਜਦ ਜਿੱਤ ਕੇ ਵਿਧਾਇਕ ਬਣ ਜਾਂਦੇ ਨੇ ਤਾਂ ਸਭ ਕੁਝ ਭੁੱਲ ਜਾਂਦੇ ਹਨ, ਲੋਕ ਊਠ ਦੇ ਬੁੱਲ੍ਹ ਡਿੱਗਣ ਵਾਂਗ ਉਡੀਕ ਕਰਦੇ ਰਹਿੰਦੇ ਹਨ ਪਰ ਪਿਛਲੇ 77 ਸਾਲਾਂ ਵਿਚ ਕਿਸੇ ਪਾਰਟੀ ਦੇ ਵਾਅਦੇ ਵਫਾ ਨਹੀਂ ਹੋਏ। ਗਰੀਬ ਹੋਰ ਗਰੀਬ ਤੇ ਅਮੀਰ ਹੋਰ ਅਮੀਰ ਹੋਇਆ ਹੈ ਧਾਰਮਿਕ ਖੇਤਰ ਵਿਚ ਵੀ ਇਹੋ ਹਾਲ ਹੈ ਸਮਾਜ ਵਿਚ ਬੜੀਆਂ ਬੁਰਾਈਆਂ ਆ ਗਈਆਂ ਨੇ ਕੁਰਸੀ 'ਤੇ ਬੈਠ ਕੇ ਲੋਕਾਂ ਦੀ ਲੁੱਟ ਕਰ ਕੇ ਸਿਆਸੀ ਲੋਕ ਕਰੋੜਪਤੀ ਬਣ ਗਏ ਹਨ। ਦਲ ਬਦਲੀਆਂ ਇਸੇ ਕੁਰਸੀ ਤੇ ਮਾਇਆ ਦੀ ਭੁੱਖ ਕਾਰਨ ਹੋ ਰਹੀਆਂ ਹਨ। ਸਿਆਸੀ ਲੀਡਰ ਕੈਪਸੂਲਾਂ ਵਾਂਗ ਜੋ ਬਾਹਰੋਂ ਰੰਗ ਬਰੰਗੇ ਬੜੇ ਸੋਹਣੇ ਲੱਗਦੇ ਨੇ ਪਰ ਅੰਦਰੋਂ ਕੌੜੀ ਦਵਾਈ ਮੂੰਹ ਕੌੜਾ ਕਰ ਦਿੰਦੀ ਹੈ। ਮੈਂ 1964 ਵਿਚ ਮਾਸਟਰ ਦਾ ਕੋਰਸ ਕਰਕੇ ਮਾਸਟਰ ਲੱਗ ਗਿਆ ਮੇਰੇ ਉਸਤਾਦ ਸ. ਤੇਜਿੰਦਰ ਸਿੰਘ ਮੈਨੂੰ ਮਿਲੇ ਤੇ ਕਹਿੰਦੇ ਆ ਜਸਵੰਤ! 1964 ਵਿਚ ਬੰਦੇ ਅਸਲੀ ਹੁੰਦੇ ਸਨ ਹੁਣ ਤਾਂ ਸਾਰੇ ਬੰਦੇ ਨਕਲੀ ਬਣ ਗਏ ਜਾਪਦੇ ਨੇ। ਇਹੋ ਹਾਲ ਸਾਡੇ ਬੁੱਧੀਜੀਵੀ ਲੇਖਕਾਂ ਦਾ ਹੈ ਜੋ ਲਿਖਤਾਂ ਤੇ ਭਾਸ਼ਣਾਂ ਵਿਚ ਹੀਰੋ ਨੇ ਪਰ ਅਸਲ ਜੀਵਨ ਵਿਚ ਜ਼ੀਰੋ ਨੇ, ਮੈਂ ਇੱਕ ਅਜਿਹੇ ਲੇਖਕ ਨੂੰ ਜਾਣਦਾ ਹਾਂ ਜੋ ਸ਼ਾਦੀ ਕਰਨ ਤੋਂ ਬਾਅਦ ਰਨ ਮੁਰੀਦ ਬਣ ਗਿਆ ਜੋ ਆਪਣੇ ਮਾਂ-ਪਿਓ, ਭੈਣ-ਭਰਾ, ਰਿਸ਼ਤੇਦਾਰਾਂ, ਸ਼ਰੀਕੇ, ਬਰਾਦਰੀ ਤੇ ਦੋਸਤਾਂ ਮਿੱਤਰਾਂ ਨੂੰ ਭੁੱਲ ਗਿਆ, ਜਿਨ੍ਹਾਂ ਨੇ ਉਸ ਦਾ ਸੰਕਟ ਵਿਚ ਸਾਥ ਦਿੱਤਾ ਸੀ, ਪ੍ਰਸ਼ੰਸਾ ਦੀ ਭੁੱਖ ਨੇ ਉਸ ਨੂੰ ਉਪਰੋਕਤਾਂ ਪ੍ਰਤੀ ਫਰਜ਼ ਭੁਲਾ ਦਿੱਤੇ। ਉਸਨੇ ਮਤਲਬੀ, ਅਕ੍ਰਿਤਘਣ, ਸਿੰਬਲ ਰੁੱਖ ਤੇ ਹਰਨਾਕਸ਼ ਦੇ ਹੋਣ ਦਾ ਸਬੂਤ ਦਿੱਤਾ। ਮੇਰਾ ਬੜੇ ਲੇਖਕਾਂ ਨਾਲ ਵਾਹ ਪਿਆ। ਮੈਂ ਸੋਹਣ ਸਿੰਘ ਸੀਤਲ ਤੇ ਸ. ਨਾਨਕ ਸਿੰਘ ਨਾਵਲਿਸਟ ਜੀ ਨੂੰ ਬੜੀ ਵਾਰ ਮਿਲਿਆ ਜੋ ਕਹਿਣੀ ਤੇ ਕਰਨੀ ਵਿਚ ਇੱਕ ਸਨ। ਸੋ ਲੇਖਕ ਵੀ ਇੱਕ ਦੂਜੇ ਨਾਲ ਈਰਖਾ ਕਰਦੇ ਨੇ, ਲੇਖਕ ਵੀ ਬੰਦੇ ਨੇ ਇਨ੍ਹਾਂ ਵਿਚ ਵੀ 95% ਬਹਿਰੂਪੀਏ ਨੇ ਪ੍ਰਸ਼ੰਸਾ ਦੇ ਭੁੱਖੇ।

*-ਜਸਵੰਤ ਸਿੰਘ ਸੰਧੂ ਘਰਿੰਡਾ*
*ਯੂਨੀਅਨ ਸਿਟੀ ਕੈਲੀਫੋਰਨੀਆ*
*ਫ਼ੋਨ - 501-605-6494*

# ਇਤਿਹਾਸ ਅਤੇ ਸੰਸਕ੍ਰਿਤੀ ਵਿਚ ਹਨ ਬਲੋਚਿਸਤਾਨ ਦੀ ਆਜ਼ਾਦੀ ਦੀਆਂ ਜੜ੍ਹਾਂ

ਅਮਰ ਗਰਗ ਕਲਮਦਾਨ
ਫੋਨ: 98143-41746

ਪਾਕਿਸਤਾਨ ਦੇ ਚਾਰ ਸੂਬਿਆਂ-ਪੰਜਾਬ, ਸਿੰਧ, ਸਰਹੱਦੀ ਸੂਬਾ ਅਤੇ ਬਲੋਚਿਸਤਾਨ ਵਿਚੋਂ ਬਲੋਚਿਸਤਾਨ ਸਭ ਤੋਂ ਵੱਡਾ। ਇਹ ਪਾਕਿਸਤਾਨ ਦੀ ਕੁੱਲ ਭੂਮੀ ਦਾ 40%, ਜਦੋਂਕਿ ਇਸ ਦੀ ਜਨਸੰਖਿਆ ਪਾਕਿਸਤਾਨ ਦੀ ਜਨਸੰਖਿਆ ਦੀ ਮਾਤਰ 3.6%। 1947 ਤੋਂ ਪਹਿਲਾਂ ਬਲੋਚਿਸਤਾਨ ਖੁਦ ਚਾਰ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ 'ਚ ਕਲਾਤ, ਲਾਸਬੇਲਾ, ਖਾਰਨ ਅਤੇ ਮਕਰਾਨ ਸਨ। ਕਲਾਤ, ਲਾਸਬੇਲਾ ਅਤੇ ਖਾਰਨ ਉਪਰ ਕਲਾਤ ਦੇ ਖਾਨ ਰਾਜ ਕਰਦੇ ਸਨ।

17ਵੀਂ ਸਦੀ ਵਿਚ ਬਲੋਚਾਂ ਦੀ ਰਾਸ਼ਟਰੀ ਚੇਤਨਾ ਅਤੇ ਸੰਘਰਸ਼ ਕਲਾਤ ਦੇ ਖਾਨਾ ਦੇ ਇਰਦ-ਗਿਰਦ ਕੇਂਦਰਿਤ ਹੋ ਗਿਆ ਸੀ। 1666 'ਚ ਮੀਰ ਅਹਿਮਦ ਨੇ ਕਲਾਤ ਦੇ ਖਾਨ ਦੀ ਗੱਦੀ ਸਥਾਪਿਤ ਕੀਤੀ। 1758 'ਚ ਨਸੀਰ ਖਾਨ ਪਹਿਲਾਂ ਕਲਾਤ ਦੀ ਗੱਦੀ ਉਪਰ ਬੈਠਿਆ, ਇਸ ਕਾਲ ਨੂੰ ਬਲੋਚਿਸਤਾਨ ਦਾ ਸੁਨਹਿਰੀ ਕਾਲ ਮੰਨਿਆ ਜਾਂਦਾ ਹੈ। 1839 ਵਿਚ ਅੰਗਰੇਜ਼ੀ ਸੈਨਾ ਨੇ ਕਲਾਤ 'ਤੇ ਹਮਲਾ ਕਰ ਦਿੱਤਾ, ਜਿਸ ਵਿਚ ਖਾਨ ਅਤੇ ਉਸਦੇ ਬਹੁਤ ਸਾਰੇ ਸੈਨਿਕ ਮਾਰੇ ਗਏ। ਅੰਗਰੇਜ਼ਾਂ ਨੇ ਬਲੋਚਿਸਤਾਨ ਦੀ ਤਾਕਤ ਨੂੰ ਘੱਟ ਕਰਨ ਲਈ ਉਸਨੂੰ ਚਾਰ ਭਾਗਾਂ ਵਿਚ ਵੰਡ ਦਿੱਤਾ।

1931 ਵਿਚ ਬਲੋਚ ਮੱਧ ਵਰਗੀ ਜਮਾਤ ਨੇ ਅੰਗਰੇਜ਼ਾਂ ਤੋਂ ਆਜ਼ਾਦੀ ਹਾਸਿਲ ਕਰਨ ਲਈ ਕੌਮੀ ਸੰਘਰਸ਼ ਦਾ ਬਿਗਲ ਵਜਾ ਦਿੱਤਾ। ਉਨ੍ਹਾਂ ਅੰਜੁਮਨ-ਏ-ਇਤਿਹਾਦ-ਏ ਬਲੋਚਿਸਤਾਨ ਲਹਿਰ ਚਲਾਈ। ਉਹ ਆਜ਼ਮ ਖਾਨ ਨੂੰ ਕਲਾਤ ਦੇ ਖਾਨ ਦੀ ਗੱਦੀ ਦਿਵਾਉਣ 'ਚ ਕਾਮਯਾਬ ਰਹੇ ਅਤੇ ਉਸਦੇ ਅਧੀਨ ਇਕ ਸੰਵਿਧਾਨਕ ਸਰਕਾਰ ਕਾਇਮ ਕੀਤੀ। ਉਸ ਤੋਂ ਬਾਅਦ ਉਸਦੇ ਉਤਰਾਧਿਕਾਰੀ ਮੀਰ ਅਹਿਮਦ ਯਾਰ ਖਾਨ ਨੇ ਅੰਜੁਮਨ ਅਤੇ ਅੰਗਰੇਜ਼ ਦੋਹਾਂ ਨਾਲ ਰਿਸ਼ਤੇ ਕਾਇਮ ਕਰਨ ਦੀ ਨੀਤੀ ਅਪਣਾਈ। ਅੰਜੁਮਨ ਦਾ ਕਲਾਤ ਸਟੇਟ ਨੈਸ਼ਨਲ ਪਾਰਟੀ 'ਚ ਤਬਾਦਲਾ ਹੋ ਗਿਆ ਅਤੇ ਮੀਰ ਅਹਿਮਦ ਯਾਰ ਖਾਨ ਨੇ ਮੁਸਲਿਮ ਲੀਗ ਖੜ੍ਹੀ ਕਰ ਦਿੱਤੀ। ਮੁਹੰਮਦ ਅਲੀ ਜਿਨਾਹ ਨੂੰ ਕਲਾਤ ਸਟੇਟ ਦਾ ਲੀਗਲ ਐਡਵਾਈਜ਼ਰ ਨਿਯੁਕਤ ਕਰ ਲਿਆ।

ਪਹਿਲਾ ਸੰਘਰਸ਼: 4 ਅਗਸਤ 1947 ਨੂੰ ਯਾਰਖਾਨ ਅਤੇ ਮੁਹੰਮਦ ਅਲੀ ਜਿਨਾਹ ਵਿਚਕਾਰ ਸਮਝੌਤਾ ਹੋਇਆ ਕਿ ਕਲਾਤ, 5 ਅਗਸਤ 1947 ਨੂੰ ਆਜ਼ਾਦ ਹੋ ਜਾਵੇਗਾ ਤੇ ਉਸਦਾ 1838 ਵਾਲਾ ਰੁਤਬਾ ਬਹਾਲ ਕਰ ਦਿੱਤਾ ਜਾਵੇਗਾ।

ਪਾਕਿਸਤਾਨ ਦੇ ਰਾਸ਼ਟਪਤਰੀ ਜਿਨਾਹ ਨੇ ਕਲਾਤ ਨੂੰ ਪਾਕਿਸਤਾਨ ਵਿਚ ਸ਼ਾਮਿਲ ਹੋਣ ਲਈ ਦਬਾਅ ਬਣਾਇਆ, ਪਰ ਕਲਾਤ ਦਾ ਖਾਨ ਅਹਿਮਦ ਯਾਰ ਖਾਨ ਨਹੀਂ ਝੁਕਿਆ। 27 ਮਾਰਚ 1948 ਨੂੰ ਪਾਕਿਸਤਾਨ ਨੇ ਕਲਾਤ 'ਤੇ ਹਮਲਾ ਕਰ ਦਿੱਤਾ। ਫ਼ੌਜ ਕਿਸੇ ਰਾਜੇ ਨੂੰ ਕੈਦੀ ਬਣਾ ਕੇ ਜੇਕਰ ਕੁਝ ਲਖਵਾ ਲੈਂਦੀ ਹੈ ਤਾਂ ਉਸਨੂੰ ਸਹੀ ਡਾਕੂਮੈਂਟ ਨਹੀਂ ਮੰਨਿਆ ਜਾ ਸਕਦਾ, ਇਹੋ ਗੱਲ ਕਲਾਤ ਨਾਲ ਵਾਪਰੀ। ਅਹਿਮਦ ਯਾਰ ਖਾਨ ਦੇ ਭਾਈ ਆਗਾ ਅਬਦੁਲ ਕਰੀਮ ਬਲੋਚ, ਅਤੇ ਮੁਹੰਮਦ ਰਹੀਮ ਹਥਿਆਰ ਸੁੱਟਣ ਤੋਂ ਮੁਨਕਰ ਹੋ ਗਏ ਅਤੇ 1950 ਤੱਕ ਪਾਕਿ ਫ਼ੌਜ ਦੇ ਖ਼ਿਲਾਫ਼ ਲੜਦੇ ਰਹੇ।

ਦੂਜਾ ਸੰਘਰਸ਼: 1958-59 ਵਿਚ ਨਵਾਬ ਨੁਰੋਜ਼ ਖਾਨ ਨੇ ਪਾਕਿਸਤਾਨੀ ਫ਼ੌਜ ਦੇ ਖ਼ਿਲਾਫ਼ ਗੁਰੀਲਾ ਯੁੱਧ ਲੜਿਆ। ਪਾਕਿਸਤਾਨੀ ਫ਼ੌਜ ਨੇ ਨਵਾਬ ਨੁਰੋਜ਼ ਖਾਨ ਅਤੇ ਉਸਦੇ ਸਬੰਧੀਆਂ ਨੂੰ ਧੋਖੇ ਨਾਲ ਫੜ ਲਿਆ। ਉਸ ਦੇ ਪੰਜ ਸਬੰਧੀਆਂ ਨੂੰ ਫਾਂਸੀ ਦੇ ਦਿੱਤੀ ਅਤੇ ਖੁ਼ਦ ਨਵਾਬ ਨੁਰੋਜ਼ ਖਾਨ ਜੇਲ੍ਹ ਵਿਚ ਮਰ ਗਏ।

ਤੀਜਾ ਸੰਘਰਸ਼: 1960 ਵਿਚ ਬਲੋਚ ਆਜ਼ਾਦੀ ਲਹਿਰ ਨੂੰ ਬਲ ਮਿਲਿਆ, ਕਿਉਂਕਿ ਪਾਕਿਸਤਾਨ ਦੀ ਸਰਕਾਰ ਨੇ 1956 ਵਿਚ ਬਣੇ ਨਵੇਂ ਸੰਵਿਧਾਨ ਤਹਿਤ ਖੇਤਰੀ ਤਾਕਤਾਂ ਨੂੰ ਖ਼ਤਮ ਕਰ ਕੇ ਇਕਾਈ ਤਾਕਤ ਨੀਤੀ ਅਪਣਾ ਲਈ ਸੀ। ਪਾਕਿ ਫ਼ੌਜ ਨੇ ਬਲੋਚਿਸਤਾਨ ਵਿਚ ਆਪਣੇ ਕਈ ਠਿਕਾਣੇ ਕਾਇਮ ਕਰ ਲਏ ਸਨ। ਸ਼ੇਰ ਮੁਹੰਮਦ ਬਿਜਰਾਨੀ ਮਾਰੀ ਅਤੇ ਉਸਦੇ ਸਾਥੀਆਂ ਨੇ 1963-1969 ਵਿਚਕਾਰ ਪਾਕਿਸਤਾਨੀ ਫ਼ੌਜ ਖ਼ਿਲਾਫ ਛਾਪਾਮਾਰ ਯੁੱਧ ਲੜਿਆ, ਜੋ ਸਾਰੇ ਬਲੋਚਿਸਤਾਨ ਵਿਚ ਫੈਲ ਗਿਆ। 1970 ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਯਾਹੀਆ ਖਾਨ ਨੇ ਇਕਾਈ ਤਾਕਤ ਪ੍ਰਣਾਲੀ ਨੀਤੀ ਨੂੰ ਤਿਆਗ ਦਿੱਤਾ। ਬਲੋਚ ਛਾਪਾਮਾਰ ਯੁੱਧਬੰਦੀ ਲਈ ਸਹਿਮਤ ਹੋ ਗਏ। ਬਲੋਚਿਸਤਾਨ ਨੂੰ ਪਾਕਿਸਤਾਨ ਦਾ ਚੌਥਾ ਸੂਬਾ ਮੰਨ ਲਿਆ ਗਿਆ, ਜਿਸ ਵਿਚ ਚਾਰੋਂ ਬਲੋਚ ਰਿਆਸਤਾਂ, ਹਾਈ ਕਮਿਸ਼ਨਰ ਰਾਜ ਅਤੇ ਗਵਾਦਰ ਦਾ 800 ਵਰਗ ਕਿ.ਮੀ. ਤੱਟ ਦਾ ਖੇਤਰ ਜੋ ਉਮਾਨ ਤੋਂ ਖਰੀਦਿਆ ਗਿਆ ਸੀ, ਸ਼ਾਮਲ ਸਨ।

ਚੌਥਾ ਸੰਘਰਸ਼:1973 ਵਿਚ ਪ੍ਰਧਾਨ ਮੰਤਰੀ ਭੁੱਟੋ ਨੇ ਬਲੋਚਿਸਤਾਨ ਅਤੇ ਉੱਤਰ-ਪੱਛਮੀ ਸਰਹੱਦੀ ਰਾਜ ਦੀਆਂ ਖੇਤਰੀ ਸਰਕਾਰਾਂ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਮਾਰਸ਼ਲ ਲਾਅ ਲਗਾ ਦਿੱਤਾ। ਜਿਸ ਨਾਲ ਬਲੋਚਿਸਤਾਨ ਵਿਚ ਵਿਦਰੋਹ ਭੜਕ ਉਠਿਆ। ਖੈਰ ਬਖਸ਼ ਮਾਰੀ ਨੇ ਬਲੋਚਿਸਤਾਨ ਪੀਪਲਜ਼ ਲਿਬਰੇਸ਼ਨ ਫਰੰਟ (ਬੀ.ਪੀ.ਐਲ.ਐਫ) ਬਣਾਇਆ, ਜਿਸ ਕਾਰਨ ਬਹੁਤ ਸਾਰੇ ਮਾਰੀ ਅਤੇ ਮੈਂਗਲ ਕਬੀਲੇ ਦੇ ਛਾਪਾਮਾਰ ਯੁੱਧ 'ਚ ਕੁੱਦ ਪਏ। 400 ਦੇ ਲਗਭਗ ਪਾਕਿਸਤਾਨੀ ਫ਼ੌਜੀ ਮਾਰੇ ਗਏ ਅਤੇ 8000 ਦੇ ਲਗਭਗ ਛਾਪਾਮਾਰ ਅਤੇ ਆਮ ਨਾਗਰਿਕ ਮਾਰੇ ਗਏ।

ਪੰਜਵਾਂ ਸੰਘਰਸ਼: ਬਲੋਚਿਸਤਾਨ ਦੀ ਪੂਰਨ ਆਜ਼ਾਦੀ ਲਈ ਇਹ ਸੰਘਰਸ਼ 2004 ਤੋਂ ਸ਼ੁਰੂ ਹੋ ਕੇ ਅੱਜ ਤੱਕ ਚੱਲ ਰਿਹਾ ਹੈ। ਅਗਸਤ 2006 ਵਿਚ ਬਲੋਚ ਨੇਤਾ ਨਵਾਬ ਅਕਬਰ ਖਾਨ ਬੁਗਤੀ ਜੋ ਕਿ 79 ਸਾਲ ਦੇ ਸਨ, ਪਾਕਿਸਤਾਨੀ ਫ਼ੌਜ ਨਾਲ ਲੜਦੇ ਹੋਏ ਮਾਰੇ ਗਏ। ਅਪ੍ਰੈਲ 2009 ਵਿਚ ਬਲੋਚ ਨੈਸ਼ਨਲ ਮੂਵਮੈਂਟ ਦੇ ਪ੍ਰਧਾਨ ਗੁਲਾਮ ਮੁਹੰਮਦ ਬਲੋਚ ਅਤੇ ਉਸਦੇ ਦੋ ਹੋਰ ਨੇਤਾ ਲਾਲਾ ਮੁਨੀਰ ਅਤੇ ਸ਼ੇਰ ਮੁਹੰਮਦ ਪਾਕਿਸਤਾਨੀ ਫ਼ੌਜ ਦੀ ਸ਼ਹਿ ਪ੍ਰਾਪਤ ਪਰਸ਼ੀਅਨ ਅੱਤਵਾਦੀਆਂ ਨੇ ਮਾਰ ਦਿੱਤੇ।

12 ਅਗਸਤ 2009 'ਚ ਕਲਾਤ ਦੇ ਖਾਨ ਮੀਰ ਸੁਲੇਮਾਨ ਦਾਊਦ ਨੂੰ ਬਲੋਚਿਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਆਜ਼ਾਦ ਬਲੋਚਿਸਤਾਨ ਕੌਂਸਲ ਬਣਾ ਲਈ। ਕੌਂਸਲ ਨੇ ਇਰਾਨ ਵਿਚ ਹਾਜ਼ਰ ਬਲੋਚ ਇਲਾਕੇ ਸਿਸਤਾਨ ਅਤੇ ਇਰਾਨੀ ਬਲੋਚਿਸਤਾਨ, ਪਾਕਿਸਤਾਨੀ ਬਲੋਚਿਸਤਾਨ ਉਪਰ ਆਪਣਾ ਅਧਿਕਾਰ ਦਿਖਾਇਆ ਸੀ। ਉਸਨੇ ਅਫ਼ਗਾਨਿਸਤਾਨ 'ਚ ਹਾਜ਼ਰ ਬਲੋਚ ਇਲਾਕੇ ਨੂੰ ਨਹੀਂ ਦਿਖਾਇਆ ਸੀ। ਕੌਂਸਲ ਨੇ ਦਾਅਵਾ ਕੀਤਾ ਕਿ ਉਸ ਨਾਲ ਬਲੋਚਿਸਤਾਨ ਦੀ ਆਜ਼ਾਦੀ ਲਈ ਲੜ ਰਹੇ ਸਾਰੇ ਦਲਾਂ ਅਤੇ ਨਵਾਬਜ਼ਾਦਾ ਬ੍ਰਹਮਦਾਗ ਬੁਗਤੀ ਦੀ ਸਹਿਮਤੀ ਸੀ।




ਮੌਜੂਦਾ ਬਲੋਚ ਸੰਘਰਸ਼ ਨੇ ਪਾਕਿਸਤਾਨੀ ਹਕੂਮਤ ਸਾਹਮਣੇ ਵੱਡੀ ਚੁਣੌਤੀ ਪੇਸ਼ ਕਰ ਦਿੱਤੀ ਹੈ। ਪਹਿਲਾਂ ਹੋਏ ਸੰਘਰਸ਼ਾਂ ਨਾਲੋਂ ਭਿੰਨ ਇਹ ਸੰਘਰਸ਼ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਲਗਭਗ ਸਾਰੇ ਬਲੋਚਿਸਤਾਨ ਵਿਚ ਫੈਲ ਗਿਆ ਹੈ। ਇਸ ਸੰਘਰਸ਼ 'ਚ ਔਰਤਾਂ ਅਤੇ ਮਰਦ ਇਕੱਠੇ ਭਾਗ ਲੈ ਰਹੇ ਹਨ। ਇਸ ਆਜ਼ਾਦੀ ਸੰਘਰਸ਼ ਵਿਚ ਖਾੜਕੂ ਸੰਗਠਨਾਂ ਨਾਲੋਂ ਆਮ ਬਲੋਚੀ ਜਨਤਾ ਅਤੇ ਉਥੋਂ ਦੀਆਂ ਲੋਕਤਾਂਤ੍ਰਿਕ ਪਾਰਟੀਆਂ ਅਤੇ ਸੰਗਠਨ ਮੋਹਰੀ ਹਨ। ਇਸ ਸੰਘਰਸ਼ ਨੇ ਅੰਤਰਰਾਸ਼ਟਰੀ ਬਰਾਦਰੀ ਦਾ ਧਿਆਨ ਵੀ ਖਿੱਚਿਆ ਹੈ। 2012 ਵਿਚ ਅਮਰੀਕਾ ਦੀ ਕਾਂਗਰਸ ਵਿਚ ਬਲੋਚਿਸਤਾਨ ਦੇ ਆਜ਼ਾਦੀ ਸੰਘਰਸ਼ ਬਾਰੇ ਸੁਣਵਾਈ ਹੋ ਚੁੱਕੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 15 ਅਗਸਤ 2016 ਨੂੰ ਭਾਰਤ ਦੇ ਮੁੱਖ ਆਜ਼ਾਦੀ ਸਮਾਗਮ ਮੌਕੇ ਲਾਲ ਕਿਲੇ ਦੇ ਮੰਚ ਤੋਂ ਬਲੋਚਿਸਤਾਨ ਦੇ ਲੋਕਾਂ ਦੀ ਆਜ਼ਾਦੀ ਸੰਘਰਸ਼ ਦਾ ਖੁੱਲ੍ਹਾ ਸਮਰਥਨ ਕਰਨਾ ਐਨੀ ਵੱਡੀ ਘਟਨਾ ਹੈ ਜਿਸ ਨੂੰ ਆਜ਼ਾਦ ਬਲੋਚਿਸਤਾਨ ਦੀ ਸਰਕਾਰ ਨੂੰ ਮਾਨਤਾ ਦੇਣ ਦੇ ਬਰਾਬਰ ਸਮਝਿਆ ਜਾ ਸਕਦਾ ਹੈ। ਉਸ ਤੋਂ ਬਾਅਦ ਬੰਗਲਾ ਦੇਸ਼, ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਹਾਮਿਦ ਕਰਜ਼ਈ ਅਤੇ ਰੂਸ ਵੱਲੋਂ ਬਲੋਚਿਸਤਾਨ ਦੇ ਆਜ਼ਾਦੀ ਸੰਘਰਸ਼ ਦਾ ਸਮਰਥਨ ਕੀਤਾ ਜਾ ਚੁੱਕਾ ਹੈ। ਬਲੋਚਿਸਤਾਨ ਵਿਚ ਆਜ਼ਾਦੀ ਸੰਘਰਸ਼ ਦੇ ਠੋਸ ਕਾਰਨ ਹਨ: ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ, ਬਲੋਚਿਸਤਾਨ ਦੀ ਆਪਣੀ ਵੱਖਰੀ ਪਛਾਣ, ਸੰਸਕ੍ਰਿਤੀ ਅਤੇ ਭਾਸ਼ਾ ਹੈ। ਬਲੋਚਿਸਤਾਨ ਦੀ ਜਨਤਾ ਨੇ ਪਾਕਿਸਤਾਨ ਵੱਲੋਂ ਠੋਸੀ ਗਈ ਇਸਲਾਮਿਕ ਸੰਸਕ੍ਰਿਤੀ ਨੂੰ ਨਕਾਰ ਦਿੱਤਾ ਹੈ। ਉਨ੍ਹਾਂ ਨੇ ਧਰਮ ਤੇ ਸੰਸਕ੍ਰਿਤੀ ਨੂੰ ਰਲਗੱਡ ਨਹੀਂ ਕੀਤਾ। ਬਲੋਚੀ ਲੋਕ ਗੁਲਾਮੀ ਵਿਚ ਰਹਿਣਾ ਪਸੰਦ ਨਹੀਂ ਕਰਦੇ।

ਬਲੋਚਿਸਤਾਨ ਅਤੇ ਪਾਕਿਸਤਾਨ ਵਿਚ ਬਹੁਤ ਵੱਡੀ ਆਰਥਿਕ ਅਸਮਾਨਤਾ ਹੈ। ਬਲੋਚਿਸਤਾਨ ਦਾ ਪਾਕਿਸਤਾਨ ਦੀ ਜੀ.ਡੀ.ਪੀ 'ਚ ਕੇਵਲ 3.7% ਹਿਸਾ ਹੈ। ਬਲੋਚਿਸਤਾਨ 'ਚ ਸ਼ਿਸ਼ੂ ਅਤੇ ਜੱਚਾ ਮੌਤਦਰ ਪਾਕਿਸਤਾਨ 'ਚ ਸਭ ਤੋਂ ਜ਼ਿਆਦਾ ਹੈ। ਉਥੇ ਗਰੀਬੀ ਦਰ ਵੀ ਸਭ ਤੋਂ ਉਚੀ ਹੈ ਅਤੇ ਸਾਖਰਤਾ ਦਰ ਸਭ ਤੋਂ ਨੀਵੀਂ।

ਬਲੋਚਿਸਤਾਨ ਦੀ ਧਰਤੀ 'ਚ ਕੁਦਰਤੀ ਬਹੁਮੁੱਲੀਆਂ ਧਾਤਾਂ, ਯੂਰੇਨੀਅਮ, ਸੋਨਾ, ਤਾਂਬਾ; ਪੈਟ੍ਰੋਲੀਅਮ, ਕੋਲਾ ਅਤੇ ਗੈਸ ਦੇ ਵਿਸ਼ਾਲ ਭੰਡਾਰ ਹਨ। ਪਾਕਿਸਤਾਨ ਵੱਡੇ ਪੱਧਰ 'ਤੇ ਬਲੋਚਿਸਤਾਨ ਦੇ ਕੁਦਰਤੀ ਖਜ਼ਾਨਿਆਂ ਨੂੰ ਲੁੱਟ ਰਿਹਾ ਹੈ। ਪਾਕਿਸਤਾਨ ਨੇ ਇਨ੍ਹਾਂ ਕੁਦਰਤੀ ਖਜ਼ਾਨਿਆਂ ਦੇ ਨਿਸ਼ਕਰਸ਼ਨ ਲਈ ਚੀਨ ਦੀਆਂ ਕੰਪਨੀਆਂ ਨੂੰ ਠੇਕੇ ਦੇ ਦਿੱਤੇ ਹਨ। ਬਲੋਚਿਸਤਾਨ ਨੂੰ ਬਹੁਤ ਹੀ ਘੱਟ ਰਾਇਲਟੀ ਮਿਲਦੀ ਹੈ, ਜੋ ਮਿਲਦੀ ਵੀ ਹੈ, ਉਹ ਉਥੋਂ ਦੇ ਗਿਣੇ-ਚੁਣੇ ਸਰਦਾਰਾਂ ਕੋਲ ਚਲੀ ਜਾਂਦੀ ਹੈ। ਬਲੋਚਿਸਤਾਨ ਦੇ ਆਮ ਨਾਗਰਿਕ ਗ਼ਰੀਬੀ ਅਤੇ ਗੁਰਬਤ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।

ਪਾਕਿਸਤਾਨ ਨੇ ਗਵਾਦਰ ਸਮੁੰਦਰੀ ਬੰਦਰਗਾਹ ਚੀਨ ਨੂੰ ਸੌਂਪ ਦਿੱਤਾ ਹੈ। ਉਥੇ ਚੀਨ ਇੱਕ ਵਿਸ਼ਾਲ ਸਮੁੰਦਰੀ ਬੰਦਰਗਾਹ ਵਿਕਸਤ ਕਰ ਰਿਹਾ ਹੈ। ਸਮੁੰਦਰੀ ਬੰਦਰਗਾਹ ਤੱਕ ਜਾਣ ਲਈ ਚੀਨ ਆਪਣੇ ਦੇਸ਼ ਦੀ ਧਰਤੀ ਤੋਂ ਲੈ ਕੇ ਗਵਾਦਰ ਅੱਡੇ ਤੱਕ ਲੰਬੀਆਂ ਚੌੜੀਆਂ ਸੜਕਾਂ ਬਣਾ ਰਿਹਾ ਹੈ। ਇਹ ਸੜਕਾਂ ਸਾਰੇ ਬਲੋਚਿਸਤਾਨ ਨੂੰ ਚੀਰ ਕੇ ਗਵਾਦਰ ਤੱਕ ਜਾਣਗੀਆਂ। ਇਸ ਨਾਲ ਬਲੋਚਿਸਤਾਨ ਦੇ ਲੋਕ ਬਿਲਕੁਲ ਲੁੱਟੇ ਹੋਏ ਮਹਿਸੂਸ ਕਰ ਰਹੇ ਹਨ। ਇਨ੍ਹਾਂ ਸੜਕਾਂ ਰਾਹੀਂ ਬਲੋਚਿਸਤਾਨ ਦੀਆਂ ਬਹੁ-ਮੁੱਲੀਆਂ ਧਾਤਾਂ ਚੀਨ ਵੱਲ ਜਾਣਗੀਆਂ।

1998 'ਚ ਪਾਕਿਸਤਾਨ ਨੇ ਬਲੋਚਿਸਤਾਨ ਦੇ ਚਗਾਈ ਮਾਰੂਥਲ ਇਲਾਕੇ 'ਚ ਪ੍ਰਮਾਣੂ ਧਮਾਕਾ ਕੀਤਾ ਸੀ। ਬਲੋਚਿਸਤਾਨ ਦੇ ਲੋਕ ਇਸ ਨੂੰ ਆਪਣੀ ਧਰਤੀ ਉਪਰ ਪ੍ਰਮਾਣੂ ਹਮਲਾ ਕਰਾਰ ਦਿੰਦੇ ਹਨ। ਉਸ ਇਲਾਕੇ ਵਿਚ ਅੱਜ ਵੀ ਅਪੰਗ ਬੱਚੇ ਅਤੇ ਪਸ਼ੂ ਪੈਦਾ ਹੁੰਦੇ ਹਨ। ਇਹ ਇਲਾਕਾ ਕੈਂਸਰ ਨਾਲ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੈ।

ਬਲੋਚਿਸਤਾਨ ਦੇ ਆਪਣੇ ਤਿੰਨ ਲੱਖ ਲੋਕ ਸ਼ਰਨਾਰਥੀ ਬਣ ਚੁੱਕੇ ਹਨ ਅਤੇ ਦੂਸਰੇ ਰਾਜਾਂ ਤੋਂ ਧੜਾ ਧੜ ਤਜਰਬੇਕਾਰ ਅਤੇ ਗੈਰ-ਤਜਰਬੇਕਾਰ ਮਜ਼ਦੂਰ ਆ ਰਹੇ ਹਨ। ਇਸ ਨਾਲ ਬਲੋਚੀ ਸੰਸਕ੍ਰਿਤੀ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ ਹੈ।

ਪਾਕਿਸਤਾਨ ਦੀ ਫ਼ੌਜ 'ਚ ਪੰਜਾਬੀਆਂ ਦਾ ਬੋਲਬਾਲਾ ਹੈ। ਫ਼ੌਜ 'ਚ ਬਲੋਚੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਉਨ੍ਹਾ ਨੂੰ ਆਦਰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ। ਪਾਕਿ ਫ਼ੌਜ, ਬਲੋਚਿਸਤਾਨ 'ਚ ਵੱਡੇ ਪੱਧਰ 'ਤੇ ਜ਼ੁਲਮ ਕਰ ਰਹੀ ਹੈ। ਹਜ਼ਾਰਾਂ ਆਮ ਬਲੋਚੀਆਂ ਨੂੰ ਮਾਰ ਦਿੱਤਾ ਗਿਆ ਹੈ ਅਤੇ ਹਜ਼ਾਰਾਂ ਬਲੋਚੀ ਗਾਇਬ ਹਨ। ਫ਼ੌਜ ਵੱਲੋਂ ਬਲੋਚੀਆਂ ਦੇ ਘਰਾਂ ਨੂੰ ਅੱਗ ਲਗਾਉਣਾ ਆਮ ਗੱਲ ਹੈ।

ਪਾਕਿਸਤਾਨ ਦੀ ਆਪਣੀ ਕੋਈ ਸਾਂਝੀ ਸੰਸਕ੍ਰਿਤੀ ਨਹੀਂ ਹੈ। ਇਸ ਧਰਤੀ ਉਪਰ ਇਸਲਾਮ ਤਾਂ ਇੱਕ ਹਜ਼ਾਰ ਸਾਲ ਪਹਿਲਾਂ ਆਇਆ ਸੀ, ਜਦੋਂਕਿ ਕਿਸੇ ਇਲਾਕੇ ਦੀ ਸੰਸਕ੍ਰਿਤੀ ਕਈ ਹਜ਼ਾਰ ਸਾਲਾਂ ਵਿਚ ਲੋਕਾਂ ਦੇ ਕੁਦਰਤ ਪ੍ਰਤੀ ਵਿਸ਼ਵਾਸ, ਭੂਗੋਲਿਕ ਹਾਲਤਾਂ, ਰਹਿਣ-ਸਹਿਣ, ਖਾਣ-ਪੀਣ, ਭਾਸ਼ਾ ਅਤੇ ਕਲਾ ਦੇ ਸੁਮੇਲ ਨਾਲ ਹੋਂਦ ਵਿਚ ਆਈ ਹੁੰਦੀ ਹੈ। ਇਸਲਾਮ ਇੱਕ ਧਰਮ ਹੈ, ਸੰਸਕ੍ਰਿਤੀ ਨਹੀਂ। ਇਸ ਲਈ ਸਾਂਝੀ ਸੰਸਕ੍ਰਿਤੀ ਤੋਂ ਬਿਨਾਂ ਪਾਕਿਸਤਾਨ ਦੀਆਂ ਚਾਰ ਸੰਸਕ੍ਰਿਤਕ ਇਕਾਈਆਂ ਨੂੰ ਲੰਬੇ ਸਮੇਂ ਲਈ ਜੋੜ ਕੇ ਰੱਖਣਾ ਅਸੰਭਵ ਹੈ। 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਦਾ ਮੁੱਖ ਕਾਰਨ ਬੰਗਾਲੀ ਸੰਸਕ੍ਰਿਤੀ ਦੀ ਪਾਕਿਸਤਾਨ ਨਾਲ ਕੋਈ ਸਾਂਝ ਨਾ ਹੋਣਾ ਹੀ ਸੀ।

ਕੁਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਰਾਨ ਦੇ ਬਲੋਚਿਸਤਾਨ 'ਚ ਚਾਹ ਬਹਾਰ ਸਮੁੰਦਰੀ ਬੰਦਰਗਾਹ ਨੂੰ ਵਿਕਸਤ ਕਰਨ ਲਈ ਉਦਘਾਟਨ ਕੀਤਾ ਸੀ। ਇਹ ਘਟਨਾ ਇਰਾਨ ਨੂੰ ਇੱਕ ਸੰਕੇਤ ਸੀ ਕਿ ਭਾਰਤ ਇਰਾਨੀ ਬਲੋਚਿਸਤਾਨ ਅਤੇ ਸਿਸਤਾਨ ਸੂਬਿਆਂ ਨੂੰ ਇਰਾਨ ਦੇ ਹੀ ਅਟੁੱਟ ਅੰਗ ਸਮਝਦਾ ਹੈ। ਬਲੋਚਿਸਤਾਨ ਦੀ ਆਜ਼ਾਦੀ ਨਾਲ ਇਰਾਨ ਅਤੇ ਅਫ਼ਗਾਨਿਸਤਾਨ ਦਾ ਕੋਈ ਨੁਕਸਾਨ ਨਹੀਂ ਹੋਣਾ।

ਬਲੋਚਿਸਤਾਨ ਵਿਚ ਹਿੰਗਲਾਜ਼ ਮਾਤਾ ਦਾ ਪ੍ਰਾਚੀਨ ਮੰਦਰ ਹੈ। ਬਲੋਚਿਸਤਾਨ ਵਿਚ ਹਿੰਦੂਆਂ ਅਤੇ ਕਸ਼ੱਤਰੀਆਂ ਵੱਲੋਂ ਹਿੰਗਲਾਜ਼ ਮਾਤਾ ਨੂੰ ਕੁਲਦੇਵੀ ਮੰਨਿਆ ਜਾਂਦਾ ਹੈ। ਹਿੰਗਲਾਜ਼ 51 ਸ਼ਕਤੀ ਪੀਠਾਂ ਵਿਚੋਂ ਇੱਕ ਹੈ। ਕਿਹਾ ਜਾਂਦਾ ਹੈ ਇੱਥੇ ਮਾਤਾ ਸਤੀ ਦੇ ਸਿਰ ਦਾ ਸੰਸਕਾਰ ਕੀਤਾ ਗਿਆ ਸੀ। ਵੈਦਿਕ ਗ੍ਰੰਥ ਵਿਚ ਹਿੰਗਲਾਜ਼ ਮਾਤਾ ਦਾ ਜ਼ਿਕਰ ਮਿਲਦਾ ਹੈ।

ਓਮ ਹਿਗੁੰਲਾਈ ਪਰਮ ਹਿੰਗੁਲਾਈ ਅੰਮ੍ਰਿਤ ਰੁਪਾਨੀ ਤਨੁ ਸ਼ਕਤੀ,

ਨਮਾਹਾ ਸ਼ਿਵੇ ਸ਼੍ਰੀ ਹਿੰਗੁਲਾਈ ਨਮਹਾ ਸਵਾਹਾ।

ਬਲੋਚਿਸਤਾਨ 'ਚ ਹਿੰਗਲਾਜ਼ ਮਾਤਾ ਨੂੰ ਸਮਰਪਿਤ ਸਭ ਤੋਂ ਵੱਡੀ ਨਦੀ ਹਿੰਗੋਲ ਹੈ ਅਤੇ ਹਿੰਗੋਲ ਨੈਸ਼ਨਲ ਪਾਰਕ ਜਿਹੜਾ 6200 ਵਰਗ ਕਿ. ਮੀ. ਇਲਾਕੇ 'ਚ ਫੈਲਿਆ ਹੋਇਆ ਹੈ, ਸਥਿਤ ਹੈ।

## ਯਾਦ ਰੱਖਣ ਯੋਗ ਗੱਲਾਂ



ਹਰਦੀਪ ਸਿੰਘ ਸੋਢੀ
ਫੋਨ: 480-794-0325

* ਇਸਲਾਮ ਵਿਚ ਕਹਿੰਦੇ ਹਨ ਕਿ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਉਸਦਾ ਪਸੀਨਾ ਸੁੱਕਣ ਤੋਂ ਪਹਿਲਾਂ ਦੇ ਦਿਓ ਤਾਂ ਉਹ ਰਿਜਕ ਹਲਾਲ ਹੋਵੇਗਾ।

* ਤੁਸੀਂ ਸਭ ਨੂੰ ਸੁਖੀ ਨਹੀਂ ਕਰ ਸਕਦੇ ਠੀਕ ਹੈ ਪਰ ਤੁਹਾਡੇ ਤੋਂ ਕੋਈ ਦੁਖੀ ਨਾ ਹੋਵੇ ਇਹ ਤਾਂ ਕਰ ਹੀ ਸਕਦੇ ਹੋ।

* ਸਿਆਣੇ ਕਹਿੰਦੇ ਹਨ ਉਹੀ ਫਸਲ ਬੀਜੋ ਜਿਸ ਨੂੰ ਵੱਢਣ ਵੇਲੇ ਤਕਲੀਫ ਨਾ ਹੋਵੇ।

* ਸੁਖੀ ਰਹਿਣਾ ਚਾਹੁੰਦੇ ਹੋ ਤਾਂ ਆਪਣੀ ਔਲਾਦ ਨੂੰ ਜੇ ਉਹ ਪਾਣੀ ਮੰਗੇ ਤਾਂ ਪਾਣੀ ਹੀ ਦਿਓ ਪਾਣੀ ਮੰਗਣ 'ਤੇ ਦੁੱਧ ਦੇਣ ਵਾਲੇ ਅਕਸਰ ਦੁਖੀ ਵੇਖੋਗੇ।

* ਉਸਾਰੂ ਸੋਚਣ ਵਾਲੇ ਨੂੰ ਕੋਈ ਜ਼ਹਿਰ ਨਹੀਂ ਮਾਰ ਸਕਦਾ ਅਤੇ ਨਕਾਰਾਤਮਕ ਸੋਚ ਵਾਲੇ ਨੂੰ ਬਚਾਉਣ ਵਾਸਤੇ ਕੋਈ ਦਵਾਈ ਕੰਮ ਨਹੀਂ ਕਰਦੀ।

* ਜਿਹੜਾ ਦਾਗ਼ ਕਿਸੇ ਸਾਬਣ ਸਰਫ ਨਾਲ ਨਾ ਹਟੇ ਉਹ ਪੈਸੇ ਨਾਲ ਹਟ ਜਾਂਦਾ ਹੈ।

* ਜੋ ਦੋਸਤ ਤੁਹਾਡੇ ਨਾਲ ਯਾਰੀ ਟੁੱਟ ਜਾਣ ਉਪਰੰਤ ਆਪਣੇ ਕੰਮ ਨਾਲ ਵਾਸਤਾ ਰੱਖਦਾ ਹੈ ਚੰਗਾ ਇਨਸਾਨ ਹੁੰਦਾ ਹੈ,ਉਸ ਤੋਂ ਘਟੀਆ ਕੌਣ ਹੋਵੇਗਾ ਜੋ ਤੁਹਾਡੇ ਨਾਲ ਯਾਰੀ ਟੁੱਟਣ ਉਪਰੰਤ ਤੁਹਾਡੇ ਦੁਸ਼ਮਣ ਨਾਲ ਜਾ ਖੜ੍ਹਾ ਹੋਵੇ।

## ਔਰਤ ਨੂੰ ਚਾਹੀਦੈ ਧਰਤੀ, ਆਸਮਾਨ ਤੇ ਬੇ-ਭੈਅ ਸਮਾਜ

ਸੁਣਿਆ ਅੱਜ ਔਰਤ ਦਿਵਸ ਐ।

ਇਹ ਕੀ ਹੁੰਦਾ ਐ ਭਲਾ?

ਔਰਤ ਦਾ ਸਤਿਕਾਰ ਕਰੋ, ਔਰਤ ਪੂਜਣਯੋਗ ਐ, ਔਰਤ ਨੂੰ ਹਮੇਸ਼ਾ ਪਹਿਲ ਦਿਓ etc, etc..

ਅੱਛਾ ਕਿਉਂ?

ਔਰਤ ਜੱਗ ਜਨਣੀ ਹੈ, ਇੰਨੀ ਪੀੜਾ ਸਹਿ ਕੇ ਹੋਰ ਜ਼ਿੰਦਗੀ ਨੂੰ ਜਨਮ ਦਿੰਦੀ ਹੈ...।

ਇਹ ਸਿਰਫ ਔਰਤ ਈ ਨਹੀਂ ਹਰ ਤਰ੍ਹਾਂ ਦੀ ਮਾਦਾ ਕਰਦੀ ਹੈ ਫਿਰ ਓਹ ਗਾਂ, ਮੱਝ, ਕੁੱਤੀ, ਬਿੱਲੀ ਇਟਚ ਕਿਉਂ ਨਾ ਹੋਵੇ।

ਕੀ ਤੁਸੀਂ ਉਨ੍ਹਾਂ ਦੇ ਵੀ ਦਿਨ ਨਿਰਧਾਰਿਤ ਕੀਤੇ ਨੇ? ਕੀ ਉਨ੍ਹਾਂ ਨੂੰ ਪੀੜ ਘੱਟ ਹੁੰਦੀ ਆ?

ਇਹ ਮਾਦਾ 'ਚ ਇੱਕ ਕੁਦਰਤੀ ਵਰਤਾਰਾ ਹੈ ਇਹਦੇ 'ਚ ਕੁਝ ਖਾਸ ਨੀ ਜਾਂ ਫੇਰ ਮੈਨੂੰ ਨੀ ਦਿਸਦਾ।

ਔਰਤ ਲਈ ਇਹ ਪੀੜ ਅਸਹਿ ਨਹੀਂ ਹੈ ਓਹ ਸਹਿ ਸਕਦੀ ਆ, ਜੇ ਮਰਦ ਦਾ ਸਰੀਰ ਬੱਚੇ ਪੈਦਾ ਕਰ ਸਕਦਾ ਓਹਨੇ ਵੀ ਕਰਨੇ ਈ ਸੀ।

ਮੈਂ ਤੁਹਾਡੀ ਖੇਖਣਬਾਜ਼ੀ ਨੂੰ ਧੁਰੋਂ ਨਕਾਰਦੀ ਹਾਂ, ਬੱਚੇ ਜੰਮਣ ਕਰਕੇ ਮੈਨੂੰ ਖਾਸ ਨਾ ਬਣਾਇਆ ਜਾਵੇ, ਸਗੋਂ ਬੱਚੇ ਦੇ ਜਨਮ ਵੇਲੇ ਦਰਦ 'ਚ ਮੈਨੂੰ ਅਸਮਾਨ ਚੀਰਵੀਆਂ ਚੀਕਾਂ ਮਾਰਨ ਦਾ ਹੱਕ ਦਿੱਤਾ ਜਾਵੇ, ਤਾਂ ਜੋ ਪੋਸਟ ਡਿਪਰੈਸ਼ਨ ਤੋਂ ਬਚਾਅ ਰਹੇ...।

ਹਾਂ ਸੱਚ ਲੇਡੀਜ਼ ਫਸਟ ਵਾਲੀ ਤਾਂ ਰਹਿ ਈ ਚੱਲੀ ਸੀ... ਨਹੀਂ ਚਾਹੀਦੀ ਮੈਨੂੰ ਲੇਡੀਜ਼ ਫਸਟ ਆਲੀ ਹਮਦਰਦੀ..ਮੈਂ ਆਪਣੀ ਵਾਰੀ ਦਾ ਇੰਤਜ਼ਾਰ ਕਰ ਸਕਦੀ ਹਾਂ... ਔਰਤ ਹਾਂ ਅਪਾਹਜ ਨਹੀਂ।

ਪੂਜਣਯੋਗ ਇਹਦੇ ਬਾਰੇ ਕੀ ਲਿਖਾਂ ਹੁਣ?

ਕਿਉਂ ਪੂਜਦੇ ਓ ਇੱਕ ਦਿਨ?

ਤਾਂ ਕਿ 364 ਦਿਨ ਮਨਆਈਆਂ ਕਰ ਸਕੋ?

ਬੇਸ਼ੱਕ ਤੁਸੀਂ ਇਹ ਸਭ ਸਤਿਕਾਰ 'ਚ ਕਰਦੇ ਓ।

ਪਰ...

ਮੇਰੇ ਅੰਦਰ ਸੂਲ਼ਾਂ ਵਾਂਗ ਚੁੱਭਦਾ ਹੈ...।

ਮੈਨੂੰ ਕੁੱਝ ਨੀ ਚਾਹੀਦਾ ਜੋ ਤੁਸੀਂ ਧੱਕੇ ਨਾਲ ਦੇ ਰਹੇ ਓ...।

ਜੋ ਮੈਨੂੰ ਚਾਹੀਦਾ ਹੈ ਓਹਦੇ ਬਾਰੇ ਕੋਈ ਗੱਲ ਕਰਨ ਨੂੰ ਵੀ ਤਿਆਰ ਨੀ...।

ਆਓ ਫੇਰ ਵਿਚਾਰ ਕਰੀਏ ਕੀ ਚਾਹੀਦਾ ਹੈ ਮੈਨੂੰ?

ਮੈਨੂੰ ਚਾਹੀਦੀ ਹੈ ਮੇਰੇ ਹਿੱਸੇ ਦੀ ਧਰਤੀ, ਜਿੱਥੇ ਮੈਂ ਮਨਮਰਜ਼ੀ ਨਾਲ ਪੈਰ ਪਸਾਰ ਸਕਾਂ...।

ਮੈਨੂੰ ਚਾਹੀਦਾ ਹੈ ਮੇਰੇ ਹਿੱਸੇ ਦਾ ਆਸਮਾਨ, ਜਿੱਥੇ ਮੈਂ ਮਨਮਰਜ਼ੀ ਨਾਲ ਪਰਵਾਜ਼ ਭਰ ਸਕਾਂ।

ਮੈਨੂੰ ਚਾਹੀਦਾ ਹੈ ਓਹ ਸਮਾਜ ਜਿੱਥੇ ਮੈਂ ਬਿਨ ਡਰ ਭੈਅ ਦੇ ਜੌਬ 'ਤੇ ਜਾਵਾਂ ਤੇ ਅੱਧੀ ਰਾਤ ਵੀ ਘਰ ਨੂੰ ਸੇਫ ਪਰਤ ਸਕਾਂ।

...ਦੇ ਸਕੋਗੇ?

ਜੇ ਦਿਓਗੇ ਤਾਂ ਆਓ ਮਨਾਈਏ ਔਰਤ ਦਿਵਸ।

ਨਹੀਂ ਐਵੇਂ ਫੋਕੀ ਵਾਹ-ਵਾਹ ਨਾਲ ਮੇਰਾ ਕੋਈ ਵਾਹ ਵਾਸਤਾ ਨੀ...।

ਇੱਥੇ ਸਮਾਂ ਖਰਾਬ ਕਰਨ ਨਾਲੋਂ ਮੈਂ ਇਹ ਪਲ ਲਾਵਾਂਗੀ ਆਉਣ ਵਾਲੀ ਪੀੜ੍ਹੀ ਦੇ ਨਾਮ।

ਸਮਝਾਵਾਂਗੀ ਆਪਣੇ ਮੁੰਡਿਆਂ ਨੂੰ ਔਰਤ ਨੂੰ ਕੀ ਚਾਹੀਦਾ ਹੈ ਓਹ ਦੇਣ ਲਈ ਆਪ ਤਿਆਰ ਹੋਣ ਤੇ ਨਾਲਦਿਆਂ ਨੂੰ ਵੀ ਕਰਨ।

ਤਿਆਰ ਕਰਾਂਗੀ ਆਪਣੀਆਂ ਨਿੱਕੀਆਂ ਨਿੱਕੀਆਂ ਕਾਸ਼ਨੀਆਂ ਤੇ ਰਬਾਬਾਂ ਨੂੰ।

ਨਕਾਰਨੀ ਹੈ ਪਹਿਲੀ ਕਤਾਰ, ਨਕਾਰਨੀ ਹੈ ਪੂਜਣਯੋਗਤਾ, ਨਕਾਰਨੀ ਹੈ ਅਸਹਿ ਦਰਦ ਦੀ ਸਹਿਣ-ਸ਼ਕਤੀ।

ਧਰਤੀ, ਆਸਮਾਨ ਤੇ ਬੇ-ਭੈਅ ਸਮਾਜ ਤੋਂ ਉਰੇ ਕੁਝ ਨੀ ਬੱਸ।

ਕੁਲਦੀਪ ਕੌਰ ਸੰਧੂ

# ਫ਼ਿਲਮ ਲੋਕ

## 'ਸਰਵਗੁਣ ਸੰਪੰਨ' ਇਸ਼ਵਾਕ ਸਿੰਘ



18 ਨਵੰਬਰ 1989 ਨੂੰ ਨਵੀਂ ਦਿੱਲੀ ਵਿਚ ਪੈਦਾ ਹੋਏ ਐਕਟਰ ਇਸ਼ਵਾਕ ਸਿੰਘ ਨੇ ਆਰਕੀਟੈਕਟ ਬਣਨ ਲਈ ਪੜ੍ਹਾਈ ਕੀਤੀ ਅਤੇ ਦਿੱਲੀ ਦੇ ਇਕ ਬੀਏਟਰ ਗਰੁੱਪ ਅਸਮਿਤਾ ਦੁਨੀਆ ਵਿਚ ਕਦਮ ਰੱਖਿਆ। ਇਸ਼ਵਾਕ ਸਿੰਘ ਆਪਣੇ ਕਰੀਅਰ ਵਿਚ ਹੁਣ ਤੱਕ 'ਰਾਂਝਣਾ', 'ਅਲੀਗੜ੍ਹ', 'ਤਮਾਸ਼ਾ', 'ਤੁਮ ਬਿਨ-2', 'ਵੀਰੇ ਦੀ ਵੈਡਿੰਗ', 'ਮਲਾਲ', 'ਅਨਪੋਜ਼ਡ', 'ਤੁਮਸੇ ਨਾ ਹੋ ਪਾਏਗਾ' ਅਤੇ 'ਬਰਲਿਨ' ਵਰਗੀਆਂ ਫ਼ਿਲਮਾਂ ਦੀਆਂ ਛੋਟੀਆਂ-ਮੋਟੀਆਂ ਭੂਮਿਕਾਵਾਂ ਵਿਚ ਨਜ਼ਰ ਆ ਚੁੱਕੇ ਹਨ।

ਵੈੱਬ ਸੀਰੀਜ਼ 'ਪਾਤਾਲ ਲੋਕ' ਜ਼ਰੀਏ ਇਸ਼ਵਾਕ ਸਿੰਘ ਨੇ ਓ.ਟੀ.ਟੀ. ਦੀ ਦੁਨੀਆ ਵਿਚ ਕਦਮ ਰੱਖਿਆ ਸੀ। ਉਸ ਤੋਂ ਬਾਅਦ ਉਹ 'ਰਾਕੇਟ ਬੁਆਏਜ਼', 'ਅਧੂਰਾ' ਅਤੇ 'ਮੇਡ ਇਨ ਹੈਵਨ' ਵਰਗੀਆਂ ਵੈੱਬ ਸੀਰੀਜ਼ ਵਿਚ ਨਜ਼ਰ ਆ ਚੁੱਕੇ ਹਨ। ਹਾਲ ਹੀ ਵਿਚ ਉਸ ਦੀ ਵੈੱਬ ਸੀਰੀਜ਼ 'ਪਾਤਾਲ ਲੋਕ ਸੀਜ਼ਨ-2' ਰਿਲੀਜ਼ ਹੋਈ ਹੈ। ਇਸ਼ਵਾਕ ਸਿੰਘ ਇਨ੍ਹੀਂ ਦਿਨੀਂ ਆਪਣੀ ਸਫ਼ਲਤਾ ਨੂੰ ਰੱਜ ਕੇ ਮਾਣ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਇਸ ਸਨਅਤ ਵਿਚ ਹਰ ਸਫ਼ਲਤਾ ਤੁਹਾਨੂੰ ਅਗਲੇ ਮੁਕਾਮ ਤੱਕ ਲੈ ਜਾਂਦੀ ਹੈ ਅਤੇ ਮੈਂ ਇਸ ਸਫ਼ਰ ਨੂੰ ਪੂਰੀ ਤਰ੍ਹਾਂ ਜੀਅ ਰਿਹਾ ਹਾਂ।

'ਟਾਈਮਸ 50 ਮੋਸਟ ਡਿਜ਼ਾਇਰੇਬਲ ਮੈਨ 2020' ਦੀ ਸੂਚੀ ਵਿਚ 18ਵਾਂ ਸਥਾਨ ਹਾਸਿਲ ਕਰ ਚੁੱਕੇ ਇਸ਼ਵਾਕ ਸਿੰਘ ਛੇਤੀ ਹੀ 'ਤੁਮਕੋ ਮੇਰੀ ਕਸਮ', 'ਗਾਂਧਾਰੀ' ਅਤੇ 'ਸਰਵਗੁਣ ਸੰਪੰਨ' ਫ਼ਿਲਮਾਂ ਵਿਚ ਨਜ਼ਰ ਆਉਣਗੇ। ਉਸ ਦੀਆਂ ਪਹਿਲੀਆਂ ਦੋ ਫ਼ਿਲਮਾਂ ਦੀ ਸ਼ੂਟਿੰਗ ਚੱਲ ਰਹੀ ਹੈ ਜਦ ਕਿ ਫ਼ਿਲਮ 'ਸਰਵਗੁਣ ਸੰਪੰਨ' ਦਾ ਪੋਸਟ-ਪ੍ਰੋਡਕਸ਼ਨ ਜਾਰੀ ਹੈ। ਉਸ ਦੀ ਇਹ ਫ਼ਿਲਮ ਇਸੇ ਸਾਲ ਰਿਲੀਜ਼ ਹੋਵੇਗੀ।

## ਮੀਡੀਆ ਤੋਂ ਪ੍ਰੇਸ਼ਾਨ ਹੈ ਪੂਜਾ ਹੇਗੜੇ

ਸੁਪਰ ਸਟਾਰ ਜਾਂ ਸਟਾਰ ਹੀਰੋ ਵੀ ਮਿਲੇ ਤੇ ਵੱਡੇ-ਵੱਡੇ ਬੈਨਰ ਵੀ ਪਰ 'ਦੇਖ ਕਰਮਾਂ ਦਿਆ ਬਲੀਆ ਰਿੱਧੀ ਖੀਰ ਤੇ ਬਣਿਆ ਦਲੀਆ', ਅਜਿਹਾ ਹੀ ਜਿਸ ਹੀਰੋਇਨ ਨਾਲ ਵਾਪਰਿਆ ਹੈ, ਉਹ ਹੈ ਪੂਜਾ ਹੇਗੜੇ। ਸਲਮਾਨ ਖ਼ਾਨ, ਰਣਵੀਰ ਸਿੰਘ ਤੇ ਪ੍ਰਭਾਸ ਤੱਕ ਨਾਲ ਫ਼ਿਲਮਾਂ ਕੀਤੀਆਂ ਪਰ ਅਸਫ਼ਲਤਾ ਲਫਜ਼ ਹੀ ਹਮੇਸ਼ਾ ਪੂਜਾ ਹੇਗੜੇ ਦੀ ਝੋਲੀ 'ਚ ਪਿਆ ਹੈ। 'ਦੇਵਾ' ਫ਼ਿਲਮ ਵੀ ਫਲਾਪ ਹੋ ਗਈ ਹੈ ਤੇ ਹੁਣ ਸਾਰੇ ਹੀ ਆਖ ਰਹੇ ਹਨ ਕਿ ਪੂਜਾ ਹੇਗੜੇ ਕਿਸਮਤ ਦੀ ਹੋਲੀ ਹੈ, ਜਿਸ ਵੀ ਫ਼ਿਲਮ 'ਚ ਆਉਂਦੀ ਹੈ, ਉਹ ਡੁੱਬ ਜਾਂਦੀ ਹੈ। ਹੁਣ ਲੈ ਦੇ ਕੇ ਇਕ ਹੀ ਫ਼ਿਲਮ ਹੈ 'ਰੈਟਰ' ਜਿਸ ਤੋਂ ਆਸ ਹੈ ਕਿ ਫੇਲ੍ਹ ਨਾਇਕਾ ਦਾ ਆਪਣੇ 'ਤੇ ਲੱਗਿਆ ਦਾਗ ਉਹ ਧੋ ਦੇਵੇਗੀ। ਕਿਹਾ ਜਾਂਦਾ ਹੈ ਕਿ ਪੂਜਾ ਜ਼ਰੂਰਤ ਤੋਂ ਜ਼ਿਆਦਾ ਸੋਚਦੀ ਹੈ ਤੇ ਇਹ ਜ਼ਿਆਦਾ ਸੋਚ ਕੇ ਫੈਸਲੇ ਲੈਣ ਵਾਲੀ ਗੱਲ ਕਰਨ ਪੂਜਾ ਨੂੰ ਲੈਣੇ ਦੇ ਦੇਣੇ ਪੈ ਜਾਂਦੇ ਹਨ। ਵੇਸੇ ਕਮਾਲ ਹੈ ਕਿ ਪੂਜਾ ਦੱਖਣ 'ਚ ਹਿੱਟ ਹੈ ਪਰ ਬਾਲੀਵੁੱਡ 'ਚ ਉਸ ਨੂੰ 'ਨਾਕਾਮਯਾਬ ਨਾਇਕਾ' ਤੱਕ ਕਿਹਾ ਜਾਂਦਾ ਹੈ ਤੇ ਇਹ ਵੀ ਕਿ ਉਹ ਆਪ ਤਾਂ ਡੁੱਬਦੀ ਹੈ ਪਰ ਦੂਸਰਿਆਂ ਨੂੰ ਵੀ ਡੋਬ ਦਿੰਦੀ ਹੈ। ਪੂਜਾ ਵੈਸੇ ਜ਼ਰੂਰਤ ਤੋਂ ਜ਼ਿਆਦਾ ਸੋਚਣ ਵਾਲੇ ਇਨਸਾਨਾਂ ਦੇ ਕਲੱਬ ਦੀ ਪ੍ਰਧਾਨ ਵੀ ਹੈ। ਉਹ ਆਪ ਮੰਨ ਰਹੀ ਹੈ ਕਿ ਉਹ ਸਮੇਂ ਤੋਂ ਪਹਿਲਾਂ ਹੀ ਸੋਚਣ ਲੱਗ ਪੈਂਦੀ ਹੈ ਤੇ ਇਹੀ ਗੱਲ ਉਸ ਨੂੰ ਨੁਕਸਾਨ ਪਹੁੰਚਾ ਦਿੰਦੀ ਹੈ। ਹੁਣ ਇਕ ਹੀ ਫ਼ਿਲਮ ਹੈ ਜਿਸ 'ਤੇ ਪੂਜਾ ਦਾ ਸਾਰਾ ਧਿਆਨ ਹੈ ਤੇ ਉਹ ਹੈ 'ਰੈਟਰੋ', ਜਿਸ 'ਚ ਉਸ ਨਾਲ ਦੱਖਣ ਦਾ ਸਟਾਰ ਸੁਰਯਾ ਹੈ। ਪੂਜਾ ਨੇ ਪਹਿਲੀ ਵਾਰ ਤਾਮਿਲ ਭਾਸ਼ਾ ਦੀ ਇਸ ਫ਼ਿਲਮ ਲਈ ਆਪਣੀ ਡਬਿੰਗ ਆਪ ਕੀਤੀ ਹੈ। 'ਰੈਟਰੋ' ਉਸ ਲਈ ਕਿਸਮਤ ਵਾਲੀ ਫ਼ਿਲਮ ਸਾਬਤ ਹੋ ਰਹੀ ਹੈ। 'ਕੰਚਨਾ-4', 'ਜਨਕਾਇਕਨ' ਤੇ 'ਕੂਲੀ' ਖ਼ਾਸ ਭੂਮਿਕਾ ਵਾਲੀਆਂ ਇਹ ਤਿੰਨ ਫ਼ਿਲਮਾਂ ਉਸ ਨੂੰ ਮਿਲ ਗਈਆਂ ਹਨ। ਇਧਰ ਅੱਲੂ ਅਰਜਨ ਦੇ ਦੀਵਾਨੇ ਪੂਜਾ ਨਾਲ ਨਾਰਾਜ਼ ਹਨ ਕਿ ਉਹ ਉਸ ਦੀਆਂ ਫ਼ਿਲਮਾਂ ਦੀ ਭਾਸ਼ਾ ਗਲਤ ਦੱਸ ਰਹੀ ਹੈ, ਹਾਲਾਂਕਿ ਪੂਜਾ ਹੇਗੜੇ ਨੇ ਕਿਹਾ ਹੈ ਕਿ ਉਸ ਦੀ ਜ਼ੁਬਾਨ ਗੋਤਾ ਖਾ ਗਈ ਸੀ ਪਰ ਦੀਵਾਨੇ ਜਦ ਕਿਸੇ 'ਤੇ ਤਵਾ ਲਾਉਂਦੇ ਹਨ ਤਦ ਉਨ੍ਹਾਂ ਨੂੰ ਰੋਕਣਾ ਮੁਸ਼ਕਿਲ ਹੋ ਜਾਂਦਾ ਹੈ। ਪੂਜਾ ਨੇ ਪਿਛਲੇ ਸਮੇਂ ਦੌਰਾਨ 45 ਕਰੋੜ ਦਾ ਆਲੀਸ਼ਾਨ ਘਰ ਬਾਂਦਰਾ (ਮੁੰਬਈ) 'ਚ ਖਰੀਦਿਆ ਹੈ ਤੇ ਆਪਣਾ ਜਨਮ ਦਿਨ ਸ੍ਰੀਲੰਕਾ ਵਿਖੇ ਮਨਾਉਣ ਦੇ ਸੰਬੰਧ 'ਚ ਪੂਜਾ ਹੇਗੜੇ ਨੇ ਦਲੀਲ ਦਿੱਤੀ ਕਿ ਪਤਾ ਨਹੀਂ ਕਿਉਂ ਉਥੇ ਜਨਮ ਦਿਨ ਮਨਾਉਣ ਦਾ ਉਸ ਨੂੰ ਕੁਦਰਤੀ ਮਜ਼ਾ ਆਉਂਦਾ ਹੈ। ਜਦ ਮੀਡੀਆ ਉਸ ਨੂੰ ਲਗਾਤਾਰ ਤਿੰਨ-ਚਾਰ ਸਵਾਲ ਪੁੱਛਦਾ ਹੈ ਕਿ ਕਿਸਮਤ ਤਾਂ ਤੁਹਾਡੀ ਤੇਜ਼ ਸੀ ਕਿ ਸੁਪਰ ਸਿਤਾਰਿਆਂ ਨਾਲ ਫ਼ਿਲਮਾਂ ਮਿਲ ਗਈਆਂ ਪਰ ਕਿਸਮਤ ਉਸ ਦੀ ਮਾੜੀ ਹੈ ਕਿ ਸਾਰੀਆਂ ਹੀ ਫ਼ਿਲਮਾਂ ਫੇਲ੍ਹ ਹੋ ਗਈਆਂ ਤਾਂ ਗੁੱਸੇ 'ਚ ਲੋਹੀ ਲਾਖੀ ਹੋਈ ਪੂਜਾ ਨੇ ਜਵਾਬ ਦਿੱਤਾ ਕਿ ਮੀਡੀਆ ਨੂੰ ਮੇਰੇ ਤੋਂ ਸਮੱਸਿਆ ਕੀ ਹੈ ?



## ਮੁਸ਼ਕਿਲਾਂ ਤੋਂ ਨਾ ਘਬਰਾਉਣ ਵਾਲੀ ਅਦਾਕਾਰਾ ਭੂਮਿਕਾ ਮੀਨਾ

ਫ਼ਿਲਮ ਸਨਅਤ ਦੀ ਉੱਭਰਦੀ ਹੋਈ ਅਦਾਕਾਰਾ ਭੂਮਿਕਾ ਮੀਨਾ 'ਚਿੜੀਆ ਉੜ' ਵਿਚ ਜੈਕੀ ਸ਼ਰਾਫ਼, ਮੀਤਾ ਵਸ਼ਿਸ਼ਠ ਅਤੇ ਸਿਕੰਦਰ ਖੇਰ ਵਰਗੇ ਵੱਡੇ ਕਲਾਕਾਰਾਂ ਨਾਲ 'ਸਹਿਰ' ਦੀ ਮੁੱਖ ਭੂਮਿਕਾ ਵਿਚ ਨਜ਼ਰ ਆ ਰਹੀ ਹੈ। ਸਹਿਰ ਦੇ ਇਸ ਕਿਰਦਾਰ ਲਈ ਭੂਮਿਕਾ ਨੇ ਬਹੁਤ ਖੋਜ ਕੀਤੀ। ਖ਼ੁਦ ਨੂੰ ਕਰੈਕਟਰ ਵਿਚ ਹੂ-ਬ-ਹੂ ਉਤਾਰਨ ਦੇ ਇਰਾਦੇ ਨਾਲ ਉਹ ਦੋ-ਤਿੰਨ ਵਾਰ ਮੁੰਬਈ ਦੇ ਰੈੱਡ ਲਾਈਟ ਏਰੀਆ ਕਮਾਠੀਪੁਰਾ ਵੀ ਗਈ ਸੀ। ਇਸ ਭੂਮਿਕਾ ਨੂੰ ਨਿਭਾਉਣ ਵਿਚ ਉਸ ਨੂੰ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਅਤੇ ਚੁਣੌਤੀਆਂ ਸਾਹਮਣੇ ਆਈਆਂ। ਪਰ ਮੁਸ਼ਕਿਲਾਂ ਤੋਂ ਉਹ ਬਿਲਕੁਲ ਨਹੀਂ ਘਬਰਾਈ ਅਤੇ ਆਪਣੇ ਇਸ ਕਿਰਦਾਰ ਨੂੰ ਉਸ ਨੇ ਬੇਹੱਦ ਸ਼ਾਨਦਾਰ ਢੰਗ ਨਾਲ ਅਦਾ ਕੀਤਾ। ਭੂਮਿਕਾ ਐਕਟਿੰਗ ਨੂੰ ਲੈ ਕੇ ਏਨੀ ਪੈਸ਼ਨੇਟ ਸੀ ਕਿ ਮਾਪਿਆਂ ਦੇ ਇਤਰਾਜ਼ ਦੇ ਬਾਵਜੂਦ ਉਨ੍ਹਾਂ ਤੋਂ ਇਜਾਜ਼ਤ ਲਏ ਬਿਨਾਂ ਹੀ ਉਹ ਦਿੱਲੀ ਤੋਂ ਮੁੰਬਈ ਆ ਗਈ। ਮੁੰਬਈ ਵਰਗੇ ਨਵੇਂ ਸ਼ਹਿਰ ਵਿਚ ਭੂਮਿਕਾ ਦਾ ਸਾਹਮਣਾ ਨਵੀਆਂ ਚੁਣੌਤੀਆਂ ਨਾਲ ਹੋਇਆ।



ਆਡੀਸ਼ਨ ਦੇਣਾ ਅਤੇ ਰਿਜੈਕਟ ਹੋਣਾ,ਸਾਰੀਆਂ ਚੀਜ਼ਾਂ ਚੱਲ ਰਹੀਆਂ ਸਨ ਕਿ ਉਦੋਂ ਦਿੱਲੀ ਵਿਚ 6 ਮਹੀਨੇ ਤੱਕ ਦੀ ਕੀਤੀ ਗਈ ਬੱਚਤ ਦੋ ਮਹੀਨਿਆਂ ਵਿਚ ਹੀ ਖ਼ਤਮ ਹੋ ਗਈ। ਇਸ ਤਰ੍ਹਾਂ ਆਰਥਿਕ ਤੌਰ 'ਤੇ ਉਸ ਨੂੰ ਕਾਫ਼ੀ ਸੰਘਰਸ਼ ਕਰਨਾ ਪਿਆ। ਛੋਟੀਆਂ-ਮੋਟੀਆਂ ਐਡ ਫ਼ਿਲਮਾਂ ਕਰਦੇ ਹੋਏ ਭੂਮਿਕਾ ਘਾਟਾਂ ਦੇ ਨਾਲ ਜੀਵਨ ਬਤੀਤ ਕਰਦੀ ਰਹੀ। ਹੌਲੀ-ਵਰਗੇ ਵੱਡੇ ਨਾਲ ਐਡ ਫ਼ਿਲਮਾਂ ਮਿਲਣ ਲੱਗੀਆਂ। ਇਹ ਸਭ ਲਗਭਗ 3 ਸਾਲ ਤੱਕ ਚਲਦਾ ਰਿਹਾ, ਉਦੋਂ ਕਿਤੇ ਜਾ ਕੇ ਉਸ ਨੂੰ ਡਿਜ਼ਨੀ- ਹਾਟਸਟਾਰ ਦੀ ਲਘੂ ਫ਼ਿਲਮ 'ਚੂਹੇਦਾਨੀ' ਮਿਲੀ।

ਇਸ ਫ਼ਿਲਮ ਲਈ ਕਈ ਫ਼ਿਲਮ ਸਮਾਰੋਹਾਂ ਵਿਚ ਉਸ ਨੂੰ ਸਰਬੋਤਮ ਅਭਿਨੇਤਰੀ ਦੇ ਰੂਪ ਵਿਚ ਵੀ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਉਸ ਦੀ ਐਕਟਿੰਗ ਯਾਤਰਾ ਸ਼ੁਰੂ ਹੋ ਗਈ ਪਰ ਉਸ ਤੋਂ ਬਾਅਦ ਇਕ ਲੰਮੇ ਸਮੇਂ ਤੱਕ ਉਸ ਨੂੰ ਕੋਈ ਨਵਾਂ ਕੰਮ ਨਾ ਮਿਲਿਆ। ਪਰ ਫਿਰ ਅਚਾਨਕ ਭੂਮਿਕਾ ਨੂੰ ਕੰਮ ਮਿਲਣ ਦਾ ਜੋ ਸਿਲਸਿਲਾ ਸ਼ੁਰੂ ਹੋਇਆ ਉਹ ਹੁਣ ਤੱਕ ਜਾਰੀ ਹੈ । ਉਹ ਹੁਣ ਤੱਕ 'ਦੁਕਾਨ', ਅਮੈਜ਼ਨ 'ਤੇ ਆਈ ਮਿਨੀ ਸੀਰੀਜ਼, 'ਸਲੱਮ ਗੋਲਫ਼' ਅਤੇ 'ਚਿੜੀਆ ਉੜ' ਵਰਗੇ ਕਈ ਪ੍ਰੋਜੈਕਟ ਕਰਦੇ ਹੋਏ ਆਪਣੀ ਬਹੁਪੱਖੀ ਪ੍ਰਤਿਭਾ ਦੀ ਪਛਾਣ ਬਣਾ ਚੁੱਕੀ ਹੈ।

## ਫ਼ਿਲਮਾਂ ਦਿਲਾਂ ਨੂੰ ਜੋੜਦੀਆਂ ਹਨ: ਕੀਰਤੀ ਕੁਲਹਰੀ

ਆਪਣੀ ਕਾਬਲੀਅਤ ਦੇ ਦਮ 'ਤੇ ਬਾਲੀਵੁੱਡ ਵਿਚ ਇਕ ਵੱਖਰੀ ਪਛਾਣ ਬਣਾਉਣ ਵਾਲੀ ਅਦਾਕਾਰਾ ਕੀਰਤੀ ਕੁਲਹਰੀ 7 ਫਰਵਰੀ ਨੂੰ ਰਿਲੀਜ਼ ਹੋਈ ਫ਼ਿਲਮ 'ਬੈਡਐਸ ਰਵੀ ਕੁਮਾਰ' ਵਿਚ ਹਿਮੇਸ਼ ਰੇਸ਼ਮੀਆ ਨਾਲ ਲੈਲਾ ਦੇ ਕਿਰਦਾਰ ਵਿਚ ਨਜ਼ਰ ਆਈ। ਇਸ ਤੋਂ ਪਹਿਲਾਂ ਇਸੇ ਸਾਲ ਜਨਵਰੀ ਵਿਚ ਰਿਲੀਜ਼ ਆਰ. ਮਾਧਵਨ ਦੀ ਮੁੱਖ ਭੂਮਿਕਾ ਵਾਲੀ ਫ਼ਿਲਮ 'ਹਿਸਾਬ ਬਰਾਬਰ' ਵਿਚ ਉਸ ਨੇ ਇੰਸਪੈਕਟਰ ਪੂਨਮ ਜੋਸ਼ੀ ਦਾ ਜੋ ਕਿਰਦਾਰ ਨਿਭਾਇਆ, ਉਸ ਲਈ ਵੀ ਉਸ ਦੀ ਕਾਫ਼ੀ ਸਰਾਹਨਾ ਹੋਈ। ਫ਼ਿਲਮ 'ਪਿੰਕ' ਅਤੇ ਵੈੱਬ ਸੀਰੀਜ਼ 'ਕ੍ਰਿਮੀਨਲ ਜਸਟਿਸ : ਬਿਹਾਈਂਡ ਕਲੋਜ਼ਡ ਡੋਰ' ਵਿਚ ਆਪਣੀ ਜ਼ਬਰਦਸਤ ਐਕਟਿੰਗ ਰੇਂਜ ਕੀਰਤੀ ਕੁਲਹਰੀ ਰਾਜਸਥਾਨ ਦੇ ਝੁੰਜਨੂੰ ਜ਼ਿਲ੍ਹੇ ਵਿਚ ਇਕ ਜਾਟ ਪਰਿਵਾਰ ਨਾਲ ਸੰਬੰਧਿਤ ਹੈ।

ਕੀਰਤੀ ਕੁਲਹਰੀ ਦੇ ਪਿਤਾ ਭਾਰਤੀ ਨੇਵੀ ਵਿਚ ਸਨ। ਨੌਕਰੀ ਕਰਦੇ ਹੋਏ ਉਹ ਮੁੰਬਈ ਸ਼ਿਫਟ ਹੋ ਗਏ ਸਨ। ਇਥੇ ਮੁੰਬਈ ਦੇ ਕੋਲਾਬਾ ਵਿਚ 30 ਮਈ, 1985 ਨੂੰ ਕੀਰਤੀ ਕੁਲਹਾਰੀ ਦਾ ਜਨਮ ਹੋਇਆ। 'ਪੱਤਰਕਾਰਤਾ' ਅਤੇ 'ਜਨਸੰਚਾਰ' ਵਿਚ ਪੋਸਟ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਕੀਰਤੀ ਕੁਲਹਰੀ ਨੇ ਮਾਡਲਿੰਗ ਨੂੰ ਆਪਣੇ ਕਰੀਅਰ ਦੇ ਤੌਰ 'ਤੇ ਚੁਣਿਆ। ਇਸ ਦੌਰਾਨ ਉਸ ਦਾ ਨੀਵੀਆ ਕ੍ਰੀਮ ਵਾਲਾ ਐਡ ਕਾਫ਼ੀ ਪ੍ਰਸਿੱਧ ਹੋਇਆ ਸੀ।



ਮਾਡਲਿੰਗ ਕਰਦੇ ਹੋਏ ਉਸ ਨੂੰ ਉੜੀਆ ਭਾਸ਼ਾ ਵਿਚ ਬਣੀ ਫ਼ਿਲਮ 'ਧਾਰਿਣੀ' ਦੀ ਪੇਸ਼ਕਸ਼ ਮਿਲੀ ਪਰ ਬਦਕਿਸਮਤੀ ਨਾਲ ਉਸ ਦੀ ਇਹ ਫ਼ਿਲਮ ਵਿਚਾਲੇ ਹੀ ਅਟਕ ਗਈ।

ਆਤਿਸ਼ ਕਪਾੜੀਆ ਦੇ ਨਿਰਦੇਸ਼ਨ ਵਿਚ ਬਣੀ ਫ਼ਿਲਮ 'ਖਿਚੜੀ : ਦ ਮੂਵੀ' ਜ਼ਰੀਏ ਕਰੀਤੀ ਕੁਲਹਰੀ ਨੇ ਬਾਲੀਵੁੱਡ ਵਿਚ ਕਦਮ ਰੱਖਿਆ ਸੀ। ਇਸ ਤੋਂ ਬਾਅਦ ਉਹ ਵਿਜਾਯ ਨਾਂਬੀਯਾਰ ਦੀ ਫ਼ਿਲਮ 'ਸ਼ੈਤਾਨ' ਵਿਚ ਨਜ਼ਰ ਆਈ। ਕੀਰਤੀ ਨੂੰ ਫ਼ਿਲਮ 'ਪਿੰਕ' ਨੇ ਜ਼ਬਰਦਸਤ ਪਛਾਣ ਦਿੱਤੀ। ਇਸ ਫ਼ਿਲਮ ਤੋਂ ਬਾਅਦ ਉਸ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ। ਇਕ ਦਹਾਕੇ ਤੋਂ ਜ਼ਿਆਦਾ ਦੇ ਕਰੀਅਰ ਵਿਚ ਕੀਰਤੀ ਕੁਲਹਰੀ ਨੇ 'ਪਿੰਕ', 'ਇੰਦੂ ਸਰਕਾਰ', 'ਬਲੈਕਮੇਲ', 'ਉੜੀ : ਦ ਸਰਜੀਕਲ ਸਟ੍ਰਾਈਕ' (2019) ਅਤੇ 'ਦ ਗਰਲ ਆਨ ਦ ਟ੍ਰੇਨ' (2021) ਵਰਗੀਆਂ ਕਾਫ਼ੀ ਘੱਟ ਪਰ ਚੋਣਵੀਆਂ ਫ਼ਿਲਮਾਂ ਕੀਤੀਆਂ ਹਨ।

ਕੀਰਤੀ ਨੇ ਜੀਓ ਹਾਟ ਸਟਾਰ 'ਤੇ ਆਨ ਸਟੀਮ ਹੋਈ ਵੈੱਬ ਸੀਰੀਜ਼ 'ਕ੍ਰਿਮੀਨਲ ਜਸਟਿਸ ਬਿਹਾਈਂਡ ਕਲੋਜ਼ਡ ਡੋਰ' (2020) ਵਿਚ ਅਨੁਰਾਧਾ ਚੰਦਰਾ ਦਾ ਮੁਸ਼ਕਿਲ ਕਿਰਦਾਰ ਬਹੁਤ ਸੌਖਿਆਂ ਹੀ ਨਿਭਾਇਆ ਸੀ। ਵੈੱਬ ਸੀਰੀਜ਼ 'ਹਿਊਮਨ (2022) ਵਿਚ ਡਾ. ਸਾਇਰਾ ਸੱਭਰਵਾਲ ਦੇ ਕਿਰਦਾਰ ਵਿਚ ਕੀਰਤੀ ਦਾ ਕੰਮ ਜ਼ਬਰਦਸਤ ਸੀ। ਵੈੱਬ ਸੀਰੀਜ਼ 'ਫੋਰ ਮੋਰ ਸ਼ਾਟਸ' ਦੇ ਹੁਣ ਤੱਕ ਤਿੰਨ ਸੀਜ਼ਨ ਆ ਚੁੱਕੇ ਹਨ ਅਤੇ ਤਿੰਨਾਂ ਵਿਚ ਕੀਰਤੀ ਦੀ ਪੇਸ਼ਕਾਰੀ ਨੂੰ ਬਹੁਤ ਪਸੰਦ ਕੀਤਾ ਗਿਆ। ਸੀਰੀਜ਼ ਦਾ ਪਹਿਲਾ ਸੀਜ਼ਨ 2019, ਦੂਜਾ ਸੀਜ਼ਨ 2020 ਅਤੇ ਤੀਜਾ ਸੀਜ਼ਨ ਅਕਤੂਬਰ, 2022 ਵਿਚ ਆਇਆ ਸੀ। ਇਸ ਸੀਰੀਜ਼ ਵਿਚ ਕੀਰਤੀ ਕੁਲਹਾਰੀ ਨੇ ਕਾਫ਼ੀ ਆਕਰਸ਼ਕ ਦ੍ਰਿਸ਼ ਵੀ ਦਿੱਤੇ ਸਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2169 Charger Dr San Jose CA 95131
2. 9550 Appaloosa Pl Elk Grove CA 95624
3. 9810 Bobcat Ct Gilroy CA 95020
4. 3033 Pellier Pl San Jose CA 95135
5. 106 Coralflower Ln, San Ramon, CA 94582
6. 305 Toscana Way Hayward CA 94545
7. 6388 Broadway Ave Newark CA 94560
8. 985 Silver Birch Ln Hayward CA 94544
9. 1672 Northgate Manteca CA 95336
10. 26676 Campeche St Hayward CA 94545
11. 1777 Osage Ave Hayward CA 94545
12. 2249 moody ave Hayward ca 94545
13. 9714 Fall Valley Way Sacramento CA 95829
14. 259 N Capitol Ave UNIT 156 San Jose, CA, 95127

## Purchase Loan and Refinance

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095